# ਚਿਰਾਗ

ਜਨਵਰੀ -ਮਾਰਚ 2001

**January -March 2001**

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

# ਚਿਰਾਗ



ਮੁੱਲ : ਪੰਦਰਾਂ ਰੁਪਏ -35- ਜਨਵਰੀ-ਮਾਰਚ, 2001

# ਚਿਰਾ.ਗ (ਤਿਮਾਹੀ)

ਜਨਵਰੀ-ਮਾਰਚ, 2001

**ਸੰਪਾਦਕ : ਹਰਭਜਨ ਸਿੰਘ ਹੁੰਦਲ ਸੰਪਾਦਕੀ ਮੰਡਲ : ਡਾ. ਕਰਮਜੀਤ ਸਿੰਘ**
**ਪ੍ਰਤੀਨਿਧ : ਅਵਤਾਰ ਸਾਦਕ (ਯੂ.ਕੇ.) ਸੁਰਜੀਤ ਗਿੱਲ, ਸੂ.ਫੀ ਅਮਰਜੀਤ**
**ਮਾਨ ਸਿੰਘ ਭਾਰਗਵ (ਜੰਮੂ).**


## ਤਤਕਰਾ


* ***ਸੰਪਾਦਕੀ ਟਿਪਣੀਆਂ*** - *1. ਸ਼ੋਰ ਪ੍ਰਦੂਸ਼ਨ ਦੇ ਸਿਰਜਕ ਅਤੇ ਰਾਖੇ, 2. ਪੰਜਾਬ ਸਰਕਾਰ ਦੇ ਸਾਹਿਤਕ ਪੁਰਸਕਾਰ।*
* ***ਇਸ ਅੰਕ ਦਾ ਵਿਸ਼ੇਸ਼ ਕਵੀ***- *ਪ੍ਰਵਾਸੀ ਕਵੀ ਉਂਕਾਰਪ੍ਰੀਤ ਦੀਆਂ ਚਾਰ ਕਵਿਤਾਵਾਂ।*
* ***ਕਹਾਣੀਆਂ*** : *ਤ੍ਰਿਸ਼ੰਕੂ (ਕੇਸਰਾ ਰਾਮ) ਝੱਖੀ (ਤਰਲੋਚਨ ਸਿੰਘ ਭਾਟੀਆ)*
* ***ਮੁਲਾਕਾਤ*** : *ਜਾਰਜ ਲੁਕਾਚ ਨਾਲ ਰਾਮ ਕੁਮਾਰ ਦੀ ਮੁਲਾਕਾਤ।*
* ***ਨਜ਼ਮਾਂ*** : *ਗੁਰਨਾਮ ਢਿਲੋਂ, ਵਿਸ਼ਾਲ, ਕੰਵਲਜੀਤ ਭੁੱਲਰ, ਦਰਸ਼ਨ ਬੁੱਟਰ।*
* ***.ਗਜ਼ਲਾਂ*** : *ਅਮਰਜੀਤ ਢੁੱਡੀਕੇ (ਚਾਰ .ਗਜ਼ਲਾਂ) ਕਸ਼ਮੀਰ ਨੀਰ, ਅਮਰਜੀਤ ਸੰਧਾਵਾਲੀਆ, ਕੰਵਰ ਇਕਬਾਲ।*
* ***ਵਾਦ-ਵਿਵਾਦ*** : *ਚੰਡੀਗੜ੍ਹ ਵਿਸ਼ਵ ਕਾਨਫਰੰਸ (ਸੂ.ਫੀ ਅਮਰਜੀਤ) ਮਾਂ ਬੋਲੀ ਪੰਜਾਬੀ (ਅਮਨਪਾਲ ਸਾਰਾ)*
* ***ਯਾਦਾਂ*** : *ਨੋਬਲ ਪੁਰਸਕਾਰ (ਪਾਬਲੋ ਨੇਰੂਦਾ)*
* ***ਵਾਘਿਓਂ ਪਾਰ*** : *ਸ਼ੇਖ਼ ਅੱਯਾਜ਼ ਦੀ ਸ਼ਾਇਰੀ, ਮੁਹੰਮਦ ਅਜ਼ਹਰ ਨਿਆਜ਼ੀ, ਨਿਸਾਰ ਅਲੀ ਗੌਹਰ ਸਲਮਾਨ ਸਈਦ, ਸ਼.ਫੀਕ ਕੁਰੈਸ਼ੀ, ਅਕਰਮ ਬਾਜਵਾ, ਰਫਾਕਤ ਹੁਸੈਨ ਮੁਸਤਾਜ਼*
* ***ਨਵੇਂ ਚਿਹਰੇ*** : *ਯੁਵਰਾਜ ਸ਼ਰਮਾ, ਜੈ ਪਾਲ, ਮਨਦੀਪ ਪੰਧੇਰ।*
* ***ਮੁਲਾਂਕਣ*** : *ਬੁੱਧ ਬੇਹੋਸ਼ ਹੈ (ਡਾ. ਸੁਰਜੀਤ ਸਿੰਘ)*
* ***ਪੁਸਤਕ ਪੜਚੋਲ*** : *ਬਾਗੀਂ ਚੰਬਾ ਖਿੜ ਰਿਹਾ (ਡਾ. ਕਰਮਜੀਤ ਸਿੰਘ) ਗੱਦਾਰ (ਪ੍ਰੋ. ਰਾਮ ਸਿੰਘ) ਆਧੁਨਿਕ ਪੰਜਾਬੀ ਕਹਾਣੀ (ਡਾ. ਸੁਖਪਾਲ ਸਿੰਘ ਥਿੰਦ) ਢਾਈ ਅੱਖਰ (ਸੁਲੱਖਣ ਸਰੱਹਦੀ)*
* ***ਖਿਆਲ ਆਪੋ ਆਪਣਾ*** : *ਕੁਲਵੰਤ ਸਿੰਘ ਸੂ.ਫੀ (ਅੰਮ੍ਰਿਤਸਰ) ਕਸ਼ਮੀਰ ਨੀਰ (ਯੂ.ਪੀ.) ਅਜਾਇਬ ਕਮਲ (ਹੁਸ਼ਿਆਰਪੁਰ)*
* ***ਪੁਸਤਕ ਪ੍ਰਾਪਤੀ***- ............



*Postal Address :*
*Harbhajan Singh Hundal,*
*V. Fatu Chak,*
*P.O. Dhitwan,*
*Distt. Kapurthala-144804*
*(Pb.) India.*
*Phone No. 01822-43188*



| | | |
|---|---|---|
| ਚੰਦਿਆਂ ਦਾ ਵੇਰਵਾ | : | |
| ਦੇਸ਼ ਵਾਰਸ਼ਿਕ | : | 50 ਰੁ. |
| ਇਕ ਪਰਚਾ | : | 15 ਰੁ. |
| ਸੰਸਥਾਵਾਂ (ਵਾਰਸ਼ਿਕ) | : | 50 ਰੁ. |
| ਬਦੇਸ਼, ਯੂ. ਕੇ. | : | 5 ਪੌਂਡ |
| ਵਾਰਸ਼ਿਕ (ਹੋਰ ਦੇਸ਼) | : | 300 ਰੁ. |

**ਨੋਟ- ਸਾਰੇ ਚੈੱਕ ਤੇ ਪੋਸਟਲ ਆਰਡਰ ਹਰਭਜਨ ਸਿੰਘ ਹੁੰਦਲ ਸੰਪਾਦਕ ਚਿਰਾ.ਗ ਦੇ ਨਾਂ ਭੇਜੇ ਜਾਣ**

ਚਿਰਾ.ਗ ਡਾਇਰੈਕਟਰ ਸਿਖਿਆ ਵਿਭਾਗ (ਸ) ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/1-96 ਐਡੀਟਰ (ਪੰ) ਮਿਤੀ 3-9-1996 ਦੇ ਅਨੁਸਾਰ ਹਾਈ/ਹਾਇਰ ਸੈਕੰਡਰੀ ਸਕੂਲਾਂ ਲਈ ਪ੍ਰਵਾਨ ਹੈ।


*ਸੰਪਾਦਕੀ*

## 1. ਸ਼ੋਰ ਪ੍ਰਦੂਸ਼ਨ ਦੇ ਸਿਰਜਕ ਅਤੇ ਰਾਖੇ

ਹਰ ਪ੍ਰਕਾਰ ਦਾ ਪ੍ਰਦੂਸ਼ਨ ਮਨੁੱਖ ਅਤੇ ਸਮੁੱਚੀ ਪ੍ਰਕਿਰਤੀ ਲਈ ਹਾਨੀਕਾਰਕ ਹੀ ਨਹੀਂ, ਸਗੋਂ ਹੁਣ ਤਾਂ ਮਾਰੂ ਹੋਣ ਤੱਕ ਅਪੜ ਗਿਆ ਹੈ। ਵਾਤਾਵਰਨ ਦੇ ਪ੍ਰਦੂਸ਼ਨ ਨੂੰ ਕਾਇਮ ਰੱਖਣ ਲਈ ਸਮੁੱਚਾ ਪੂੰਜੀਵਾਦੀ ਪ੍ਰਬੰਧ ਬਹਾਨੇ ਘੜ ਰਿਹਾ ਹੈ। ਕਿਉਂਕਿ ਇਸ ਨੂੰ ਕੰਟਰੋਲ ਕਰਨ ਲਈ, ਇਸ ਨੂੰ ਆਪਣੇ ਮੁਨਾਫਿਆਂ ਵਿਚੋਂ ਵੱਡੀਆਂ ਕੀਮਤਾਂ ਤਾਰਨੀਆਂ ਪੈ ਰਹੀਆਂ ਹਨ। ਵਿਸ਼ਵੀਕਰਨ ਦੀ ਜਾਨ ਲੇਵਾ ਪ੍ਰਦੂਸ਼ਨ ਗਹਿਰ ਦੀ ਲਹਿਰ, ਇਸ ਪ੍ਰਦੂਸ਼ਨ ਨੂੰ ਵਿਕਸਤ ਸਮਾਜ ਤੋਂ ਚੁੱਕ ਕੇ ਤੀਜੀ ਦੁਨੀਆਂ ਵਿਚ ਰੁਜ਼ਗਾਰ ਅਤੇ ਵਿਕਾਸ ਦੇ ਨਾਂ ਉਪਰ, ਸਮਾਂ ਵਿਹਾ ਚੁੱਕੀਆਂ ਮਸ਼ੀਨਾਂ ਲਿਆ ਕੇ ਪ੍ਰਦੂਸ਼ਨ ਦੇ ਸੋਮਿਆਂ ਵਜੋਂ ਬੀੜ ਰਹੀ ਹੈ। ਕੁਝ ਵਰ੍ਹੇ ਪਹਿਲਾਂ ਜਦੋਂ ਬਰਾਜ਼ੀਲ ਦੇ ਸਾਓਪਾਲੋ ਸ਼ਹਿਰ ਵਿਚ ਯੂ.ਐਨ.ਓ. ਵਲੋਂ ਆਯੋਜਤ ਪ੍ਰਦੂਸ਼ਨ ਖ਼ਤਮ ਕਰਨ ਲਈ ਸੰਸਾਰ ਸਮੇਲਨ ਹੋਇਆ ਸੀ ਤਾਂ ਉਸ ਸਮੇਂ, ਅਮਰੀਕਾ ਦੇ ਨਵੇਂ ਬਣੇ ਪ੍ਰਧਾਨ ਦੇ ਡੈਡੀ, ਸਾਬਕਾ ਪ੍ਰਧਾਨ ਜਾਰਜ ਬੁੱਸ਼ ਨੇ ਸਾਰੀ ਦੁਨੀਆਂ ਦੀਆਂ ਭਾਵਨਾਵਾਂ ਨੂੰ ਕੁਚਲ ਕੇ, ਇਸ ਨੂੰ ਕੰਟਰੋਲ ਲਈ ਸਮਾਂ ਮਿਥਣ ਤੋਂ ਕੋਰਾ ਇਨਕਾਰ ਕਰ ਦਿੱਤਾ ਸੀ। ਇਸ ਤੋਂ ਅੰਦਾਜ਼ਾ ਲਾ ਸਕਦੇ ਹਾਂ ਕਿ ਪ੍ਰਦੂਸ਼ਨ ਦੇ ਰਾਖੇ ਦੇ ਰੂਪ ਵਿਚ, ਅੱਜ ਸੰਸਾਰ ਦੀ ਇਕੋ ਇਕ ਸ਼ਕਤੀ ਸੰਯੁਕਤ ਰਾਜ ਅਮਰੀਕਾ ਸਭ ਤੋਂ ਮੋਹਰੀ ਹੈ।

ਜਿਥੋਂ ਤੱਕ ਸ਼ੋਰ ਪ੍ਰਦੂਸ਼ਨ ਦਾ ਸਵਾਲ ਹੈ ਇਹ ਵਿਕਸਤ ਦੇਸ਼ਾਂ ਵਿਚ ਲਗਪਗ ਪੂਰੀ ਤਰ੍ਹਾਂ ਲਾਗੂ ਹੈ। ਅਸਲ ਵਿਚ ਇਸ ਦੀ ਬੌਧਿਕ ਅਤੇ ਮਾਨਸਿਕ ਮਹਾਨਤਾ ਬਾਰੇ ਪੱਛਮੀ ਸੰਸਾਰ ਦੇ ਆਮ ਲੋਕ ਪੂਰੀ ਤਰ੍ਹਾਂ ਜਾਗਰੂਕ ਹਨ। ਇਹੋ ਕਾਰਨ ਹੈ ਕਿ ਵਾਤਾਵਰਨ ਦੇ ਪ੍ਰਦੂਸ਼ਨ ਨੂੰ ਕੰਟਰੋਲ ਕਰਨ ਦੀ ਸੰਸਾਰ ਵਿਆਪੀ ਲਹਿਰ ਦੇ ਉਹ ਮੋਹਰੀ ਹਨ।

ਪੱਛਮੀ ਸੰਸਾਰ ਵਿਚ ਕਿਧਰੇ ਵੀ ਲਾਊਡ ਸਪੀਕਰ ਨਹੀਂ ਸੁਣਿਆ ਜਾ ਸਕਦਾ। ਮੀਟਿੰਗਾਂ, ਟਿਕਟਾਂ, ਸਮਾਗਮਾਂ ਵਿਚ ਇਹ ਹਾਲ ਦੇ ਅੰਦਰ ਤੱਕ ਹੀ ਸੁਣਦਾ ਹੈ। ਕਿਧਰੇ ਬੱਸਾਂ, ਟਰੱਕਾਂ, ਕਾਰਾਂ ਆਦਿ ਦੇ ਨਾ ਛੋਟੇ, ਨਾ ਪ੍ਰੈਸ਼ਰ ਹਾਰਨ ਹੀ ਸੁਣਦੇ ਹਨ। ਨਾ ਹੀ ਬੱਸਾਂ ਵਿਚ ਟੇਪਾਂ ਉਪਰੋਂ, ਧਾਰਮਿਕ ਜਾਂ ਅਸ਼ਲੀਲ ਗੀਤਾਂ ਦਾ ਸ਼ੋਰ ਹੀ ਸੁਣਦੇ ਹਾਂ। ਸਾਡੇ ਦੇਸ਼ ਦੀ ਸਥਿਤੀ ਸ਼ੋਰ ਪ੍ਰਦੂਸ਼ਨ ਦੇ ਪੱਖੋਂ ਬੇਹੱਦ ਚਿੰਤਾਜਨਕ ਹੈ।

ਅਫਸੋਸ ਦੀ ਗੱਲ ਹੈ ਕਿ ਭਾਰਤ ਦੀ ਸੁਪਰੀਮ ਕੋਰਟ ਵਲੋਂ ਸ਼ੋਰ ਪ੍ਰਦੂਸ਼ਨ ਨੂੰ ਬੰਦ ਕਰਨ ਦੇ ਹੁਕਮਾਂ ਨੂੰ ਲਾਪਰਵਾਹੀ ਨਾਲ ਅਣਡਿੱਠ ਕੀਤਾ ਜਾ ਰਿਹਾ ਹੈ। ਪਰਿਆਵਰਨ ਦੀ ਮੰਤਰੀ ਮੇਨਕਾ ਗਾਂਧੀ ਜਿਹੜੀ ਕਈ ਸਾਂਝੇ ਫਰੰਟ ਦੇ ਸਮੇਂ ਖ਼ਬਰਾਂ ਵਿਚ ਪਹਿਲੇ ਸਫਿਆਂ ਉਪਰ ਛਪਦੀ ਹੁੰਦੀ ਸੀ, ਅਜੋਕੀ ਕੌਮੀ ਗੱਠਜੋੜ ਦੀ ਬਾਜਪਾਈ ਸਰਕਾਰ ਵਿਚ ਜਿਵੇਂ ਕਿਧਰੇ ਲੰਮੀ ਛੁੱਟੀ ਉਪਰ ਚਲੀ ਗਈ ਹੋਵੇ। ਜਾਪਦਾ ਹੈ ਕਿ ਉਸ ਨੂੰ ਅਮਰੀਕੀ ਸਾਮਰਾਜ ਤੇ ਬਾਜਪਾਈ ਸਰਕਾਰ ਵਲੋਂ ਸਖ਼ਤ ਹੁਕਮ ਦਿੱਤਾ ਗਿਆ ਹੋਇਆ ਹੈ ਕਿ ਉਸ ਨੇ ਪ੍ਰੀਆਵਰਨ ਸੰਬੰਧੀ ਮੂੰਹ ਨਹੀਂ ਖੋਲ੍ਹਣਾ ਹੈ। ਸੁਪਰੀਮ ਕੋਰਟ ਦੇ ਵਲੋਂ ਸ਼ੋਰ ਪ੍ਰਦੂਸ਼ਨ ਨੂੰ ਲਾਗੂ ਕਰਵਾਉਣ ਲਈ ਉਹ "ਲੋਕ ਪ੍ਰਤੀਨਿਧ" ਦੇ ਰੂਪ ਵਿਚ, ਮੁੱਖ ਤੌਰ ਉਪਰ ਜ਼ਿੰਮੇਵਾਰ ਹੈ। ਉਸ ਦੇ ਹੁਕਮਾਂ ਅਤੇ ਇਸ਼ਾਰੇ ਉਪਰ, ਉਸ ਦੇ ਵਿਭਾਗ ਨੇ ਹਰਕਤ ਵਿਚ ਆਉਣਾ ਹੈ। ਸ਼ਾਇਦ ਉਸ ਵਲੋਂ ਹੀ ਵਿਭਾਗ ਦੇ ਰਾਜਾਂ ਦੇ ਮੁੱਖ ਸਕੱਤਰਾਂ, ਡਾਇਰੈਕਟਰਾਂ, ਡਿਪਟੀ ਕਮਿਸ਼ਨਰਾਂ, ਐਸ.ਡੀ.ਐਮਜ਼ ਆਦਿ ਨੂੰ ਹਦਾਇਤ ਹੋਵੇ ਕਿ ਚੁੱਪ, ਪੂਰੀ ਤਰ੍ਹਾਂ ਚੁੱਪ ਰਹਿਣਾ ਹੈ। ਜਦੋਂ ਕਿ ਯੂ.ਐਨ.ਓ. ਦੇ ਮਤੇ ਦੇ ਕਾਰਨ ਸਾਰੇ ਸੰਸਾਰ ਦੇ ਦੇਸ਼ਾਂ ਨੂੰ ਪ੍ਰਦੂਸ਼ਨ ਕੰਟਰੋਲ ਲਈ ਹਦਾਇਤਾਂ ਹਨ। ਕਿਉਂਕਿ ਪ੍ਰਦੂਸ਼ਨ ਮਨੁੱਖੀ ਨਸਲ ਲਈ ਘਾਤਕ ਹੈ। ਪਰ ਜੇਕਰ ਪ੍ਰੀਆਵਰਨ ਦਾ ਮੰਤਰਾਲਾ ਹਰਕਤ ਵਿਚ ਆਉਂਦਾ ਹੈ ਤਾਂ ਅਮਰੀਕਨ ਸਾਮਰਾਜ ਦੀ ਨਾਰਾਜ਼ਗੀ ਝੱਲਣੀ ਸੌਖੀ ਨਹੀਂ ਹੋਵੇਗੀ। ਸਿਤਮ ਜ਼ਰੀਫੀ ਤਾਂ ਇਹ ਹੈ ਕਿ ਬਾਲ ਮਜ਼ਦੂਰੀ ਆਦਿ ਦੇ ਨਾਂ ਉਪਰ ਤਾਂ ਅਮਰੀਕਾ ਕੱਪੜੇ ਤੇ ਗਾਰਮੈਂਟ ਦੇ ਹੋਰ ਸਾਮਾਨ ਦੇ ਵਪਾਰ ਨੂੰ ਤਾਂ ਰੋਕ ਸਕਦਾ ਹੈ ਪ੍ਰੰਤੂ ਪ੍ਰੀਆਵਰਨ. ਜੋ ਉਸ ਦੇ ਹਿੱਤਾਂ ਦੇ ਵਿਰੁੱਧ ਜਾਂਦਾ ਹੈ ਬਾਰੇ ਸਗੋਂ ਇਸ ਨੂੰ ਫੈਲਣ ਲਈ ਸਹਾਇਕ ਬਣਿਆ ਹੋਇਆ ਹੈ।

ਭਾਰਤ ਸਰਕਾਰ ਨੂੰ ਤੇ ਉਸ ਦੀ ਮੰਤਰੀ ਮੇਨਕਾ ਗਾਂਧੀ ਨੂੰ ਸ਼ੋਰ ਪ੍ਰਦੂਸ਼ਨ ਦੇ ਸੁਪਰੀਮ ਕੋਰਟ ਦੇ

ਹੁਕਮਾਂ ਦੀ ਪਾਲਣਾ ਕਰਨ ਦੀ ਕੀ ਲੋੜ ਅਤੇ ਕਾਹਲੀ ਹੈ ਜਦੋਂ ਕਿ ਸਰਕਾਰ ਦੀ ਮੁੱਖ ਪਾਰਟੀ ਭਾਜਪਾ ਨੇ ਸੁਪਰੀਮ ਕੋਰਟ ਨੂੰ ਵਿਸ਼ਵਾਸ ਦੁਆ ਕੇ, ਬਾਬਰੀ ਮਸਜਦ ਨੂੰ ਢਾਉਣ ਦਾ ਹੱਥ ਆਇਆ ਸਮਾਂ ਗੁਆਉਣਾ ਨਹੀਂ ਚਾਹਿਆ ਸੀ। ਫਿਰ ਛੇ ਤੋਂ ਚੌਦਾ ਸਾਲ ਦੇ ਬੱਚਿਆਂ ਲਈ ਲਾਜ਼ਮੀ ਅਤੇ ਮੁਫਤ ਵਿਦਿਆ ਦੀ ਸੰਵਿਧਾਨਿਕ ਹਦਾਇਤ ਦੀ ਵੀ ਕੋਈ ਪ੍ਰਵਾਹ ਨਹੀਂ ਹੈ। ਅੱਧਾ ਦੇਸ਼ ਸੁਤੰਤਰਤਾ ਦੇ ਪੰਜਾਹ ਤੋਂ ਵੱਧ ਵਰ੍ਹਿਆਂ ਪਿਛੋਂ ਵੀ ਅਨਪੜ੍ਹ ਹੈ। ਉਹਨਾਂ ਲਈ ਸ਼ੋਰ ਪ੍ਰਦੂਸ਼ਨ ਨੂੰ ਕੰਟਰੋਲ ਕਰਨ ਦੀ ਕੀ ਲੋੜ ਹੈ। ਜਦੋਂ ਗਰੀਬੀ, ਬੇਰੁਜ਼ਗਾਰੀ, ਅੰਧ ਵਿਸ਼ਵਾਸਾਂ ਦੇ ਫੈਲਣ ਵਿਚ ਤਾਂ ਸਗੋਂ ਸ਼ੋਰ ਪ੍ਰਦੂਸ਼ਨ ਸਹਾਈ ਹੋ ਰਿਹਾ ਹੈ।

ਪੰਜਾਬ ਦੇ ਸਵੇਰੇ ਦੇ ਸ਼ਾਂਤ ਵਾਤਾਵਰਨ ਨੂੰ, ਜਿਸ ਨੂੰ ਸਾਡੇ ਗੁਰੂਆਂ ਇਸ ਦੀ ਸ਼ਾਂਤੀ ਅਤੇ ਖ਼ੂਬਸੂਰਤ ਮਾਹੌਲ ਦੇ ਕਾਰਨ "ਅੰਮ੍ਰਿਤ ਵੇਲਾ" ਕਿਹਾ ਸੀ, ਗੁਰੂ ਸਾਹਿਬਾਨ ਦੇ ਇਸ ਸੂਖਮ ਇਹਸਾਸ ਵਾਲੇ ਸੰਵੇਦਨਾ ਭਰੇ ਅਨੁਭਵ ਨਾਲ, ਦੁਰ ਵਿਵਹਾਰ, ਉਨ੍ਹਾਂ ਦੇ ਅਖੌਤੀ ਅਲੰਬਰਦਾਰ ਵਲੋਂ ਕੀਤਾ ਜਾ ਰਿਹਾ ਹੈ, ਨੂੰ ਦੇਖ ਕੇ ਦਿਲ ਵਲੂੰਧਰਿਆ ਜਾਂਦਾ ਹੈ। ਤੁਖਾਰੀ ਬਾਰਾਂ ਮਾਹਾਂ ਵਿਚ ਜਦੋਂ ਗੁਰੂ ਨਾਨਕ "ਟੀਡ ਲਵੇ ਮੰਝ ਬਾਰ" ਦਾ ਜ਼ਿਕਰ ਕਰਦੇ ਹਨ ਕਿ 'ਬਾਰ ਦੇ ਇਲਾਕੇ ਵਿਚ ਬਿੰਡੇ ਬੋਲਦੇ ਹਨ,' ਤਾਂ ਕੀ ਅਸੀਂ ਕਲਪਨਾ ਕਰ ਸਕਦੇ ਹਾਂ ਕਿ ਅੱਜ ਦੇ 'ਅੰਮ੍ਰਿਤ ਵੇਲੇ' ਵਿਚ ਕੋਈ ਮਾਈ ਦਾ ਲਾਲ, ਬਿੰਡੇ ਤਾਂ ਇਕ ਪਾਸੇ, ਕੁੱਕੜਾਂ ਦੀਆਂ ਬਾਂਗਾਂ, ਚਿੜੀਆਂ ਤੇ ਹੋਰਨਾਂ ਜਾਨਵਰਾਂ ਦਾ ਸਵੇਰੇ ਸਰਘੀ ਵੇਲੇ ਦਾ ਸੰਗੀਤ ਸੁਣਨ ਦਾ ਦਾਅਵਾ ਕਰ ਸਕਦਾ ਹੈ। ਇਸ ਨੂੰ ਇਕ ਪਾਸੇ ਰੱਖ ਕੇ ਜੇ ਕਰ ਅਜੋਕੇ ਸਮੇਂ ਦੇ ਸਮਾਜਿਕ ਅਤੇ ਆਰਥਿਕ ਪੱਖਾਂ ਨੂੰ ਹੀ ਲਈਏ ਤਾਂ ਵੀ ਸਵੇਰੇ ਉੱਠ ਕੇ ਪੜ੍ਹਨ ਵਾਲੇ ਵਿਦਿਆਰਥੀਆਂ, ਰਾਤੀਂ ਨਾ ਸੌਂ ਸਕਣ ਵਾਲੇ ਬੀਮਾਰਾਂ, ਬਜ਼ੁਰਗਾਂ ਆਦਿ ਦੇ ਨਾਲ ਜੋ ਧਿੰਙੋਜ਼ੋਰੀ, ਧਰਮ ਸਥਾਨਾਂ ਵਲੋਂ ਕੀਤੀ ਜਾਂਦੀ ਹੈ ਕੀ ਉਹਨਾਂ ਦੀ ਨੈਤਿਕ ਜ਼ਿੰਮੇਵਾਰੀ, ਉਹਨਾਂ ਨੂੰ ਆਗਿਆ ਦਿੰਦੀ ਹੈ ਕਿ ਅਜਿਹਾ ਕਰਨ ?

ਅਜਿਹੀ ਸਥਿਤੀ ਵਿਚ ਅਸੀਂ ਸਾਹਿਤਕ ਅਤੇ ਹੋਰਨਾਂ ਸੰਗਠਨਾਂ ਨੂੰ ਬੇਨਤੀ ਕਰਦੇ ਹਾਂ ਕਿ ਉਹ ਸ਼ੋਰ ਪ੍ਰਦੂਸ਼ਨ ਨੂੰ ਕੰਟਰੋਲ ਕਰਨ ਦੇ ਭਾਰਤ ਦੀ ਉੱਚੀ ਅਦਾਲਤ ਦੇ ਹੁਕਮਾਂ ਨੂੰ ਲਾਗੂ ਕਰਵਾਉਣ ਲਈ ਆਵਾਜ਼ ਉੱਚੀ ਕਰਨ। ਪੰਜਾਬ ਦੇ ਮੁੱਖ ਸਕੱਤਰ ਅਤੇ ਪ੍ਰੀਆਵਰਨ ਦੇ ਸਕੱਤਰ ਡਾਇਰੈਕਟਰ, ਡਿਪਟੀ ਕਮਿਸ਼ਨਰਾਂ ਅਤੇ ਐਸ.ਡੀ.ਐਮਜ਼ ਨੂੰ ਅਸੀਂ ਦੋਸ਼ੀ ਤੇ ਅਣਗਹਿਲੀ ਭਰੀ ਗ਼ੈਰ ਜ਼ਿੰਮੇਵਾਰੀ ਦੇ ਜ਼ਿੰਮੇਵਾਰ ਸਮਝਦੇ ਹਾਂ ਜੋ ਕਿ ਕਿਸੇ ਖਾਸ ਕਾਰਨ ਕਰਕੇ ਸੁਪਰੀਮ ਕੋਰਟ ਦੇ ਹੁਕਮ ਨੂੰ ਲਾਗੂ ਕਰਨ ਤੋਂ ਇਨਕਾਰੀ ਹਨ।

## 2. ਪੰਜਾਬ ਸਰਕਾਰ ਦੇ ਸਾਹਿਤਕ ਪੁਰਸਕਾਰ

ਪੰਜਾਬ ਸਰਕਾਰ ਵਲੋਂ 1998,99 ਅਤੇ 2000 ਵਰ੍ਹਿਆਂ ਦੇ ਸਾਹਿਤਕ ਪੁਰਸਕਾਰਾਂ ਦਾ ਐਲਾਨ ਸੁਆਗਤ ਯੋਗ ਹੈ। ਇਹ ਲੱਗਭਗ ਪਹਿਲੀ ਵਾਰ ਹੈ ਜਦੋਂ ਐਲਾਨੇ ਨਾਵਾਂ ਦੀ ਚੋਣ ਨਿਰਪੱਖ ਅਤੇ ਯੋਗ ਕੀਤੀ ਗਈ ਹੈ। ਜਿਨ੍ਹਾਂ ਪੰਜਾਬੀ ਵਿਦਵਾਨਾਂ, ਸਾਹਿਤਕਾਰਾਂ ਅਤੇ ਕਲਾਕਾਰਾਂ ਨੂੰ ਸਨਮਾਨਿਆਂ ਗਿਆ ਹੈ ਉਹ ਇਸ ਦੇ ਹੱਕਦਾਰ ਵੀ ਹਨ। ਅਦਾਰਾ ਚਿਰਾਗ਼ ਇਸ ਚੋਣ ਉਪਰ ਸਨਮਾਨ ਪ੍ਰਾਪਤ ਕਰਤਿਆਂ ਨੂੰ ਅਤੇ ਪੰਜਾਬ ਸਰਕਾਰ ਦੀ ਚੋਣ ਕਮੇਟੀ ਨੂੰ ਤਹਿ ਦਿਲੋਂ ਮੁਬਾਰਕਾਂ ਦਿੰਦਾ ਹੈ ਅਤੇ ਉਹਨਾਂ ਦੀਆਂ ਬੌਧਿਕ ਘਾਲਣਾਵਾਂ ਅਤੇ ਸਿਰਜਣਾ ਨੂੰ ਸਲਾਮ ਕਰਦਾ ਹੈ।

ਅਦਾਰਾ ਚਿਰਾਗ਼ ਲਈ ਹੋਰ ਵੀ ਖ਼ੁਸ਼ੀ ਅਤੇ ਗੌਰਵ ਮਹਿਸੂਸ ਹੋ ਰਿਹਾ ਹੈ ਕਿ ਸਾਡੇ ਮੁਖ ਸੰਪਾਦਕ ਸ੍ਰੀ ਹਰਭਜਨ ਸਿੰਘ ਹੁੰਦਲ ਵੀ ਸਨਮਾਨਤ ਸਾਹਿਤਕਾਰਾਂ ਵਿਚ ਸ਼ਾਮਲ ਹਨ।

ਇਸ ਚੋਣ ਤੋਂ ਜਾਪਦਾ ਹੈ ਕਿ ਇਸ ਚੋਣ ਵਿਚ ਸਰਕਾਰ ਦੇ ਮੁਖਮੰਤ੍ਰੀ ਅਤੇ ਸੰਬੰਧਿਤ ਮੰਤ੍ਰੀ ਨੇ ਰਾਜਸੀ ਦਖ਼ਲ ਅੰਦਾਜ਼ੀ ਤੋਂ ਕਾਫ਼ੀ ਹੱਦ ਤੀਕ ਪਰਹੇਜ਼ ਕੀਤਾ ਹੈ। ਇਸ ਨੂੰ ਅਗੋਂ ਤੋਂ ਵੀ ਹਰ ਫੈਸਲੇ ਸਮੇਂ ਵਿਆਪਕ ਅਤੇ ਨਿਰਪੱਖ ਹਿੱਤਾਂ ਨੂੰ ਸਮਰਪਤ ਹੋਣਾ ਚਾਹੀਦਾ ਹੈ। ਸਰਕਾਰੀ ਅਫਸਰਸ਼ਾਹੀ ਨੂੰ ਆਪਣੇ ਵਤੀਰੇ ਨੂੰ ਬਦਲਨ ਦੀ ਲੋੜ ਹੈ।

ਸਾਡੇ ਦੇਸ਼ ਵਿਚ, ਜੇ ਕਰ ਪੱਛਮੀ ਦੇਸ਼ਾਂ ਦੀ ਅਜਿਹੇ ਸਮੇਂ ਕੀਤੀ ਜਾਂਦੀ ਚੋਣ-ਪ੍ਰਕਿਰਿਆ ਦੇ ਢੰਗ ਨੂੰ ਅਪਣਾਇਆ ਜਾਵੇ ਤਾਂ ਅਜਿਹੇ ਪ੍ਰਤਿਸ਼ਠ ਪੁਰਸਕਾਰਾਂ ਦੀ ਚੋਣ ਸਮੇਂ ਪੈਦਾ ਹੋਣ ਵਾਲੇ



ਵਿਵਾਦਾਂ ਤੋਂ ਮੁਕਤ ਹੋਇਆ ਜਾ ਸਕਦਾ ਹੈ। ਪੱਛਮ ਵਿਚ ਜਦੋਂ ਕਿਸੇ ਪੁਸਤਕ, ਸਾਹਿਤਕਾਰ, ਕਲਾ ਕਿਰਤਾ ਜਾਂ ਕਲਾਕਾਰ ਨੂੰ ਜਾਂ ਕਿਸੇ ਵੀ ਹੋਰ ਖੇਤਰ ਦੇ ਪ੍ਰਮੁੱਖ ਸਿਰਜਕਾਂ ਨੂੰ ਪੁਰਸਕਾਰਿਤ ਕੀਤਾ ਜਾਂਦਾ ਹੈ ਤਾਂ ਇਹ ਚੋਣ ਕੇਵਲ ਚੋਣ ਕਮੇਟੀ ਨੇ ਹੀ ਕਰਨੀ ਹੁੰਦੀ ਸਗੋਂ ਸੰਬੰਧਿਤ ਵਿਸ਼ੇ ਜਾਂ ਖੇਤਰ ਦੇ ਬੁਧੀਜੀਵੀਆਂ, ਸਭਾਵਾਂ, ਸੰਗਠਨਾ ਵਲੋਂ ਤੱਥਾਂ ਦੇ ਆਧਾਰ ਉਤੇ ਪ੍ਰਗਟ ਕੀਤੀਆਂ ਰਾਵਾਂ ਨੂੰ ਵੀ ਧਿਆਨ ਵਿੱਚ ਰੱਖਿਆ ਜਾਂਦਾ ਹੈ। ਅਜਿਹੀ ਰਾਏ ਜਾਂ ਸਿਫਾਰਸ਼ ਨੂੰ ਵੀ ਸਨਮਾਨ ਵਾਂਗੂ ਹੀ ਲਿਆ ਜਾਂਦਾ ਹੈ। ਸਾਡੇ ਦੇਸ਼ ਵਾਂਗੂੰ ਕੁਝ ਕੁ ਵਿਅਕਤੀ ਹੀ ਅਜਿਹੇ ਫੈਸਲੇ ਨਹੀਂ ਲੈਂਦੇ। ਭਾਵੇਂ ਚੋਣ ਸਮੇਂ ਕਿਸੇ ਸਿਰਜਕ ਦੀ ਸਮੁੱਚੀ ਦੇਣ ਵੀ ਧਿਆਨ ਵਿਚ ਰੱਖੀ ਜਾਂਦੀ ਹੈ ਪ੍ਰੰਤੂ ਉਸ ਦੀ ਕਿਸ ਵਿਸ਼ੇਸ਼ ਸਿਰਜਣਾ ਨੂੰ ਲਿਆ ਜਾਂਦਾ ਹੈ। ਇਸ ਤਰਾਂ ਨਵੇਂ ਸਾਹਿਤਕਾਰਾਂ ਅਤੇ ਕਲਾਕਾਰਾਂ ਨੂੰ ਚੰਗੀ ਮੌਲਿਕ ਸਿਰਜਣਾ ਕਰਨ ਲਈ ਪਰੇਰਨਾ ਮਿਲਦੀ ਹੈ। ਵੱਖ ਵੱਖ ਅਦਾਰਿਆਂ ਵੱਲੋਂ ਵੀ ਦਿੱਤੇ ਜਾਣ ਵਾਲੇ ਸਨਮਾਨਾਂ ਸਮੇਂ ਵੀ ਵਿਸ਼ੇਸ਼ ਕਿਰਤ ਨੂੰ ਧਿਆਨ ਵਿਚ ਰੱਖਿਆ ਜਾਣਾ ਚਾਹੀਦਾ ਹੈ ਜੋ ਸਾਹਿਤਕ ਉਚਾਈਆਂ ਪ੍ਰਾਪਤ ਕਰਨ ਲਈ ਤੇ ਮਿਹਨਤ ਕਰਨ ਲਈ ਰੁਚਿਤ ਕਰੇਗਾ। ਇਸ ਨਾਲ ਸੱਭਿਆਚਾਰਕ ਤੌਰ ਤੇ ਸਮਾਜ ਨੂੰ ਵੱਡਾ ਲਾਭ ਪੁਜਦਾ ਹੈ।

ਅਸੀਂ ਆਸ ਕਰਦੇ ਹਾਂ ਕਿ ਭਵਿੱਖ ਵਿੱਚ ਦਿੱਤੇ ਜਾਣ ਵਾਲੇ ਪੁਰਸਕਾਰਾਂ ਲਈ ਚੋਣ ਵੀ ਅਜਿਹੇ ਸੁੱਚਜੇ ਢੰਗ ਨਾਲ ਕੀਤੀ ਜਾਵੇਗੀ।

ਇਕ ਵਾਰ ਫਿਰ ਅਸੀਂ,ਅਦਾਰਾ ਚਿਰਾਗ਼ ਵਲੋਂ ਇਸ ਪੁਰਸਕਾਰ ਨਾਲ ਸੰਬੰਧਿਤ ਸਾਰੇ ਸਿਰਜਕਾਂ ਨੂੰ ਭਾਵ ਭਿੰਨੀ ਮੁਬਾਰਕ ਪੇਸ਼ ਕਰਦੇ ਹਾਂ ਅਤੇ ਉਹਨਾਂ ਦੇ ਚੰਗੇਰੇ ਭਵਿੱਖ ਦੀ ਕਾਮਨਾ ਕਰਦੇ ਹੋਏ, ਨਵੀਆਂ ਬੁਲੰਦੀਆਂ ਛੂਹਣ ਵਾਲੀ ਸਿਰਜਣਾ ਦੀ ਆਸ ਕਰਦੇ ਹਾਂ।

***—ਸੰਪਾਦਕੀ ਮੰਡਲ***

## ਇਕ ਨਵਾਂ ਤੇ ਯਾਦਗਾਰੀ ਤੋਹਫ਼ਾ

ਕੁਕਨੁਸ ਪ੍ਰਕਾਸ਼ਨ ਦਾ ਮਾਲਕ, ਰਾਜਿੰਦਰ ਬਿਮਲ ਇੱਕ ਵਾਰ ਫੇਰ ਪੰਜ ਪੁਸਤਕਾਂ ਦਾ ਨਵਾਂ ਸੈੱਟ ਲੈ ਕੇ ਪੰਜਾਬੀ-ਪੁਸਤਕ ਪ੍ਰੇਮੀਆਂ ਤੇ ਲੇਖਕਾਂ ਦਾ ਸਾਹਵੇਂ ਹਾਜ਼ਰ ਹੋਇਆ ਹੈ। ਮਹਿੰਗੀਆਂ ਕਿਤਾਬਾਂ ਨੇ ਪੁਸਤਕ-ਪ੍ਰੇਮੀਆਂ ਲਈ ਮਾਇਕ ਮੁਸ਼ਕਲਾਂ ਖੜ੍ਹੀਆਂ ਕੀਤੀਆਂ ਹਨ। ਸ੍ਰੀ ਬਿਮਲ ਨੇ ਇਸ ਮੁਸ਼ਕਿਲ ਦਾ ਆਪਣੀ ਤਰ੍ਹਾਂ ਦਾ ਇਕ ਵੱਖਰਾ ਹੱਲ ਕੱਢ ਲਿਆ ਹੈ। ਉਹ ਛੋਟੀਆਂ ਪਰ ਮਹੱਤਵ-ਪੂਰਨ ਪੁਸਤਕਾਂ ਪ੍ਰਾਪਤ ਕਰਕੇ, ਉਹਨਾਂ ਨੂੰ ਪੇਪਰ ਬੈਕ ਵਿਚ ਸਸਤਾ ਛਾਪ ਕੇ ਪਾਠਕਾਂ ਤੀਕ ਚੰਗਾ ਸਾਹਿਤ ਪਹੁੰਚਾ ਰਿਹਾ ਹੈ। ਇਹੀ ਕਾਰਨ ਹੈ ਕਿ ਉਸ ਦੇ ਛਾਪੇ ਸੈੱਟ ਹੱਥੋ ਹੱਥ ਵਿਕ ਜਾਂਦੇ ਹਨ। ਪੁਸਤਕਾਂ ਦੀ ਚੋਣ ਵਿਚ ਐਤਕੀਂ ਉਸ ਨੇ ਇਕ ਨਵੇਂ ਖੇਤਰ ਦੀ ਤਲਾਸ਼ ਕੀਤੀ ਹੈ ਜਿਹੜੀ ਸਾਰਥਕ ਵੀ ਹੈ ਤੇ ਸੰਭਾਵਨਾ-ਭਰਪੂਰ ਵੀ। ਉਸ ਨੇ ਪਾਕਿਸਤਾਨ ਦੇ ਉਰਦੂ ਤੇ ਪੰਜਾਬੀ ਦੇ ਲੇਖਕਾਂ ਦੀਆਂ ਪੁਸਤਕਾਂ ਦਾ ਸੈੱਟ ਛਾਪਿਆ ਹੈ। ਇਸ ਵਿਚ ਪ੍ਰਸਿੱਧ ਨਾਵਲਕਾਰ 'ਮੀਰ ਤਨਹਾ ਯੂਸਫ਼ੀ' ਦਾ ਪ੍ਰਵਾਸੀਆਂ ਬਾਰੇ ਬਹੁਤ ਹੀ ਉਤਮ ਭਾਂਤ ਦਾ ਨਾਵਲ "ਇਕ ਸਮੁੰਦਰ ਪਾਰ" ਤੋਂ ਬਿਨਾਂ, ਅਫ਼ਜ਼ਲ ਅਹਿਸਨ ਰੰਧਾਵਾ ਦਾ ਨਾਵਲ "ਪੰਧ" ਉਰਦੂ ਤੇ ਪੰਜਾਬੀ ਦੇ ਕੌਮਾਂਤਰੀ ਪ੍ਰਸਿੱਧੀ ਦੇ ਮਾਲਕ ਲੇਖਕ ਫ਼ਖ਼ਰ ਜ਼ਮਾਨ ਦਾ ਨਾਵਲਿਟ, 'ਕਮਜ਼ਾਤ' ਤੋਂ ਬਿਨਾ ਦੋ ਕਹਾਣੀ ਸੰਗ੍ਰਹਿ ਛਾਪੇ ਗਏ ਹਨ। ਉਰਦੂ ਕਹਾਣੀ ਸੰਗ੍ਰਹਿ ਦਾ ਅਨੁਵਾਦ ਤੇ ਸੰਪਾਦਨ ਓਮ ਪ੍ਰਕਾਸ਼ ਪਨਾਹਗੀਰ ਨੇ ਕੀਤਾ ਹੈ ਤੇ ਪਾਕਿਸਤਾਨੀ ਪੰਜਾਬੀ ਕਹਾਣੀ ਦਾ ਲਿਪੀਆਂਤਰ ਤੇ ਸੰਪਾਦਨ ਡਾ. ਜਤਿੰਦਰਪਾਲ ਜੌਲੀ ਨੇ। ਦੋਹਾਂ ਕਹਾਣੀ ਸੰਗ੍ਰਹਿਆਂ ਦਾ ਪੱਧਰ ਕਾਫੀ ਉੱਚਾ ਹੈ। ਪੰਜ ਪੁਸਤਕਾਂ ਦੇ ਇਸ ਨਵੇਂ ਸੈੱਟ ਦੀ ਪ੍ਰਕਾਸ਼ਨਾ ਨਾਲ ਸ੍ਰੀ ਰਾਜਿੰਦਰ ਬਿਮਲ ਨੇ ਹਿੰਦ-ਪਾਕ-ਦੋਸਤੀ ਦੇ ਪ੍ਰਸੰਗ ਵਿਚ ਆਪਣਾ ਬਣਦਾ ਹਿੱਸਾ ਪਾ ਕੇ ਇਤਿਹਾਸਕ ਫਰਜ਼ ਨਿਭਾਇਆ ਅਤੇ ਦੋਹਾਂ ਪੰਜਾਬਾਂ ਦੇ ਲੇਖਕਾਂ ਨੂੰ ਇਕ ਦੂਜੇ ਦੇ ਨੇੜੇ ਲਿਆ ਕੇ ਸੱਭਿਆਚਾਰਕ ਚੇਤਨਾ ਦਾ ਪ੍ਰਮਾਣ ਦਿੱਤਾ ਹੈ। ਇਸ ਉਚੇਰੇ ਤੇ ਲੋੜੀਂਦੇ ਮਨੁੱਖੀ ਕਾਰਜ ਲਈ ਰਾਜਿੰਦਰ ਬਿਮਲ ਸਾਡੀ ਵਧਾਈ ਦਾ ਪਾਤਰ ਬਣਦਾ ਹੈ। ਸੈੱਟ ਦੀ ਸੌ ਰੁਪਏ ਕੀਮਤ ਪਾਠਕ ਨੂੰ ਰਾਹਤ ਦੇਵੇਗੀ ਤੇ ਖ੍ਰੀਦਣ ਲਈ ਉਤਸ਼ਾਹਿਤ ਵੀ ਕਰੇਗੀ। —ਹ.ਸ.ਹ.

ਇਸ ਵਾਰ ਦਾ ਵਿਸ਼ੇਸ਼ ਕਵੀ

*—ਉਂਕਾਰਪ੍ਰੀਤ*

## ਹਲ.ਫਨਾਮਾ ਕੁੱਕੜ ਸਿੰਘ

ਮੈਂ ਕੁੱਕੜ ਸਿੰਘ
ਪੂਰੇ ਹੋਸ਼-ਓ-ਹਵਾਸ ਨਾਲ
ਬਿਨਾ ਕਿਸੇ ਬਾਹਰੀ ਦਬਾਅ ਦੇ
ਪ੍ਰਣ ਕਰਦਾ ਹਾਂ :

ਕਿ ....

ਦਾਣੇ-ਪਾਣੀ ਖਾਤਰ
ਕਿਸੇ ਵੀ "ਖੁੱਡੇ" 'ਚ
ਤੜਨ ਲਈ ਤਿਆਰ ਰਹਾਂਗਾ।

ਅਪਣੀ "ਚੁੰਝ" ਨੂੰ
ਸਿਰਫ਼ ਤੇ ਸਿਰਫ਼
ਚੋਗ-ਚੁਗਣ ਲਈ ਵਰਤਾਂਗਾ॥

"ਚੋਗ-ਦਾਤੇ" ਲਈ
ਮੇਰੀ ਗਰਦਣ,
ਬਿਨਾ ਸ਼ਰਤ ਹਾਜ਼ਰ ਰਹੇਗੀ॥

ਅਪਣੀ "ਕਲਗੀ" ਬਾਰੇ ਸੋਚਣਾ ਵੀ
ਮੇਰੇ ਲਈ,
"ਬੰਦੇ ਦਾ ਪੁੱਤ" ਬਣਨ ਜਿੱਡੀ ਗਾਲ੍ਹ ਹੋਵੇਗੀ॥

"ਸਵੇਰ" ਨੂੰ ਵੇਖ ਕੇ
ਅਣਡਿੱਠ ਕਰਾਂਗਾ,
ਕੋਈ ਬਾਂਗ ਨਹੀਂ ਦੇਵਾਂਗਾ॥

ਜਦ ਵੀ ਕਹੂੰ ਜਦ ਵੀ ਸੁਣੂੰ
ਤਾਂ ਬੱਸ,
ਕੁੜ-ਕੁੜ-ਕੁਕੜੂੰ-ਕੜੂੰ॥

ਜੀਆਂਗਾ ਜਾਂ ਮਰਾਂਗਾ
"ਕੁੱਕੜਤੰਤਰ"
ਦੀ ਰਾਖੀ ਕਰਾਂਗਾ॥

ਕੁਕੜੂੰ -ਕੜੂੰ !!!



## .ਗ਼ਜ਼ਲ

ਅਜ਼ਲਾਂ ਤੋਂ ਮਹਿਲਾਂ ਦੇ ਸਾਏ।
ਝੌਂਪੜੀਆਂ ਨੂੰ ਲੂੰਹਦੇ ਆਏ।

ਜ਼ਰਦਾਰਾਂ ਦੇ ਮਹਿਲ ਬਣਾ ਕੇ
ਮਿਹਨਤਕਸ਼ ਫੁੱਟਪਾਥੀਂ ਆਏ।

ਲਾਲੋ ਅੱਜ ਵੀ ਹੈ "ਉਹ" ਲਾਲੋ
ਭਾਗੋ ਨੇ ਸੌ ਰੂਪ ਵਟਾਏ।

ਹੱਥੀਂ ਪੈਦਾ ਕਰਕੇ ਸਭ ਕੁਝ
ਕਾਮੇ ਦੇ ਕੁਝ ਹੱਥ ਨਾ ਆਏ।

ਲਾਲ-ਵਹੀ ਦੀ ਲਾਲੀ ਅੱਗੇ
ਕਿਰਤੀ ਪੀਲਾ ਪੈਂਦਾ ਜਾਏ।

ਮਜ਼ਦੂਰਾਂ ਨੇ ਰੱਤ ਜਲਾ ਕੇ
ਪੂਰਬ ਤੇ ਪੱਛਮ ਰੁਸ਼ਨਾਏ॥

ਭੁੱਖਾ, ਨੰਗਾ, ਬੇਘਰ-ਬੱਚਾ
ਧਰਤੀ ਮਾਂ ਦਾ ਗੀਤ ਕੀ ਗਾਏ ?

### *ਹਾਰਦਿਕ ਵਧਾਈ*

*ਇਸ ਵਰ੍ਹੇ ਡਾ. ਵਰਿਆਮ ਸਿੰਘ ਸੰਧੂ ਨੂੰ ਸਾਹਿਤ ਅਕਾਡਮੀ ਦਾ ਸ੍ਰੇਸ਼ਟ ਸਾਹਿਤ ਪੁਰਸਕਾਰ ਉਸਦੇ ਕਹਾਣੀ ਸੰਗ੍ਰਹਿ ਚੌਥੀ ਕੂਟ ਨੂੰ ਦਿੱਤਾ ਗਿਆ। ਅਦਾਰਾ ਚਿਰਾ.ਗ ਭਾਰਤੀ ਸਾਹਿਤ ਅਕਾਡਮੀ ਅਤੇ ਪੁਸਤਕ ਦੇ ਲੇਖਕ ਨੂੰ ਹਾਰਦਿਕ ਵਧਾਈ ਦਿੰਦਾ ਹੈ। ਨਿਸ਼ਚੇ ਹੀ ਇਸ ਚੋਣ ਨਾਲ ਪੰਜਾਬੀ ਕਹਾਣੀ ਦਾ ਮਾਣ ਵਧਿਆ ਹੈ।*

*-ਅਦਾਰਾ ਚਿਰਾ.ਗ*

# ਇਕ ਰਾਤ ਦਾ ਮਰਸੀਆ

*(14-15 ਅਗਸਤ 1947 ਦੀ ਰਾਤ ਦੇ ਨਾਮ)*

ਉਸ ਰਾਤ ਦਾ ਮੈਂ ਜਸ਼ਨ ਮਨਾਵਾਂ ਕਿਸ ਤਰਾਂ ?

ਹਉਕੇ ਹਾਵੇ ਬਣ ਗਏ
ਜਿਸ ਰਾਤ ਫੁੱਲੇ ਬਾਰ ਦੇ।
ਜਿਸ ਰਾਤ ਕਿੱਸੇ ਕਤਲ ਹੋਏ,
ਜਿੰਦੂਏ ਮਿੰਦੂਏ ਦੇ ਪਿਆਰ ਦੇ।
ਜਾਗੋ ਦੀਆਂ ਥਾਲੀਆਂ
ਜਿਸ ਰਾਤ ਹੋਈਆਂ ਬੇਚਿਰਾਗ,
ਜਿਸ ਰਾਤ ਤਾਂਡਵ ਨੱਚੀਆਂ
ਭੰਗੜਿਆਂ ਦੀਆਂ ਟੋਲੀਆਂ॥
ਉਸ ਰਾਤ ਦਾ ਮੈਂ ਜਸ਼ਨ ਮਨਾਵਾਂ ਕਿਸ ਤਰਾਂ ?

ਸ਼ਮਲਿਆਂ ਨੇ ਕੋਹੀਆਂ,
ਜਿਸ ਰਾਤ ਧੀਆਂ ਕੰਜਕਾਂ।
ਟੋਟੇ ਹੋਈ ਇੱਜਤ "ਸਾਂਝ" ਦੀ,
ਬਣ ਬੁਰਕੇ, ਪੱਲੂ, ਚੁੰਨੀਆਂ।
ਜਿਸ ਰਾਤ ਮਾਂ ਦੇ ਪੇਟ ਵਿਚ,
ਬਣ ਬਰਛਾ ਖੁੱਭੀਆਂ ਲੋਰੀਆਂ।
ਉਸ ਰਾਤ ਦਾ ਮੈਂ ਜਸ਼ਨ ਮਨਾਵਾਂ ਕਿਸ ਤਰਾਂ ?

ਜਿਸ ਰਾਤ "ਹੰਝੂਆਂ ਦੀ ਰਾਵੀ" ਵਗੀ
ਜਿਹਲਮ-ਝਨਾ ਤੋਂ ਸਤਲੁਜ-ਬਿਆਸ ਵੱਲ।
"ਸੱਤ ਅਸਮਾਨਾ" ਦਾ ਦਿਲ ਚੀਰਵਾਂ
ਧਰਤੀ ਸੀਨੇ ਉਠਿਆ "ਵਾਹਗੇ ਦਾ ਸੱਲ"।
ਚੰਨ, ਤਾਰੇ ਗੱਚ ਭਰੀ ਸੁਣਦੇ ਰਹੇ
ਜਿਸ ਰਾਤ ਹਵਾ ਦੀਆਂ ਸਿਸਕੀਆਂ॥
ਉਸ ਰਾਤ ਦਾ ਮੈਂ ਜਸ਼ਨ ਮਨਾਵਾਂ ਕਿਸ ਤਰਾਂ ?

ਭਾਈਆਂ ਦੀਆਂ ਲਾਸ਼ਾਂ ਮਿੱਧ ਕੇ
ਜਦ ਤਖਤ ਤੇ ਭਾਈ ਚੜ੍ਹੇ।
ਸ਼ਾਹੀ ਸ਼ਮ੍ਹਾਦਾਨਾਂ ਵਿਚ ਜਸ ਰਾਤ
ਸੱਥਾਂ ਦੇ ਹਉਕੇ ਬਲੇ।
ਲੋਕਤਾ ਦੇ ਜ਼ਖ਼ਮੀ ਜਿਗਰ ਤੇ
ਲੂਣੇ ਫਹੇ ਜਿਸ ਰਾਤ ਧਰੇ
ਜਿਹਲਮ ਕੰਢੇ ਸ਼ਹਿਨਾਈਆਂ
ਜਮਨਾ ਕਿਨਾਰੇ ਬੰਸੀਆਂ॥
ਉਸ ਰਾਤ ਦਾ ਮੈਂ ਜਸ਼ਨ ਮਨਾਵਾਂ ਕਿਸ ਤਰਾਂ ?

"ਸਤਿ ਸ੍ਰੀ ਅਕਾਲ" ਚੋਂ
ਜਿਸ ਰਾਤ "ਸਤਿ" ਗੁੰਮ ਹੋ ਗਿਆ।
"ਅੱਲਾ ਹੂ ਅਕਬਰ" ਦੇ ਨਾਹਰਿਆਂ
ਜਿਸ ਰਾਤ "ਅੱਲਾ" ਰੋਲਿਆ।
ਜਿਸ ਰਾਤ ਭਰ ਨਾਨਕ-ਮੁਹੰਮਦ
ਰੋਏ ਪਾ ਪਾ ਗਲਵੱਕੜੀਆਂ॥

ਉਸ ਰਾਤ ਦਾ ਮੈਂ ਜਸ਼ਨ ਮਨਾਵਾਂ ਕਿਸ ਤਰਾਂ ?



# ਦੂਰ..-..ਪਾਰ

***(ਜਰਨੈਲ ਸਿੰਘ ਕਹਾਣੀਕਾਰ ਨਾਲ 1992 ਦੀ ਇੱਕ ਸ਼ਾਮ-ਟਰਾਂਟੋ)***

ਦੂਰ......ਪਾਰ
ਸੱਤ ਸਮੁੰਦਰੋਂ
ਕੁਝ ਪ੍ਰਦੇਸੀ ਥੱਕੇ ਥੱਕੇ
ਸਮੁੰਦਰ ਕੰਢੇ
ਬੈਠੇ ਹੋਏ ਰੇਤਾ ਉੱਤੇ॥

ਦਿਨ ਭਰ ਦੀ ਲੱਕ ਤੋੜ ਮੁਸ਼ੱਕਤ
ਜੋੜ ਜੋੜ ਵਿੱਚ ਦਰਦ ਉਠਾਲੇ।
ਨਜ਼ਰ....ਦੂ..........ਰ!!
ਬਹੁਮੰਜ਼ਲਾਂ ਵਿੱਚ ਕੁਝ ਭਾਲੇ॥
ਨਜ਼ਰਾਂ ਵਿੱਚ ਪਤਾ ਨਈਂ ਕਿੱਧਰੋਂ
ਉੱਗ ਆਏ ਘਰ ਕੱਚੇ ਪੱਕੇ
ਘਰਾਂ ਨੂੰ ਜੋੜਦੀਆਂ ਗਲੀਆਂ,ਕੱਚੀਆਂ,
ਸ਼ਾਮ ਦਾ ਘੁਸਮੁਸਾ......ਰਹਿਰਾਸ ਦੀ ਬਾਣੀ

ਲਵੇਰੇ ਚੁੰਘਦੀਆਂ ਕੱਟੀਆਂ ਵੱਛੀਆਂ।
.....ਤੇ ਦਿਸ ਰਿਹਾ ਅਪਣਾ ਘਰ ਹੈ।
ਰਾਹ ਵੰਨੀਂ ਤੱਕਦੀ ਬੁੱਢੀ ਮਾਂ ਹੈ,
ਸਪਾਟ ਇੱਕ ਖੁੱਲ੍ਹਾ ਦਰ ਹੈ॥
ਮਾਂ ਨੂੰ ਗਲ ਨਾਲ ਲਾਉਣਾ ਚਾਹੁੰਦੇ,
ਦਿਲ ਦਾ ਹਾਲ ਸੁਣਾਉਣਾ ਚਾਹੁੰਦੇ।
ਧਾਹਾਂ ਮਾਰ ਕੇ ਰੋਣਾ ਚਾਹੁੰਦੇ॥

ਡਿਓੜੀ ਵਿੱਚ ਅਲਾਣੀ ਮੰਜੀ ਉੱਤੇ
ਬੁੱਢਾ ਬਾਪੂ ਚੁੱਪ-ਚਾਪ ਜਿਹਾ ਹੈ।
ਕੱਲ ਆਈ ਚਿੱਠੀ ਚੋਂ ਚੈੱਕ ਕੱਢਕੇ
ਕੰਬਦੇ ਹੱਥੀਂ....
ਅਪਣੇ ਕਰਜ਼ੇ ਮਾਪ ਰਿਹਾ ਹੈ।
ਕੋਠੇ ਜਿੱਡੀ ਭੈਣ ਮੁਟਿਆਰ ਦਿਸੀ ਹੈ,
ਚਿੰਤਾ ਦੀ ਬਰਛੀ.....
ਬਾਪੂ ਦੇ ਆਰ ਪਾਰ ਦਿਸੀ ਹੈ॥

ਪਿਓ ਨੂੰ ਧੀਰ ਧਰਾਉਣਾ ਚਾਹੁੰਦੇ
ਪਾਈ ਪਾਈ ਲਾਹੁਣਾ ਚਾਹੁੰਦੇ
ਚਿੰਤਾ ਦੁੱਖ ਮਿਟਾਉਣਾ ਚਾਹੁੰਦੇ
ਸਰਵਣ ਪੁੱਤਰ ਹੋਣਾ ਚਾਹੁੰਦੇ॥

ਚੁੱਲਾ ਚੌਂਕਾ ਕਰਦੀ ਦਿਸਦੀ
ਇੱਕ ਹੋਰ ਦੁਖਿਆਰੀ ਵੀ ਹੈ।
ਹਿਜਰ ਦੇ ਗ਼ਮ ਮੁਕਾਈ ਦਿੱਸੇ
ਦਿਲ ਦੇ ਸੱਲ ਮੁਕਾਈ ਦਿੱਸੇ।
ਦਿਲ ਨੂੰ ਰੋਜ਼ ਮਨਾਉਂਦੀ ਰਹਿੰਦੀ
ਮਨ ਨੂੰ "ਹੋਧਰ" ਪਾਉਂਦੀ ਰਹਿੰਦੀ॥
ਬਾਲਾਂ ਨੂੰ ਹਿੱਕ ਲਾਉਣਾ ਚਾਹੁੰਦੇ
ਪਰੀਆਂ ਦੀ ਬਾਤ ਸੁਣਾਉਣਾ ਚਾਹੁੰਦੇ।
ਢਿੱਡ ਤੇ ਪਾ ਸੁਲਾਉਣਾ ਚਾਹੁੰਦੇ।
ਹਾਨਣ ਦਾ ਹਾਣ ਪੁਗਾਉਣਾ ਚਾਹੁੰਦੇ,
ਸਾਰੇ ਗਿਲੇ ਮਿਟਾਉਣੇ ਚਾਹੁੰਦੇ॥

ਦੂਰ ਗ਼ਗਨ ਵਿੱਚ ਉਡਦੇ
ਪੰਛੀਆਂ ਵੱਲ ਵੇਖਣ,
ਪੰਛੀ ਹੋਣਾ ਲੋਚਣ।
ਸਮੁੰਦਰ ਲੰਘ ਜਾਣ ਦੀ ਸੋਚਣ.......
ਪਰ......ਫਿਰ
ਖਿਆਲ ਇਕ ਉਡਦਾ ਆਵੇ
ਆ ਸੋਚ ਦਾ ਰੁਖ ਪਲਟਾਵੇ।
ਘਰ ਦੀ ਭੁੱਖ ਸਮੇਟਣ ਆਏ,
ਕੱਚੀ ਰੋਟੀ ਸੇਕਣ ਆਏ।

ਥੱਕਿਆ ਟੁੱਟਿਆ ਸਰੀਰ ਧਰੂੰਹਦੇ
ਮੁੜ ਪੈਂਦੇ ਫਿਰ ਠਾਹਰ ਵੱਲੇ।
ਨੇਰੇ ਦੇ ਵਿੱਚ ਕੱਲ-ਮੁ-ਕੱਲੇ
ਗੁਆਚ ਜਾਵਣ
ਫਿਰ ਕਿੱਧਰੇ ਝੱਲੇ॥

*



ਵਤਨੋਂ ਦੂਰ

## ਡਰ / *ਗੁਰਨਾਮ ਢਿਲੋਂ*

ਸੁਹਲ ਨਗਮਿਆਂ ਵਰਗੇ
ਨੰਨ੍ਹੇ ਨੰਨ੍ਹੇ ਬਾਲਾਂ ਦੀ,
ਰੰਗਾਂ ਖੁਸ਼ਬੂਆਂ ਸੰਗ ਖੇਡਣ ਗਾਉਣ ਦੀ,
ਪੰਛੀਆਂ ਵਾਂਗ ਵਿਕਾਸ ਪਾਉਣ ਦੀ
ਆਯੂ ਹੈ।
ਸੱਤਈ ਹੱਵਸ ਦੇ ਵਣਜਾਰਿਆਂ ਦੀਆਂ
ਲਲਕਾਰਾਂ ਦੇ ਪਹਿਰੇ ਹੇਠ
ਤੱਤ-ਨਿਰੀਖਣ ਦਾ ਆਂਚਲ ਛੁਡਾ,
ਭੀੜ ਦਾ ਭਾਗ ਬਣਾ,
ਨਰਮ ਹੱਥਾਂ ਵਿਚ
ਪੱਥਰ, ਛੁਰੇ, ਬਰਛੇ, ਖੰਡੇ, ਤ੍ਰਿਸ਼ੂਲ, ਰਫਲਾਂ, ਰੀਵਾਲਵਰ, ਗ੍ਰਨੇਡ
ਪਕੜਾਏ ਗਏ ਹਨ।
ਦੁਸ਼ਮਣ-ਦੈਂਤ ਦਾ ਚਿਹਨ ਤਰਾਸ਼,
ਜੋਸ਼, ਰੋਹ, ਘਿਰਣਾ, ਜਹਾਦ, ਵਿਸ਼ਵਾਸ਼
ਦੇ ਅੰਨੇ ਸਮੁੰਦਰ
ਕਣ ਕਣ ਵਿਚ,
ਰੋਮ ਰੋਮ ਵਿਚ,
ਮਨ ਮਨ ਵਿਚ,
ਨਿਰੰਤਰ ਭਰੇ ਜਾ ਰਹੇ ਹਨ।
ਬਾਲ, ਦੈਂਤ ਨੂੰ ਤਸੱਵਰ ਕਰਕੇ
ਕਚੀਚੀਆਂ ਵਟਦੇ
ਹਵਾ ਵਿਚ ਮੁੱਕੇ ਲਹਿਰਾਉਂਦੇ ਹਨ,
ਮਰ ਮਿਟਣ ਦੇ ਅਹਿਦ ਕਰ ਕੇ
ਸ਼ਹਾਦਤ ਪ੍ਰਾਪਤੀ ਦੇ ਗੁਣ ਗਾਉਂਦੇ ਹਨ।
ਪਰੰਤੂ ਪ੍ਰੀਵਰਤਨਸ਼ੀਲ ਵਕਤ ਦੇ ਮੁਹਾਜ਼ ਨੇ
ਜਦੋਂ ਕਰਵਟ ਬਦਲੀ
ਤਾਂ ਇਹ ਡਰ ਜਵਾਨ ਹੋਇਆ ਉਬਲਦਾ ਲਾਵਾ
ਕਿਹੜਾ ਰਸਤਾ ਅਖਤਿਆਰ ਕਰੇਗਾ ?

*

## ਤ੍ਰਿਸ਼ੰਕੂ / *ਕੇਸਰਾ ਰਾਮ*

ਟੈਲੀਗ੍ਰਾਮ ਮੇਰੇ ਹੱਥ ਵਿਚ ਹੈ। ਕਿਸੇ ਖਦਸ਼ੇ ਅਤੇ ਉਤਸੁਕਤਾ ਦੇ ਰਲੇ ਮਿਲੇ ਪ੍ਰਭਾਵ ਹੇਠ ਮੈਂ ਇਸ ਨੂੰ ਜਲਦੀ-ਜਲਦੀ ਪੜ੍ਹਿਆ ਹੈ। ਦਾਦੀ ਦੀ ਸੁਣਾਈ ਹੋਈ ਇਕ ਕਹਾਣੀ ਯਾਦਦਾਸ਼ਤ ਵਿਚ ਜਿੰਦਾ ਹੋ ਉਠਦੀ ਹੈ।

ਮੈਂ ਕਾਰ ਰੇਖਾ ਪਾਰ ਨਹੀਂ ਕਰ ਸਕਿਆ... ਸ਼ਾਇਦ...। ਮੈਂ ਬੁੜਬੁੜਾਉਂਦਾ ਹਾਂ। ਜੁੱਤੀਆਂ ਵੱਲ ਵੇਖਦਾ ਹਾਂ। ਕਾਫੀ ਰੇਤ ਹੈ ਇਨ੍ਹਾਂ ਵਿਚ। ਸਸਤਾਉਣ ਦਾ ਤਾਂ ਸਮਾਂ ਹੀ ਨਹੀਂ ਮਿਲਿਆ। ਖੇਤ 'ਚੋਂ ਆਇਆ ਤੇ ਬੈਠ ਕੇ ਜੁੱਤੀਆਂ ਝਾੜਨ ਹੀ ਲੱਗਿਆ ਸੀ ਕਿ ਛੋਟੀ ਭੈਣ ਨੇ ਤਾਰ ਹੱਥ 'ਤੇ ਰੱਖ ਦਿੱਤੀ।

ਸਾਰੇ ਵਾਤਾਵਰਣ ਵਿਚ ਲਾਲੀ ਤੈਰ ਗਈ ਹੈ। ਪੱਛਮ ਵਿਚ ਡੁੱਬਦੇ ਸੂਰਜ ਦੇ ਨਾਲ ਬੱਦਲ ਦਾ ਇਕ ਛੋਟਾ ਜਿਹਾ ਪੀਲਾ ਟੁਕੜਾ ਹੈ। ਵੱਗਾਂ-ਵੇਲੇ ਦੀ ਧੂੜ ਆਸਮਾਨ ਵਿਚ ਛਾ ਰਹੀ ਹੈ।

ਸਿਰ ਉੱਤੇ ਹੱਥ ਮਾਰਦਾ ਹਾਂ ਤਾਂ ਕੁਝ ਰੇਤਾ ਝੜ ਕੇ ਕਾਗਜ਼ 'ਤੇ ਡਿੱਗ ਪੈਂਦਾ ਹੈ। ਰੇਤਾ ਸਰੀਰ ਨੂੰ ਖਾਣ ਲੱਗ ਪਿਆ ਹੈ। ਸਾਹਮਣੇ ਵਿਹੜੇ ਵਿਚ ਪਾਣੀ ਦਾ ਘੜਾ ਰੱਖਿਆ ਹੋਇਆ ਹੈ। ਨਾਲੇ ਗਲਾਸ ਵੀ। ਮੈਂ ਘੜੇ ਵੱਲ ਦੇਖਦਾ ਹਾਂ। ਇਕ ਗਲਾਸ ਪਾਣੀ ਦੀ ਮੈਨੂੰ ਸਖ਼ਤ ਜ਼ਰੂਰਤ ਹੈ।

ਤਾਰ ਨੂੰ ਫਿਰ ਪੜ੍ਹਦਾ ਹਾਂ। ਇਕ ਇਕ ਸ਼ਬਦ ਜਿਵੇਂ ਝਾੜੂ ਦੀਆਂ ਸੀਖਾਂ। ਕੇਹੀ ਉਪਮਾ ਹੈ ਇਹ। ਸ਼ਬਦ.... ਤੇ ਝਾੜੂ ਦੀਆਂ ਸੀਖਾਂ... ? ਕੀ ਸਮਾਨਤਾ ਹੋਈ ਇਨ੍ਹਾਂ ਵਿਚ..... ? ਸਮਾਨਤਾ ਨਾ ਸਹੀ, ਪਰ ਇਨ੍ਹਾਂ ਦਾ ਆਪਸ ਵਿਚ ਕੋਈ ਸੰਬੰਧ ਜਰੂਰ ਹੈ। ਮੈਂ ਸੋਚਦਾ ਹਾਂ। ਮੂੰਹ ਤੋਂ ਪੇਟ ਤੱਕ ਤੇ ਭਟਕਣ ਤੋਂ ਭੁੱਖ ਤਕ ਦੇ ਸਾਰੇ ਰਸਤੇ ਵਿਚ ਇਹ ਤੀਲ੍ਹੀਆਂ ਖਿਲਰੀਆਂ ਪਈਆਂ ਹਨ। ਦਾਦੀ ਦੁਆਰਾਂ ਸੁਣਾਈਂ ਕਹਾਣੀ ਦਾ ਕਿਰਦਾਰ ਕਿਸ਼ਨ ਜਾਦੂਗਰਨੀਆਂ ਦੇ ਚੁੰਗਲ ਵਿਚ ਫਸ ਜਾਂਦਾ ਹੈ। ਮੌਕਾ ਪਾ ਕੇ ਉਨ੍ਹਾਂ ਦੀ ਜਾਦੂ ਲਈ ਵਰਤੀ ਜਾਣ ਵਾਲੀ ਝਾੜੂ ਚੁਕ ਕੇ, ਇਕ-ਇਕ ਕਦਮ 'ਤੇ ਇਕ-ਇਕ ਤੀਲ੍ਹਾ ਖਿੰਡਾਉਂਦੇ ਹੋਏ ਕਾਰ ਰੇਖਾ ਤੋਂ ਬਾਹਰ ਭੱਜਣ ਦੀ ਕੋਸ਼ਿਸ਼ ਕਰਦਾ ਹੈ....।

ਕੀ ਮੈਂ ਵੀ....?

ਹਰ ਵਾਰੀ ਮੈਥੋਂ ਕਾਰ ਰੇਖਾ ਪਾਰ ਨਹੀਂ ਹੁੰਦੀ। ਝਾੜੂ ਖਤਮ ਹੋ ਜਾਂਦੀ ਹੈ ਤੇ ਕੋਈ ਪਹਿਲਾਂ ਹੀ ਤੀਲ੍ਹੀਆਂ ਕੱਠੀਆਂ ਕਰ ਲੈਂਦਾ ਹੈ। ਅਤੇ ਮੈਨੂੰ ਫੜ੍ਹ ਕੇ ਫੇਰ ਉਥੇ ਹੀ ਲੈ ਜਾ ਕੇ ਬੰਨ੍ਹ ਲੈਂਦਾ ਹੈ। ਫਿਰ ਮੈਂ ਉਥੇ ਉਹ ਸਭ ਕੁਝ ਕਰਨ ਲਈ ਮਜ਼ਬੂਰ ਹੁੰਦਾ ਹਾਂ ਜੋ ਉਹ ਚਾਹੁੰਦੇ ਹਨ।

ਹੱਥ ਤੋਂ ਮੂੰਹ ਤੱਕ ਦਾ ਰਸਤਾ ਤੈਅ ਕਰਦਿਆਂ ਮੈਂ ਉਥੇ ਪਹੁੰਚਿਆ ਸੀ। ਪੇਟ ਦੀ ਅੱਗ ਕਿੱਥੇ-ਕਿੱਥੇ ਨਹੀਂ ਭਟਕਾਉਂਦੀ ? ਇਸੇ ਭਟਕਣ ਦੇ ਵੱਸ ਪੈ ਕੇ ਮੈਂ ਉਥੇ ਪਹੁੰਚਿਆ ਤੇ ਬੰਧੂਆ ਬਣਾ ਲਿਆ ਗਿਆ। ਹੁਣ ਝਾੜੂ ਹੀ ਹੱਥ ਨਹੀਂ ਲਗਦੀ, ਕਦੇ ਲਗ ਵੀ ਜਾਵੇ ਤਾਂ ਕਾਰ ਰੇਖਾ ਤੋਂ ਪਹਿਲਾਂ ਹੀ ਉਸ ਦੀਆਂ ਸੀਖਾਂ ਖਤਮ ਹੋ ਜਾਂਦੀਆਂ ਹਨ। ਮੈਂ ਉਨ੍ਹਾਂ ਦੀ ਕਾਰ ਰੇਖਾ ਪਾਰ ਕਰ ਸਕਾਂ ਉਸ ਤੋਂ ਪਹਿਲਾਂ ਹੀ ਉਹ ਸੀਖਾਂ ਚੁਗ ਲੈਂਦੇ ਹਨ ਤੇ ਮੈਨੂੰ ਫਿਰ ਫੜ੍ਹਕੇ, ਲੈ ਜਾ ਕੇ, ਬਲਦ ਬਣਾ ਕੇ ਬੰਨ੍ਹ ਲੈਂਦੇ ਹਨ।

"ਆਹ! ਕੇਹੀ ਵਿਡੰਬਨਾ ਹੈ ਇਹ ?" ਮੇਰੇ ਕਲੇਜੇ ਵਿਚੋਂ ਇਕ ਠੰਡੀ ਆਹ ਨਿਕਲਦੀ ਹੈ। ਮੈਂ ਠੰਡਾ ਸਾਹ ਲੈਂਦੇ ਹੋਏ ਤਾਰ ਤੇ ਇਕ ਨਜ਼ਰ ਮਾਰਦਾ ਹਾਂ। ਇਕ ਇਕ ਸ਼ਬਦ ਉੱਤੇ ਨਜ਼ਰ ਟਿਕਦੀ ਹੈ। ਟਿਕਦੀ ਹੈ, ਫਿਰ ਤਿਲਕ ਜਾਂਦੀ ਹੈ। ਆਸਮਾਨ ਵਿਚ ਧੁੰਧਲਕਾ ਜਿਹਾ ਛਾਉਣ ਲਗ ਪਿਆ ਹੈ। ਪੰਛੀ ਆਪਣੇ ਰੈਣ ਬਸੇਰਿਆਂ ਵੱਲ ਮੁੜਨ ਦੀ ਕਾਹਲੀ ਵਿਚ ਹਨ। ਵਰਾਂਡੇ ਦੇ ਰੋਸ਼ਨਦਾਨ ਵਿਚ ਬਣਾਏ ਆਪਣੇ ਆਲ੍ਹਣੇ ਵਿਚ ਇਕ ਚਿੜੀ ਤੇ ਉਸ ਦਾ ਬੋਟ ਚਹਿਚਹਾ ਰਹੇ ਹਨ। ਚਿੜੀ ਸ਼ਾਇਦ ਆਪਣੇ ਬੱਚੇ



ਨੂੰ ਕਹਿ ਰਹੀ ਹੈ, "ਹੁਣ ਸੌਂ ਜਾ.... ਬਾਕੀ ਕੱਲ੍ਹ ਨੂੰ...।" ਘਰ ਵਿਚ ਬੱਤੀਆਂ ਜਗ ਚੁੱਕੀਆਂ ਹਨ।

ਗਰਮ ਪਾਣੀ ਦੀ ਬਾਲਟੀ ਬਾਹਰ ਵਿਹੜੇ ਵਿਚ ਰੱਖ ਫੱਟੇ ਕੋਲ ਪਹੁੰਚ ਚੁੱਕੀ ਹੈ। ਨਾਲ ਹੀ ਸਨਲਾਈਟ ਸਾਬਣ ਦੀ ਟਿੱਕੀ ਤੇ ਸਰੋਂ ਤੇ ਤੇਲ ਦੀ ਛੋਟੀ ਜਿਹੀ ਸ਼ੀਸ਼ੀ ਵੀ। ਨਾਲ ਪਏ ਕਲਟੀਵੇਟਰ ਉੱਤੇ ਪਰਨਾ ਤੇ ਮੇਰਾ ਅੰਡਰਵੀਅਰ ਵੀ ਰੱਖ ਦਿੱਤਾ ਗਿਆ ਹੈ। ਸਾਹਮਣੇ ਟ੍ਰੈਕਟਰ ਖੜ੍ਹਾ ਸੁਸਤਾਅ ਰਿਹਾ ਹੈ। ਗਾਂ ਖੜ੍ਹੀ ਪੂਛ ਨਾਲ ਮੱਖੀਆਂ ਉਡਾ ਰਹੀ ਹੈ। ਵੱਛੇ ਦੇ ਮੂੰਹ 'ਤੇ ਦੁੱਧ ਦੀ ਝੱਗ ਅਜੇ ਵੀ ਲੱਗੀ ਹੋਈ ਹੈ। ਮੱਝ ਬੈਠੀ ਉਗਾਲੀ ਕਰ ਰਹੀ ਹੈ।

ਟੈਲੀਗ੍ਰਾਮ ਦੀ ਗਲਤ-ਮਲਤ ਸਪੈਲਿੰਗਾਂ ਵਾਲੀ ਇਬਾਰਤ ਅੱਖਾਂ ਵਿਚ ਚੁਭਦੀ ਹੈ.... 'ਲੀਵ ਕੈਨਸਲਡ... ਸਟਾਪ.... ਅਟੈਂਡ ਡਿਊਟੀ ਇਮਿਡੀਏਟਲੀ... ਸਟਾਪ... ਅੱਖਾਂ ਦੇ ਰਸਤੇ ਦਿਲ ਵਿਚ ਛੇਕ ਕਰਦੀ ਹੋਈ ਧੁਰ ਅੰਦਰ ਤੱਕ ਚਲੀ ਜਾਂਦੀ ਹੈ... ਨੌਂਹ ਵਿਚ ਫਸੀ ਸ਼ਿਲਤ ਵਾਂਗੂੰ ਤਕਲੀਫ ਦਿੰਦੀ ਹੈ...।

ਬਾਹਰ ਗਲੀ ਵਿਚ ਕੁੱਤੇ ਭੌਂਕੇ ਹਨ। ਸ਼ਾਇਦ ਕੋਈ ਅਜਨਬੀ ਕੁੱਤਾ ਗਲੀ ਵਿਚੋਂ ਲੰਘਿਆ ਹੋਣੈ ਜਾਂ ਕੋਈ ਭਿਖਾਰੀ ਹੋਣੈ...।

'ਲੀਵ' ਤੋਂ ਭਾਵ ਛੁੱਟੀ ਤੇ ਕੈਨਸਲ ਤੋਂ ਭਾਵ ਰੱਦ। ਇਸੇ ਲਈ ਤਾਂ ਤਾਰ ਬਾਰੇ ਕੋਈ ਚਰਚਾ ਨਹੀਂ ਹੋਈ। ਮਤਲਬ ਤਾਂ ਸਾਰੇ ਸਮਝ ਹੀ ਚੁੱਕੇ ਸਨ। ਉਂਜ ਵੀ ਤਨਾਓਪੂਰਨ ਮਾਹੌਲ ਵਿਚ ਚਰਚਾ ਹੋ ਵੀ ਕਿਵੇਂ ਸਕਦੀ ਐ ? ਮੈਂ ਕੁਝ ਦਿਨ ਖੇਤ ਵਿਚ ਕੰਮ ਕਰਵਾ ਦਿੰਦਾ ਤਾਂ ਠੀਕ ਸੀ। ਹੁਣ ਤਾਂ ਤਾਰ ਨੇ ਘਰ ਵਾਲਿਆਂ ਦੀ ਇੱਛਾ ਅਤੇ ਮੇਰੇ ਅਰਮਾਨਾਂ ਉੱਤੇ ਪਾਣੀ ਫੇਰ ਦਿੱਤਾ ਹੈ। ਮੈਨੂੰ ਵੀ ਕਦੇ-ਕਦਾਈਂ ਖੇਤ ਵਿਚ ਕੰਮ ਕਰਨ ਵਿਚ ਆਨੰਦ ਆਉਂਦਾ ਹੈ ਪਰ ਸਮਾਂ ਮਿਲੇ ਤਦੇ ਨਾ!

ਪਹਿਲਾਂ ਸੋਚਦਾ ਰਹਿੰਦਾ ਸੀ ਕਿ ਜੇ ਨੌਕਰੀ ਨਾ ਮਿਲੀ ਤਾਂ ਬਰਬਾਦ ਹੋ ਜਾਵਾਂਗਾ। ਨੌਕਰੀ ਮਿਲਣ ਤੋਂ ਬਾਅਦ ਹੁਣ ਫੇਰ ਲੱਗਣ ਲਗ ਪਿਐ ਕਿ ਬਰਬਾਦ ਹੋ ਗਿਆ ਹਾਂ। ਲੱਖ ਕੋਸ਼ਿਸ਼ਾਂ ਕਰਦਾਂ ਮਨ ਨੂੰ ਸਮਝਾਉਣ ਦੀਆਂ, ਪਰ...। ਅਜੀਬ ਤਰ੍ਹਾਂ ਦਾ ਬੰਨ੍ਹਣ...। ਅਣਐਲਾਨੀਆਂ ਸੀਮਾਵਾਂ.. ਅਦਿੱਖ ਪਰ ਹਰ ਸਾਹ ਦੇ ਨਾਲ ਅੰਦਰ ਵੱਲ ਨੂੰ ਰਿਸਦੀ ਹੋਈ ਗੁਲਾਮੀ..।

ਸ਼ੁਰੂ ਸ਼ੁਰੂ ਵਿਚ ਬਹੁਤ ਕੋਸ਼ਿਸ ਕਰਦਾ ਹੁੰਦਾ ਸੀ ਦੋਵਾਂ ਕਿਸ਼ਤੀਆਂ ਵਿਚ ਸਵਾਰ ਹੋਣ ਦੀ। ਐਤਵਾਰ ਦੇ ਨਾਲ ਜੇ ਇਕ-ਅੱਧੀ ਛੁੱਟੀ ਹੋਰ ਪੈ ਜਾਂਦੀ ਤਾਂ ਰਾਤੋ-ਰਾਤ ਭੱਜ ਆਉਂਦਾ ਸੀ ਘਰ ਨੂੰ। ਮਿਲਣ-ਜੁਲਣ ਵਾਲੇ ਵੀ ਕਹਿ ਦਿੰਦੇ ਸਨ-'ਬਈ ਹੁਣ ਤਾਂ ਤੂੰ ਐਸ਼ ਕਰਦੈਂ.... ਕਦੇ ਛੁੱਟੀ-ਛਾਟੀ ਵਾਲੇ ਦਿਨ ਤਾਂ ਘਰ ਦੇ ਕੰਮ 'ਚ ਵੀ ਮਦਦ ਕਰ ਦਿਆ ਕਰ..।' ਘਰ ਵਾਲੇ ਵੀ ਸਾਰੇ ਇਹੋ ਚਾਹੁੰਦੇ ਸਨ, ਚਾਹੁੰਦੇ ਹਨ ਵੀ। ਅਜਿਹੇ ਹਾਲਾਤ ਵਿਚ ਕਈ ਵਾਰ ਤਾਂ ਘਰ ਵਿਚ ਤਾਂ ਕੀ ਅੰਦਰ-ਬਾਹਰ, ਸਾਰਾ ਮਾਹੌਲ ਹੀ ਤਨਾਓਪੂਰਨ ਬਣਿਆ ਮਹਿਸੂਸ ਹੁੰਦੈ।

ਅਫਸਰ ਵੀ ਕਹਿ ਰਿਹਾ ਸੀ, 'ਤੁਸੀਂ ਸਿਰੀਅਸਲੀ ਦੱਸੋ, ਨੌਕਰੀ ਕਰਨਾ ਚਾਹੁੰਦੇ ਹੋ ਜਾਂ ਕੋਈ ਹੋਰ ਇਰਾਦਾ ਹੈ ?'

"ਹੋਰ ਕੀ ਇਰਾਦਾ ਹੋ ਸਕਦੈ ਸਰ ? ਨੌਕਰੀ ਨਹੀਂ ਕਰਾਂਗਾ ਤਾਂ ਹੋਰ ਕਿਥੇ ਜਾਵਾਂਗਾ ? ਇੰਨੀ ਜ਼ਮੀਨ ਵੀ ਨਹੀਂ ਹੈ ਕਿ ਅਸੀਂ ਸਾਰੇ ਭਰਾ ਉਥੇ ਚਾਦਰਾ ਬੰਨ੍ਹ ਕੇ ਚੌਧਰ ਕਰਦੇ ਫਿਰੀਏ... ਖੇਤੀ ਤਾਂ ਇਕ ਭਰਾ ਵੀ ਸੰਭਾਲ ਸਕਦੈ..।" ਮੈਂ ਇਹ ਕਹਿ ਸਕਦਾ ਸੀ ਪਰ ਮੈਂ ਕੁਝ ਨਾ ਬੋਲਿਆ। ਅਫਸਰ ਨੂੰ ਵੀ ਆਪਣਾ ਕਿਹਾ ਹੋਇਆ ਕੁਝ ਜ਼ਿਆਦਤੀ ਲੱਗਿਆ ਸੀ। ਲੱਗਿਆ ਜਿਵੇਂ ਉਸਨੇ ਇੰਜ ਮਹਿਸੂਸ ਕੀਤੈ। ਪਰ ਉਹ ਅਫਸਰ ਹੀ ਕੀ ਜੋ ਅਜਿਹਾ ਮਹਿਸੂਸ ਕਰੇ। ਜੇ ਮਹਿਸੂਸ ਕਰੇ ਵੀ ਤਾਂ ਮਜਾਲ ਹੈ ਕਿ ਹਮਦਰਦੀ ਦੇ ਚਿੰਨ੍ਹ ਚਿਹਰੇ 'ਤੇ ਆਉਣ ਦੇ ਦੇਵੇ।

"ਬਈ ਹਰ ਸੰਡੇ ਘਰ ਨੂੰ ਭਜ ਜਾਂਦੇ ਜੇ... ਕਿਵੇਂ ਕੰਮ ਚੱਲੂ ?" ਆਪਣੇ ਦਿਲ ਦੇ ਨਾਜ਼ੁਕ ਕੋਨੇ ਨੂੰ ਪੱਥਰ ਵਿਚ ਬਦਲਦਿਆਂ ਅੱਗੋ ਕਿਹਾ ਸੀ ਅਫਸਰ ਨੇ।

ਮੈਂ ਵੀ ਪੁਛ ਸਕਦਾ ਸਾਂ ਕਿ ਸਟਾਫ ਦੇ ਬਾਕੀ ਲੋਕ ਜੋ ਰੋਜ਼ਾਨਾ ਆਪਣੇ ਘਰ ਜਾਂਦੇ ਹਨ, ਉਹ ਕਦੇ ਇਕ ਘੰਟਾ ਤੇ ਕਦੇ ਅੱਧੇ ਘੰਟੇ ਦੇ ਬਹਾਨੇ ਅੱਧਾ-ਅੱਧਾ ਦਿਨ ਦਫਤਰੋਂ ਗਾਇਬ ਰਹਿੰਦੇ ਹਨ, ਸਵੇਰੇ ਵੀ ਲੇਟ ਆਉਂਦੇ ਹਨ, ਮਹੀਨੇ ਵਿਚ ਕਈ-ਕਈ ਫਰਲੋ ਮਾਰ ਜਾਂਦੇ ਹਨ. ਉਨ੍ਹਾਂ ਦਾ ਕਿਵੇਂ ਚਲਦੈ ? ਪਰ ਮੈਂ ਐਤਕੀਂ ਫਿਰ ਕੁਝ ਨਾ ਬੋਲਿਆ। ਬਿਲਕੁਲ ਖਾਮੋਸ਼ ਰਹਿ ਕੇ ਆਪਣਾ ਵਿਰੋਧ ਦਰਜ ਕਰਵਾਇਆ ਜੋ ਜ਼ਿਆਦਾ ਅਸਰਦਾਇਕ ਸੀ... ਸ਼ਾਇਦ...। ਮੈਂ ਜਨਾਬ ਦੇ ਚਿਹਰੇ ਤੋਂ ਪੜ੍ਹਨ ਦੀ ਕੋਸ਼ਿਸ਼ ਕੀਤੀ ਸੀ ਪਰ ਅਫਸਰਾਂ ਦੇ ਚਿਹਰੇ ਦੀ ਬਨਾਵਟ ਇੰਨੀ ਸਧਾਰਣ ਕਿਥੇ ਹੁੰਦੀਐ ਜੋ ਕਿ ਅਸਾਨੀ ਨਾਲ ਪੜ੍ਹੀ ਜਾ ਸਕੇ।

"ਮੈਂ ਕਿਹਾ ਨ੍ਹੀ ਸੀ..।" ਮੇਰਾ ਲਟਕਿਆ ਹੋਇਆ ਮੂੰਹ ਦੇਖਦੇ ਸੀਟ 'ਤੇ ਬੈਠਦੇ ਨੂੰ ਕੁਲੀਗ ਸੰਬੋਧਨ ਹੋਇਆ ਸੀ, "ਜਾਂ ਇਧਰ ਦਾ ਹੋਵੇ ਜਾਂ ਓਧਰ ਦਾ...।"

"ਕੀ..... ?" ਮੈਂ ਮਤਲਬ ਨਹੀਂ ਸਮਝ ਸਕਿਆ ਸੀ।

"ਬੰਦਾ...।"

"ਕੌਣ ਬੰਦਾ...?"

ਉਸਦੀ ਗਲ ਮੇਰੇ ਬਿਲਕੁਲ ਹੀ ਪੱਲੇ ਨਹੀਂ ਪੈ ਰਹੀ ਸੀ ਇਸ ਲਈ ਚੁੱਪ ਰਹਿਣਾ ਹੀ ਬੇਹਤਰ ਸਮਝਿਆ। ਮੂਡ ਤਾਂ ਪਹਿਲਾਂ ਹੀ ਖਰਾਬ ਹੋ ਚੁਕਿਆ ਸੀ।

"ਕੰਮਕਾਰ ਜਮਾਉਣਾ ਹੈ ਤਾਂ ਇਕ ਥਾਂਏ ਟਿਕ ਜਾ... ਬਾਕੀ ਝਮੇਲਿਆਂ ਨੂੰ ਛੱਡ...।" ਕੁਲੀਗ ਨੇ ਮੇਰੇ ਭਟਕਦੇ ਮਨ ਨੂੰ ਟਿਕਾਉਣ ਦੀ ਕੋਸ਼ਿਸ਼ ਕਰਦਿਆਂ ਕਿਹਾ ਸੀ।

ਮੈਂ ਦੁਚਿੱਤੀ ਦੀ ਅਵਸਥਾ ਵਿਚ ਹੀ ਝੂਲਦਾ ਰਿਹਾ ਸੀ।

"ਮੇਰਾ ਮਤਲਬ ਅਡਜਸਟਮੈਂਟ ਤੋਂ ਹੈ... ਸਮਝ ਗਿਆ ਨਾ... ?" ਉਨੇ ਫੇਰ ਕਿਹਾ ਸੀ, "ਅਡੋਪਟ ਕਰ ਇਥੋਂ ਦੇ ਕਲਚਰ ਨੂੰ.... ਫੇਰ ਦੇਖੀਂ ਕਿੱਥੇ ਪਹੁੰਚਦੈ.... ਸਕਾਈ ਇਜ਼ ਦਾ ਲਿਮਿਟ...।"

ਪਾਸਾ ਵੱਟ ਕੇ ਮੈਂ ਆਸਮਾਨ ਵੱਲ ਦੇਖਦਾ ਹਾਂ। ਤਾਰੇ ਟਿਮਟਿਮਾ ਰਹੇ ਹਨ। ਲਗਭਗ ਉਤਰ-ਪੂਰਬ ਦਿਸ਼ਾ ਤੋਂ ਦੱਖਣ-ਪੱਛਮ ਦਿਸ਼ਾ ਨੂੰ ਜੋੜਦੀ ਅਕਾਸ਼ ਗੰਗਾ ਹੈ। ਇਸ ਤੋਂ ਥੋੜ੍ਹਾ ਜਿਹਾ ਉੱਚਾ ਇਕ ਚਮਕੀਲਾ ਤਾਰਾ ਹੈ। ਇਹ ਮੰਗਲ ਜਾਂ ਬ੍ਰਿਸਪਤ ਗ੍ਰਹਿ ਹੋਣੈ। ਦੱਖਣ ਵਿਚ ਬਿਲਕੁਲ ਥੱਲੇ ਦਿਸਹੱਦਿਆਂ ਕੋਲ ਇਕ ਹੋਰ ਚਮਕੀਲਾ ਤਾਰਾ ਦਿਖਾਈ ਦੇ ਰਿਹਾ ਹੈ। ਦਾਦੀ ਕਿਹਾ ਕਰਦੀ ਸੀ ਕਿ ਇਹ ਤਾਰਾ ਸਾਰੀ ਰਾਤ ਰਾਵਣ ਦੀ ਸੋਨੇ ਦੀ ਲੰਕਾ ਦੇ ਚੁਫੇਰੇ ਚੱਕਰ ਲਾਉਂਦਿਆਂ ਉਸ ਦਾ ਪਹਿਰਾ ਦਿੰਦਾ ਹੈ। ਇਸੇ ਲਈ ਇਹ ਇਕ ਰਾਤ ਵਿਚ ਹੀ ਕਈ ਵਾਰੀ ਚੜ੍ਹਦਾ ਤੇ ਛਿਪਦ੍ਹਾ ਨਜ਼ਰ ਆਉਂਦਾ ਹੈ।

ਕਿੰਨਾ ਖੁੱਲ੍ਹਾ ਆਸਮਾਨ ਹੈ ਮੇਰੇ ਉਪਰ... ਸ਼ਹਿਰ ਵਿਚ ਤਾਂ ਕਦੇ ਆਸਮਾਨ ਵੱਲ ਵੇਖਣ ਦਾ ਮੌਕਾ ਹੀ ਨਹੀਂ ਮਿਲਦਾ। ਉਥੇ ਘਰਾਂ ਵਿਚ ਤਾਂ ਸ਼ਾਇਦ ਹੀ ਕਿਸੇ ਦੇ ਆਸਮਾਨ ਦਿਖਾਈ ਦਿੰਦਾ ਹੋਵੇ। ਰਾਤ ਹੁੰਦਿਆਂ ਸਾਰ ਸਾਰੇ ਕੱਛੂ ਵਾਂਗੂ ਆਪਣੇ ਅੰਦਰ ਹੀ ਸਿਮਟ ਜਾਂਦੇ ਹਨ। ਦਿਨੇ ਆਸਮਾਨ ਵੱਲ ਦੇਖੋ ਤਾਂ ਪਰਾਇਆ ਜਿਹਾ, ਧੂੰਏ ਨਾਲ ਭਰਿਆ ਹੋਇਆ, ਮੈਲਾ ਮੈਲਾ ਜਿਹਾ, ਜਿਸ ਨੂੰ ਦੇਖਣ ਨੂੰ ਜੀਅ ਹੀ ਨਹੀਂ ਕਰਦਾ। ਜੀਅ ਕੀ ਕਰੇ, ਉਥੇ ਤਾਂ ਲੋਕ ਭੁੱਲ ਹੀ ਜਾਂਦੇ ਹਨ ਕਿ ਕੁਦਰਤ ਵੀ ਕੋਈ ਚੀਜ਼ ਹੈ। ਫੁਰਸਤ ਹੀ ਕਿਥੇ ਹੁੰਦੀ ਐ।

ਇਥੇ ਸਾਰਾ ਆਸਮਾਨ ਇਕ ਛਤਰੀ ਵਾਂਗੂ ... ਸਾਫ ਤੇ ਸਵੱਛ ...। ਠੰਡੀ ਪੌਣ ਚਲ ਪਈ ਹੈ। ਕਦੇ ਮਾਸਟਰ ਜੀ ਪੁੱਛਿਆ ਕਰਦੇ ਸਨ, ਰੇਤਲੇ ਇਲਾਕਿਆਂ ਵਿਚ ਦਿਨ ਨੂੰ ਸਭ ਤੋਂ ਜ਼ਿਆਦਾ ਗਰਮੀ



ਤੇ ਰਾਤ ਨੂੰ ਸਭ ਤੋਂ ਜ਼ਿਆਦਾ ਸਰਦੀ ਕਿਉਂ ਪੈਂਦੀ ਹੈ ? ਫਿਰ ਕਿਤਾਬ ਵਿਚੋਂ ਪੜ੍ਹ ਕੇ ਮਾਸਟਰ ਜੀ ਜਵਾਬ ਵੀ ਦਿੰਦੇ ਹੁੰਦੇ ਸੀ।

ਛੋਟੇ ਛੋਟੇ ਰੇਤਲੇ ਟਿੱਬਿਆਂ ਵਿਚਾਲੇ ਵਸੇ ਹੋਏ ਮੇਰੇ ਛੋਟੇ ਜਿਹੇ ਪਿੰਡ 'ਤੇ ਹੁਣ ਠੰਡ ਹਾਵੀ ਹੁੰਦੀ ਜਾ ਰਹੀ ਹੈ।

ਖਿਆਲਾਂ ਦੇ ਵਾਵਰੋਲੇ ਵਿਚ ਝੂਲਦਾ ਹੋਇਆ ਮੈਂ ਸੋਚਣ ਲੱਗ ਜਾਂਦਾ ਹਾਂ-ਅਜਿਹਾ ਕਿਹੜਾ ਚੁੰਬਕ ਹੈ ਜੋ ਮੈਨੂੰ ਕਦੇ ਇਧਰ ਤੇ ਕਦੇ ਉਧਰ ਖਿੱਚਦਾ ਰਹਿੰਦਾ ਹੈ ? ਇਥੇ ਤੰਗੀਆਂ-ਤੁਰਸ਼ੀਆਂ ਨਾਲ ਗਰੱਸੀ ਹੋਈ ਜ਼ਿੰਦਗੀ, ਉਥੇ ਦੋ ਵਕਤ ਦੀ ਰੋਟੀ ਦੀ ਗਾਰੰਟੀ ਦਾ ਭੁਲਾਵਾ... ਇਥੇ ਅਤੀਤ ਦੇ ਆਇਨੇ 'ਚੋਂ ਝਾਕਦਾ ਨਿਰਛਲ ਬਚਪਨ, ਉਥੇ ਬੇਯਕੀਨੀ ਅਤੇ ਧੁੰਧਲਕੇ 'ਚ ਘਿਰਿਆ ਵਰਤਮਾਨ ਤੇ ਭਵਿੱਖ... ਇਥੇ ਆਪਣੇਪਨ ਦਾ ਭਰਮ ਪਾਲਦੀ ਮਿਰਗ-ਤ੍ਰਿਸ਼ਨਾ, ਉਥੇ ਆਪਣਾ ਸਾਇਆ ਵੀ ਪਰਾਇਆ ਜਿਹਾ ਲੱਗੇ...। ਲਗਦੈ ਜਿਵੇਂ ਮੇਰਾ ਵਜੂਦ ਹੀ ਟੁਕੜਿਆਂ 'ਚ ਵੰਡ ਕੇ ਰਹਿ ਗਿਆ ਹੋਵੇ। ਕਈ ਵਾਰੀ ਤਾਂ ਆਪਣੀ ਇਸ ਹਾਲਤ 'ਤੇ ਫੁੱਟ-ਫੁੱਟ ਕੇ ਰੋਣ ਨੂੰ ਦਿਲ ਕਰਦੈ...।

ਗਲੀ ਵਿਚ ਇਕ ਕੁੱਤਾ ਕਾਫੀ ਦੇਰ ਤੋਂ ਰੋਈਂ ਜਾ ਰਿਹਾ ਸੀ। ਉਸ ਨੂੰ ਰੋੜਾ ਮਾਰ ਕੇ ਭਜਾ ਆਇਆ ਹਾਂ। ਚੁਫੇਰੇ ਚਾਨਣੀ ਖਿਲਰੀ ਹੋਈ ਹੈ। ਜਿਉਂ-ਜਿਉਂ ਚੰਨ ਢਲਦਾ ਜਾਂਦਾ ਹੈ, ਚਾਨਣੀ ਮੱਧਮ ਹੁੰਦੀ ਹੈ। ਚਾਰੇ ਪਾਸੇ ਸੰਨਾਟਾ ਫੈਲਿਆ ਹੋਇਆ ਹੈ, ਜਿਸਨੂੰ ਦੂਰ ਕਿਸੇ ਮਹੱਲੇ ਵਿਚ ਕੋਈ ਕੁੱਤਾ ਭੌਂਕ ਕੇ ਕਦੇ-ਕਦਾਈਂ ਭੰਗ ਕਰ ਦਿੰਦਾ ਹੈ।

ਸਾਰਾ ਪਿੰਡ ਨੀਂਦ ਵਿਚ ਲੀਨ ਹੈ। ਅਗਵਾੜ ਵਿਚ ਪਿਪਲ 'ਤੇ ਉੱਲੂ ਦੇ ਬੋਲਣ ਦੀ ਆਵਾਜ਼ ਆਈ ਹੈ। ਉੱਲੂ ਦਾ ਬੋਲਣਾ ਕੁੱਤੇ ਦੇ ਭੌਂਕਣ ਨਾਲੋਂ ਜ਼ਿਆਦਾ ਖਰਾਬ ਲੱਗਿਆ ਹੈ ਮੈਨੂੰ।

ਮੈਂ ਪਾਸਾ ਵੱਟ ਕੇ ਸੌਣ ਦੀ ਕੋਸ਼ਿਸ਼ ਕਰਦਾ ਹਾਂ। ਮਨ ਪਤਾ ਨਹੀਂ ਕਿਥੇ ਕਿਥੇ ਭਟਕ ਰਿਹਾ ਹੈ। ਨੀਂਦ ਹੈ ਕਿ ਆਉਣ ਦਾ ਨਾਉਂ ਹੀ ਨਹੀਂ ਲੈ ਰਹੀ। ਸ਼ਹਿਰਾਂ ਵਿਚ ਲੋਕ ਸ਼ਰਾਬ ਦੇ ਦੋ ਪੈੱਗ ਲਾ ਕੇ ਨੀਂਦ ਰਾਣੀ ਦੀ ਗੋਦੀ ਵਿਚ ਜਾਣ ਦਾ ਉਪਰਾਲਾ ਕਰਦੇ ਹਨ। ਪਿੰਡਾਂ ਵਿਚ ਸਾਰੇ ਦਿਨ ਦੀ ਮਿਹਨਤ ਦੀ ਥਕਾਵਟ ਹੀ ਗਹਿਰੀ ਨੀਂਦ ਲਿਆਉਣ ਲਈ ਕਾਫੀ ਹੁੰਦੀ ਹੈ। ਸ਼ਹਿਰਾਂ ਵਿਚ ਬੱਚੇ ਟੀ.ਵੀ. ਦੇਖ ਕੇ ਅੱਖਾਂ ਮਲਦਿਆਂ ਸੌਂ ਜਾਂਦੇ ਹਨ। ਪਿੰਡਾਂ ਵਿਚ ਅਸੀਂ ਦਾਦੀ ਦੀਆਂ ਕਹਾਣੀਆਂ ਸੁਣਦਿਆਂ ਛੋਟੇ-ਛੋਟੇ ਸੁਪਨੇ ਬੁਣਦੇ ਹੋਏ ਨੀਂਦ ਰਾਣੀ ਦੀ ਗੋਦੀ ਵਿਚ ਝੂਲਣ ਲਗ ਜਾਂਦੇ ਸੀ। ਅੱਜ ਕਈ ਦਿਨਾਂ ਬਾਅਦ ਖੇਤ ਵਿਚ ਕੀਤੀ ਹੋਈ ਸਖਤ ਮਿਹਨਤ ਦੀ ਥਕਾਵਟ ਵੀ ਨੀਂਦ ਦਾ ਕਾਰਣ ਨਹੀਂ ਬਣ ਸਕੀ।

ਯਾਦਾਂ ਵਿਚ ਦਾਦੀ ਦੀ ਸੁਣਾਈ ਹੋਈ ਇਕ ਕਹਾਣੀ ਘੁੰਮਣ ਲੱਗ ਜਾਂਦੀ ਹੈ।

"ਗੱਲ ਬਹੁਤ ਪੁਰਾਣੀ ਐ... ਇਕ ਪਿੰਡ ਵਿਚ ਜੈ ਤੇ ਕਿਸ਼ਨ ਦੋ ਭਰਾ ਰਹਿੰਦੇ ਸਨ... ਬੜੇ ਮਜ਼ੇ ਵਿਚ ਜ਼ਿੰਦਗੀ ਗੁਜ਼ਰ ਰਹੀ ਸੀ ਉਨ੍ਹਾਂ ਦੀ... ਪਰ ਇਕ ਵਕਤ ਅਜਿਹਾ ਆਇਆ ਕਿ ਉਨ੍ਹਾਂ ਦੇ ਪਿੰਡ ਵਿਚ ਕਾਲ ਪੈ ਗਿਆ... ਰੋਟੀ ਕਮਾਉਣ ਲਈ ਉਨ੍ਹਾਂ ਨੂੰ ਬਾਹਰ ਜਾਣਾ ਪਿਆ... ਜੈ ਗਿਆ ਪੱਛਮ ਦਿਸ਼ਾ ਵੱਲ ਤੇ ਕਿਸ਼ਨ ਗਿਆ ਪੂਰਬ ਵੱਲ...।"

"ਫੇਰ... ?"

"ਫੇਰ ਕੀ.... ਜੈ ਦਾ ਤਾਂ ਪਤਾ ਨਹੀਂ, ਕਿਸ਼ਨ ਪਹੁੰਚ ਗਿਆ ਬੰਗਾਲ ਵਿਚ...।"

ਮੇਰੀਆਂ ਅੱਖਾਂ ਵਿਚ ਤੈਰਦੀ ਉਤਸੁਕਤਾ ਨੂੰ ਦੇਖ ਕੇ ਦਾਦੀ ਨੇ ਕਹਾਣੀ ਅੱਗੇ ਸੁਣਾਉਣੀ ਸ਼ੁਰੂ ਕਰ ਦਿੱਤੀ, "ਦੂਰ, ਬਹੁਤ ਦੂਰ ਇਕ ਦੇਸ਼ ਹੈ ਬੰਗਾਲ.... ਉਥੋਂ ਦੀਆਂ ਔਰਤਾਂ ਜਾਦੂਗਰਨੀਆਂ ਹੁੰਦੀਆਂ ਹਨ... ਉਹ ਕਾਲਾ ਇਲਮ ਜਾਣਦੀਆਂ ਹਨ... ਜਾਦੂ ਮੰਤਰ ਅਜਿਹੇ ਕਿ ਆਦਮੀ ਨੂੰ ਕੁਝ ਦਾ ਕੁਝ ਬਣਾ ਦਿੰਦੀਆਂ ਹਨ.. ਆਪਣੇ ਵੱਸ ਵਿਚ ਕਰ ਲੈਂਦੀਆਂ ਹਨ...।" ਦਾਦੀ ਰੋਜ਼ਾਨਾ ਇਕ

ਨਵੀਂ ਕਹਾਣੀ ਸੁਣਾਉਂਦੀ ਹੁੰਦੀ ਸੀ।

"ਕਾਲਾ ਇਲਮ ਕੀ ਹੁੰਦੈ ਦਾਦੀ ਜੀ ?" ਬਾਲ ਮਨ ਵਿਚ ਜਗਿਆਸਾਵਾਂ ਜਾਗਦੀਆਂ ਰਹਿੰਦੀਆਂ ਜਿਨ੍ਹਾਂ ਨੂੰ ਦਾਦੀ ਸ਼ਾਂਤ ਵੀ ਕਰ ਦਿੰਦੀ। ਕਦੇ ਸਹੀ ਜਵਾਬ ਦੇ ਕੇ, ਕਦੇ ਟਾਲ ਕੇ ਤੇ ਕਦੇ ਝਿੜਕ ਕੇ ਹੀ ਸੁਆਲ ਖਾਰਿਜ ਕਰ ਦਿੰਦੀ ਤੇ ਫਿਰ ਪਿਆਰ ਨਾਲ ਕਹਿੰਦੀ, "ਪਹਿਲਾਂ ਪੂਰੀ ਕਹਾਣੀ ਸੁਣੋ... ਉਹ ਜਾਦੂਗਰਨੀਆਂ ਇਸੇ ਟੋਹ ਵਿਚ ਰਹਿੰਦੀਆਂ ਹਨ ਕਿ ਕਦੋਂ ਕੋਈ ਬਾਹਰ ਵਾਲਾ ਆਦਮੀ ਉਨ੍ਹਾਂ ਦੇ ਦੇਸ਼ ਵਿਚ ਆਵੇ ਤੇ ਉਹ ਉਸ ਨੂੰ ਬੰਦੀ ਬਣਾਉਣ। ਤਾਹੀਓਂ ਤਾਂ ਵਪਾਰ ਲਈ ਬਾਹਰ ਜਾਣ ਵਾਲੇ ਆਦਮੀ ਅਕਸਰ ਆਪਣੇ ਘਰਦਿਆਂ ਨੂੰ ਕਹਿ ਕੇ ਜਾਂਦੇ ਸਨ ਕਿ ਜੇ ਉਹ ਸੱਤ ਸਾਲ ਤੱਕ ਨਾ ਪਰਤੇ ਤਾਂ ਮਰੇ ਸਮਝ ਕੇ ਉਨ੍ਹਾਂ ਦੀਆਂ ਅੰਤਮ ਰਸਮਾਂ ਕਰਵਾ ਦਿੱਤੀਆਂ ਜਾਣ...।

... ਮਿਹਨਤ ਮਜ਼ੂਰੀ ਕਰਕੇ ਧਨ ਕਮਾਉਣ ਲਈ ਗਿਆ ਮਨੁੱਖ ਭਟਕ ਕੇ ਗਲਤੀ ਨਾਲ ਜੇ ਉਨ੍ਹਾਂ ਦੀ ਕਾਰ ਰੇਖਾ ਅੰਦਰ ਪ੍ਰਵੇਸ਼ ਕਰ ਜਾਂਦਾ ਤਾਂ ਉਥੋਂ ਪਰਤਣ ਦਾ ਖਿਆਲ ਹੀ ਛੱਡ ਦਿੰਦਾ ਸੀ...। ਹਾਂ, ਇਸ ਕਾਰ ਰੇਖਾ ਤੋਂ ਬਾਹਰ ਉਨ੍ਹਾਂ ਦਾ ਜਾਦੂ ਨਹੀਂ ਸੀ ਚਲਦਾ... ਕਹਿੰਦੇ ਨੇ ਇਸ ਕਾਰ ਰੇਖਾ ਨੂੰ ਉਨ੍ਹਾਂ ਨੇ ਖੁਦ ਹੀ ਮੰਨਿਆ ਹੋਇਆ ਸੀ ਕਿ ਉਹ ਇਸ ਤੋਂ ਬਾਹਰ ਜਾਣ ਤਾਂ ਹੀ ਨਾ..।" ਦਾਦੀ ਆਪਣਾ ਸਾਹ ਠੀਕ ਕਰਨ ਲਈ ਰੁੱਕ ਜਾਂਦੀ।

ਮੈਂ ਸੋਚਣ ਲੱਗ ਜਾਂਦਾ ਕਿ ਦਾਦੀ ਬੰਗਾਲ ਦੇਸ਼ ਬਾਰੇ ਕਿਵੇਂ ਜਾਣਦੀ ਹੈ ? ਉਙ ਕਦੇ ਪਿੰਡ ਤੋਂ ਬਾਹਰ ਤਾਂ ਗਈ ਹੀ ਨਹੀਂ ? ਦਾਦੀ ਮੇਰੇ ਸਿਰ 'ਤੇ ਹੱਥ ਫੇਰਦੇ ਹੋਏ ਮੇਰੇ ਚਿਹਰੇ 'ਤੇ ਪਿਆਰ ਨਾਲ ਨਜ਼ਰ ਟਿਕਾ ਲੈਂਦੀ, ਕਿੰਨੀ ਹੀ ਦੇਰ ਤੱਕ ਨਿਹਾਰਦੀ ਰਹਿੰਦੀ।

ਫੇਰ ਜਿਵੇਂ ਕੁਝ ਯਾਦ ਆਉਣ ਤੇ ਅੱਗੇ ਕਹਾਣੀ ਸੁਣਾਉਣੀ ਸ਼ੁਰੂ ਕਰ ਦਿੰਦੀ, "ਹਾਂ ਜੇ ਕੋਈ ਆਦਮੀ ਉਨ੍ਹਾਂ ਦੀ ਹੱਦ ਵਿਚ ਵੜ ਜਾਵੇ ਤਾਂ ਉਸਨੂੰ ਫੜ ਕੇ ਉਹ ਝੱਟ ਬੰਦੀ ਬਣਾ ਲੈਂਦੀਆਂ ਤੇ ਆਪਣੇ ਜਾਦੂ ਦੇ ਬਲ ਤੇ ਉਸਨੂੰ ਬਲਦ ਬਣਾ ਕੇ ਆਪਣੇ ਘਰ ਵਿਚ ਬੰਨ੍ਹ ਲੈਂਦੀਆਂ ਹਨ...ਉਨ੍ਹਾਂ ਦਾ ਮਨ ਕਰੇ ਤਾਂ ਬੰਦੀ ਬਣਾਏ ਆਦਮੀ ਦੀ ਸੇਵਾ ਵੀ ਖੂਬ ਕਰਦੀਆਂ ਹਨ... ਤਰ੍ਹਾਂ-ਤਰ੍ਹਾਂ ਦੀਆਂ ਚੀਜ਼ਾਂ ਖੁਆਉਂਦੀਆਂ ਹਨ ਤੇ ਜੇ ਮਨ ਨਾ ਕਰੇ ਤਾਂ...।" ਮੈਂ ਹੈਰਾਨੀ ਨਾਲ ਦਾਦੀ ਦੇ ਪੋਪਲੇ ਮੂੰਹ ਵੱਲ ਦੇਖਦਾ। ਦਾਦੀ ਬਹੁਤ ਖੁਸ਼ ਹੁੰਦੀ। ਮੇਰੇ ਗੱਲ੍ਹ ਥਪਥਪਾਉਂਦੀ ਤੇ ਫਿਰ ਅੱਗੇ ਕਹਾਣੀ ਸੁਣਾਉਣਾ ਸ਼ੁਰੂ ਕਰ ਦਿੰਦੀ।

"ਪਰ ਆਦਮੀ ਕੋਲੋਂ ਉਹ ਕੰਮ ਵੀ ਬਹੁਤ ਕਰਵਾਉਂਦੀਆਂ ਹਨ.. ਸਭ ਤਰ੍ਹਾਂ ਦੇ ਕੰਮ...।" ਦਾਦੀ ਕੁਝ ਪਲ ਲਈ ਰੁਕ ਜਾਂਦੀ ਤੇ ਫਿਰ ਕੁਝ ਸੋਚਦੇ ਹੋਏ ਕਹਾਣੀ ਅੱਗੇ ਵਧਾਉਂਦੀ, "ਬਾਕੀ ਦੁਨੀਆਂ ਦੇ ਜਾਦੂ ਉਨ੍ਹਾਂ ਤੋਂ ਇੱਕੀ ਨਹੀਂ ਉਨੀ ਹੀ ਹਨ... ਕਈ ਮੌਲਵੀ ਜਿਹੜੇ ਆਪਣੇ ਇਥੇ ਤਵੀਜ਼ ਬਣਾਕੇ ਦੇ ਦਿੰਦੇ ਹਨ ਉਹ ਸਾਰੇ ਉਥੋਂ ਹੀ ਕਾਲਾ ਇਲਮ ਸਿੱਖ ਕੇ ਆਉਂਦੇ ਹਨ..।"

"ਉਹ ਆਉਂਦੇ ਕਿਵੇਂ ਹਨ ਦਾਦੀ ਜੀ ? ਉਨ੍ਹਾਂ ਨੂੰ ਬੰਦੀ ਨਹੀਂ ਬਣਾਉਂਦੀਆਂ ਉਹ ਔਰਤਾਂ ?" ਹੁੰਘਾਰੇ ਭਰਦਿਆਂ ਭਰਦਿਆਂ ਕਈ ਸਵਾਲ ਤਾਂ ਨਾ ਚਾਹੁੰਦਿਆਂ ਵੀ ਅਚਣਚੇਤ ਜ਼ੁਬਾਨ 'ਤੇ ਆ ਜਾਂਦੇ ਜਿਸ ਕਰਕੇ ਕਹਾਣੀ ਦੀ ਗਤੀ ਵਿਚ ਰੁਕਾਵਟ ਆ ਜਾਂਦੀ ਪਰ ਦਾਦੀ ਨੂੰ ਰੁਕਾਵਟ ਲਈ ਕੋਈ ਖੇਦ ਨਾ ਹੁੰਦਾ ਤੇ "ਬੰਦੀ ਵੀ ਬਚ ਕੇ ਆ ਸਕਦੇ ਹਨ...।" ਦਾਦੀ ਅੱਗੇ ਦੱਸਣਾ ਸ਼ੁਰੂ ਕਰ ਦਿੰਦੇ, "ਉਹ ਔਰਤਾਂ ਕਿਸੇ ਆਦਮੀ ਨੂੰ ਬੰਦੀ ਬਣਾਉਣ ਵੇਲੇ ਸਾਰੇ ਮੰਤਰ ਬੋਲ-ਬੋਲ ਕੇ ਪੜ੍ਹਦੀਆਂ ਹਨ। ਇਸ ਕਰਕੇ ਕੋਈ ਵੀ ਸੁਣਨ ਵਾਲਾ ਇਨ੍ਹਾਂ ਨੂੰ ਯਾਦ ਰੱਖ ਸਕਦਾ ਹੈ। ਫਰਕ ਸਿਰਫ ਏਨਾ ਹੀ ਹੈ ਕਿ ਬਲਦ ਤੋਂ ਮੁੜ ਆਦਮੀ ਬਣਨ ਲਈ ਇਨਾਂ ਨੂੰ ਉਲਟਾ ਪੜਨਾ ਪੈਂਦਾ ਹੈ। ਮੈਂ ਰੋਮਾਂਟਿਕ ਹੋ ਉੱਠਦਾ ਲਗਦਾ ਜਿਵੇਂ ਪੜ੍ਹਨ ਦਾ ਯਤਨ ਕਰ ਰਿਹਾ ਹੋਵਾਂ।

"ਇਨਾ ਹੀ ਨਹੀਂ....।" ਕਹਾਣੀ ਅੱਗੇ ਚਲ ਪੈਂਦੀ. "ਇਸ ਮੰਤਰ-ਉਚਾਰਨ ਦੌਰਾਨ ਉਹ ਔਰਤਾ



ਇਕ ਝਾੜੂ ਦੀ ਵਰਤੋਂ ਕਰਦੀਆਂ ਹਨ ਜੋ ਉਨ੍ਹਾਂ ਦੇ ਵਿਹੜੇ ਦੇ ਇਕ ਕੋਨੇ ਵਿਚ ਖੜ੍ਹੀ ਕਰਕੇ ਰੱਖੀ ਹੁੰਦੀ ਹੈ। ਉਸ ਝਾੜੂ ਤੋਂ ਬਿਨਾ ਮੰਤਰ ਨਹੀਂ ਫਲਦਾ। ਜਦੋਂ ਜਾਦੂਗਰਨੀ ਕਿਸੇ ਕੰਮ ਕਰਕੇ ਕਿਤੇ ਬਾਹਰ ਗਈ ਹੋਵੇ ਤੇ ਘਰ ਵਿਚ ਕੋਈ ਵੀ ਨਾ ਹੋਵੇ ਤਦ ਭੱਜਣ ਦਾ ਮੌਕਾ ਮਿਲ ਜਾਂਦਾ ਹੈ। ਜਾਦੂ ਕਰਨ ਲਈ ਵਰਤੀ ਜਾਣ ਵਾਲੀ ਝਾੜੂ ਚੁੱਕ ਬੰਦਾ ਉਥੋਂ ਭੱਜ ਜਾਂਦਾ ਹੈ ਤੇ ਸਾਰੇ ਰਸਤੇ ਵਿਚ ਇਕ-ਇਕ ਕਦਮ ਉੱਤੇ ਝਾੜੂ ਦੀ ਇਕ-ਇਕ ਸੀਖ ਸੁਟਦਾ ਜਾਂਦਾ ਹੈ... ਜਦ ਤੱਕ ਉਨ੍ਹਾਂ ਦੀ ਕਾਰ ਰੇਖਾ ਤੋਂ ਬਾਹਰ ਨਾ ਨਿਕਲ ਜਾਵੇ...।

..... ਕਈ ਵਾਰ ਇੰਜ ਵੀ ਹੁੰਦਾ ਕਿ ਜਾਦੂਗਰਨੀ ਮੌਕੇ 'ਤੇ ਘਰ ਮੁੜ ਆਉਂਦੀ ਤੇ ਘਰ ਵਿਚ ਬਲਦ ਨੂੰ ਨਾ ਵੇਖ ਕੇ ਉਹ ਝਟ ਚੀਲ ਬਣ ਕੇ, ਉਡਦੇ ਹੋਏ ਉਸ ਦਾ ਪਿੱਛਾ ਕਰਦੀ ਤੇ ਝਾੜੂ ਦੀਆਂ ਸੀਖਾਂ 'ਕਠੀਆਂ ਕਰਨ ਲਗ ਜਾਂਦੀ...... ਕਿਉਂਕਿ ਉਸ ਝਾੜੂ ਤੋਂ ਬਿਨ੍ਹਾਂ ਤਾਂ ਜਾਦੂ-ਮੰਤਰ ਵੀ ਕੰਮ ਨਹੀਂ ਨਾ ਕਰਦੇ.... ਕਈ ਵਾਰੀ ਤਾਂ ਭੱਜਦੇ ਬੰਦੇ ਦੁਆਰਾ ਖਿੰਡਾਈਆਂ ਸੀਖਾਂ ਨੂੰ ਜਾਦੂਗਰਨੀ ਪਹਿਲਾਂ ਹੀ ਇਕੱਠੀਆਂ ਕਰ ਲੈਂਦੀ ਤੇ ਬੰਦੇ ਨੇ ਅਜੇ ਕਾਰ ਰੇਖਾ ਪਾਰ ਕੀਤੀ ਹੀ ਨਹੀਂ ਹੁੰਦੀ.... ਉਸ ਨੂੰ ਜਾਦੂ ਕਰਕੇ ਫੇਰ ਬਲਦ ਬਣਾ ਕੇ ਘਰ ਲੈ ਜਾ ਕੇ ਸਖਤ ਨਿਗਰਾਨੀ ਹੇਠ ਰੱਖਿਆ ਜਾਂਦਾ....ਔਖੇ ਤੋਂ ਔਖਾ ਕੰਮ ਲਿਆ ਜਾਂਦਾ..... ਕਈ ਵਾਰੀ ਤਾਂ ਖਾਣ ਪੀਣ ਲਈ ਵੀ ਕੁੱਝ ਨਹੀਂ ਸੀ ਦਿੱਤਾ ਜਾਂਦਾ.....।" ਕਹਾਣੀ ਦੀ ਸਿਚੁਏਸ਼ਨ ਅਨੁਸਾਰ ਮੇਰੇ ਚਿਹਰੇ ਉਤੇ ਘਿਰਣਾ, ਰੰਜ, ਉਤਸ਼ਾਹ, ਗੁੱਸਾ ਵਰਗੇ ਚਿੰਨ੍ਹ ਉਭਰਦੇ ਰਹਿੰਦੇ। ਕਹਾਣੀ ਅੱਗੇ ਚਲਦੀ ਰਹਿੰਦੀ ਕਿ ਕਿਵੇਂ ਕਿਸ਼ਨ ਮੌਕਾ ਲੱਭ ਕੇ, ਝਾੜੂ ਚੁਕ ਕੇ ਇਕ-ਇਕ ਕਦਮ ਉਤੇ ਤੀਲ੍ਹੀਆਂ ਖਿੰਡਾਉਂਦੇ ਹੋਏ ਉਨ੍ਹਾਂ ਦੀ ਸੀਮਾ ਰੇਖਾ ਨੂੰ ਪਾਰ ਕਰਨ ਦੀ ਕੋਸ਼ਿਸ਼ ਕਰਦਾ ਪਰ ਝਾੜੂ ਪਹਿਲਾਂ ਹੀ ਖਤਮ ਹੋ ਜਾਂਦੀ ਤੇ ਉਹ ਫੇਰ ਬੰਦੀ ਬਣਾ ਲਿਆ ਜਾਂਦਾ......।

ਫਿਰ ਅੰਤ ਵਿਚ ਦਾਦੀ ਕਹਾਣੀ ਤੋਂ ਮਿਲਣ ਵਾਲੀ ਸਿਖਿਆ ਬਾਰੇ ਦੱਸਣ ਲਗਦੇ। ਉਧਰ ਨੀਂਦ ਸਾਨੂੰ ਆਪਣੀ ਬੁਕਲ ਵਿਚ ਲੈਣ ਲਈ ਆਪਣਾ ਆਂਚਲ ਪਸਾਰ ਰਹੀ ਹੁੰਦੀ। ਕਦੇ ਕਹਾਣੀ ਤੇ ਕਦੇ ਸਿਖਿਆ ਵਿਚਾਲੇ ਹੀ ਰਹਿ ਜਾਂਦੀ.....।

ਮੇਰੀਆਂ ਪਲਕਾਂ ਭਾਰੀਆਂ ਹੋਣ ਲਗ ਪਈਆਂ ਹਨ। ਗਹਿਰਾ ਹੁੰਦਾ ਜਾ ਰਿਹਾ ਸੰਨਾਟਾ ਅੱਧੀ ਤੋਂ ਜ਼ਿਆਦਾ ਰਾਤ ਬੀਤ ਜਾਣ ਦਾ ਸੰਕੇਤ ਦੇ ਰਿਹਾ ਹੈ। ਵਾਤਾਵਰਣ ਵਿਚ ਠੰਡ ਹੋਰ ਵੀ ਉਤਰ ਆਈ ਹੈ। ਰੇਤਲੇ ਇਲਾਕੇ ਰਾਤ ਨੂੰ ਜ਼ਿਆਦਾ ਠੰਡੇ ਅਤੇ ਦਿਨ ਨੂੰ ਜ਼ਿਆਦਾ ਗਰਮ ਕਿਉਂ ਹੁੰਦੇ ਹਨ ?

ਗਲੀ ਵਿਚ ਕੁੱਤਾ ਭੌਂਕਣ ਲਗ ਪਿਆ ਹੈ। ਇਸ ਦੀ ਆਵਾਜ਼ ਸੁਣ ਕੇ ਲੋਕਾਂ ਦੀ ਨੀਂਦ ਕਿਉਂ ਨਹੀਂ ਖੁਲਦੀ ? ਸ਼ਾਇਦ ਉਹ ਇਸ ਦੇ ਆਦੀ ਹੋ ਚੁਕੇ ਹਨ।

ਮੈਂ ਆਦੀ ਕਿਉਂ ਨਹੀਂ ਹੋ ਸਕਿਆ ਉਥੋਂ ਦੀ ਜਿੰਦਗੀ ਦਾ ? ਕਿਉਂ ਅਕਸਰ ਕਾਰ ਰੇਖਾ ਪਾਰ ਕਰਕੇ ਦੌੜਨ ਦੀ ਕੋਸ਼ਿਸ਼ ਕਰਦਾ ਰਹਿੰਦਾ ਹਾਂ ? ਕਿਉਂ ਭੁਲ ਜਾਂਦਾ ਹਾਂ ਕਿ ਮੇਰੇ ਹਿੱਸੇ ਵਿਚ ਆਈ ਝਾੜੂ ਵਿਚ ਸੀਖਾਂ ਘਟ ਹਨ ਅਤੇ ਕਾਰ ਰੇਖਾ ਜ਼ਿਆਦਾ ਦੂਰ.....?

ਕੁੱਤੇ ਦਾ ਭੌਂਕਣਾ ਜਾਰੀ ਹੈ। ਮੈਨੂੰ ਇਹ ਚੁਭਦਾ ਹੈ। ਸੰਨਾਟੇ ਨੂੰ ਚੀਰਦਾ ਹੋਇਆ ਇਸ ਦਾ ਭੌਂਕਣਾ ਇਥੇ ਕਿਸੇ ਹੋਰ ਦੀ ਨੀਂਦ ਭੰਗ ਕਰਨ ਦਾ ਸਬੱਬ ਵੀ ਜ਼ਰੂਰ ਬਣੇਗਾ। ਇਸ ਕੁੱਤੇ ਨੂੰ ਭੌਂਕਦਿਆਂ ਸੁਣ ਕੇ ਕਿਸੇ ਘਰ ਵਿਚ ਕੋਈ ਬੁੱਢਾ ਚਿੜ ਕੇ ਉੱਠੇਗਾ, ਘਰ ਵਿਚ ਚਾਰੇ ਪਾਸੇ, ਬਨੇਰਿਆਂ ਵੱਲ ਤੇ ਪਸ਼ੂਆਂ ਵੱਲ ਇਕ ਨਜ਼ਰ ਮਾਰੇਗਾ, ਫਿਰ ਖੰਘੂਰਾ ਮਾਰਕੇ ਗਲਾ ਸਾਫ ਕਰੇਗਾ ਤੇ ਪਿਸ਼ਾਬ ਕਰਕੇ ਸੌਂ ਜਾਵੇਗਾ।

ਕੱਲ੍ਹ ਜਦ ਆਇਆ ਸਾਂ ਤਾਂ ਮੈਨੂੰ ਲਗਿਆ ਸੀ ਕਿ ਸਾਰਾ ਘਰ ਜਿਵੇਂ ਉਤਸ਼ਾਹ ਨਾਲ ਭਰ ਗਿਆ ਸੀ। ਕਈ ਯੋਜਨਾਵਾਂ ਮਿੱਥ ਲਈਆਂ ਸਨ ਕਿ ਫਲਾਣਾ ਕੰਮ ਫਲਾਣੇ ਦਿਨ ਕਰਾਂਗੇ ਤੇ ਫਲਾਣਾ ਕੰਮ

ਦਿਨ.....। ਕੱਲ੍ਹ ਤੁਤ ਵਾਲੇ ਕੀਲੇ ਵਿਚ ਗੋਡੀ ਕਰਾਂਗੇ.... ਸ਼ਾਮ ਤੱਕ ਦਾ ਕੰਮ ਹੈ... ਪਰਸੋਂ ਪਾਣੀ ਦੀ ਵਾਰੀ ਹੈ........ਪਰਸੋਂ......। ਜਿਵੇਂ ਕਿ ਸਾਰੇ ਕੰਮ ਕਰਨ ਲਈ ਮੇਰਾ ਹੀ ਇੰਤਜ਼ਾਰ ਹੋ ਰਿਹਾ ਹੋਵੇ। ਕੁੱਝ ਕੰਮ ਤਾਂ ਮੈਂ ਹੀ ਪੈਦਾ ਕੀਤੇ ਸਨ.....।

ਉਧਰ ਪੜੋਸੀ ਕਹਿ ਰਿਹਾ ਸੀ, "ਤੂੰ ਤਾਂ ਸ਼ੁਗਲ-ਮੇਲਾ ਕਰਨ ਲਈ ਆਉਂਦੈਂ, ਹੁਣ ਤੈਥੋਂ ਕਿਹੜਾ ਕੰਮ ਹੋਣੈ ?"

"ਕਿਉਂ ?" ਮੈਂ ਤ੍ਰਭਕ ਕੇ ਸਵਾਲ ਕੀਤਾ ਸੀ।

"ਤੇਰੀ ਕਾਇਆ ਖ਼ਰਾਬ ਹੋ ਗਈ ਐ ਹੁਣ ਸ਼ਹਿਰ 'ਚ ਖਾਲੀ ਬੈਠੇ ਦੀ... ।"

ਮੇਰੇ ਕੋਲ ਬਹਿਸ ਵਿਚ ਪੈਣ ਨਾਲੋਂ ਨਤੀਜੇ ਵੱਜੋਂ ਕੁੱਝ ਕਰ ਕੇ ਦਿਖਾਉਣ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਸੀ। ਇਕ-ਦੋ ਦਿਨ ਪੂਰੇ ਜੋਸ਼ ਨਾਲ ਕੰਮ ਕਰਕੇ ਵੀ ਦਿਖਾਇਆ ਫੇਰ ਵੀ ਕਹਿੰਦੇ, "ਸ਼ਹਿਰ ਜਾ ਕੇ ਦੇਖੀਂ..... ਕਈ ਦਿਨਾਂ ਤਕ ਸਰੀਰ ਦੁਖਦਾ ਰਹੂਗਾ..... ਅੰਜਰ-ਪੰਜਰ ਢਿੱਲੇ ਹੋ ਜਾਣਗੇ.....।"

ਮਤਲਬ ਮੈਂ ਹੁਣ ਅਜਨਬੀ ਲੋਕ ਦਾ ਜੀਅ ਹੋ ਗਿਆ ਹਾਂ। ਕਪੜੇ ਪਾਉਣ-ਹੰਡਾਉਣ ਦੀ ਗਲ ਹੋਵੇ ਤਾਂ ਵੀ......ਖਾਣ-ਪੀਣ ਦੀ ਗਲ ਹੋਵੇ ਤਾਂ ਵੀ....ਬੱਚਿਆਂ ਦੀ ਗਲ ਹੋਵੇ ਤਾਂ ਵੀ...ਬੱਚਿਓ, ਤੁਸੀਂ ਉਥੇ ਕਿਹੜੀ ਬੋਲੀ ਬੋਲਦੇ ਹੁੰਨੇਓ ? ਬਈ ਤੁਸੀਂ ਤਾਂ ਉਥੇ ਅੰਗ੍ਰੇਜ਼ੀ-ਅੰਗਰੂਜੀ ਬੋਲਦੇ ਹੋਵੋਗੇ....?

ਬੱਚੇ ਤਾਂ ਬਸ ਸੋਚਦੇ ਹੀ ਰਹਿ ਜਾਂਦੇ ਨੇ।

ਸ਼ਹਿਰ ਵਿਚ ਵੀ ਉਨ੍ਹਾਂ ਦੇ ਸਾਹਮਣੇ ਅਕਸਰ ਸਵਾਲ ਨੱਚਦਾ ਰਹਿੰਦਾ ਹੈ - ਤੁਸੀਂ ਤਾਂ ਪਿੰਡ ਨੂੰ ਬਿਲਾਂਗ ਕਰਦੇ ਹੋ ਨਾ....ਆਈ ਮੀਨ ਬੈਕਗ੍ਰਾਉਂਡ....ਯੂ ਨੋ.... ?

ਦਾਦੀ ਦੀ ਸੁਣਾਈ ਹੋਈ ਇਕ ਸੂਰਿਆਵੰਸ਼ੀ ਰਾਜਾ ਦੀ ਕਹਾਣੀ ਚੇਤੇ ਵਿਚ ਤੈਰਣ ਲਗ ਪੈਂਦੀ ਹੈ, "ਉਹ ਹਰਿਸ਼ਚੰਦ੍ਰ ਦਾ ਪਿਤਾ ਸੀ...... ਵਿਸ਼ਵਾਮਿੱਤਰ ਉਸ ਨੂੰ ਕਾਇਆ ਸਮੇਤ ਸੁਰਗ ਵਿਚ ਭੇਜਣਾ ਚਾਹੁੰਦਾ ਸੀ...... ਦੇਵਰਾਜ ਇੰਦਰ ਨੇ ਉਸ ਨੂੰ ਪੁੱਠਾ ਧੱਕ ਦਿੱਤਾ...... ਵਿਸ਼ਵਾਮਿੱਤਰ ਆਪਣੀ ਜ਼ਿੱਦ ਤੇ ਅੜ ਗਿਆ ਤੇ ਉਸ ਨੂੰ ਅਕਾਸ਼ ਵਿਚ ਹੀ ਰੋਕ ਦਿੱਤਾ..... ਉਦੋਂ ਤੋਂ ਹੀ ਉਹ ਪੁੱਠਾ ਲਟਕਿਆ ਹੋਇਆ ਹੈ.....।"

ਕਹਾਣੀ ਸੁਣਦਿਆਂ ਡਰ ਨਹੀਂ ਲਗਦਾ ਸੀ। ਸਿਰਫ ਜਗਿਆਸਾ ਬਣੀ ਰਹਿੰਦੀ ਸੀ। ਅੱਜ ਤਾਂ ਅਜਿਹੀਆਂ ਕਈ ਗੱਲਾਂ ਸੋਚ ਕੇ ਹੀ ਘਬਰਾਹਟ ਜਿਹੀ ਹੋਣ ਲਗ ਜਾਂਦੀ ਹੈ। ਅੰਤਰਿਕਸ਼ ਵਿਚਾਲੇ ਪੁੱਠਾ ਲਟਕਣ ਦੀ ਪੀੜ...... ? ਅਜਿਹੀ ਦੁਖਦਾਈ ਹਾਲਤ..... ? ਓਹ ਨੋ......!

ਘਬਰਾਹਟ ਦੀ ਵਜ੍ਹਾ ਨਾਲ ਨੀਂਦ ਵੀ ਉਚਾਟ ਹੋ ਚੁਕੀ ਹੈ।

ਇਕੋ-ਇਕ ਬਸ ਸਵੇਰੇ ਸਵਾ ਛੇ ਵਜੇ ਪਿੰਡੋਂ ਸ਼ਹਿਰ ਲਈ ਨਿਕਲਦੀ ਹੈ। ਸੋ ਫਟਾਫਟ ਤਿਆਰ ਹੋਣੈ। ਬਿਜਲੀ ਤਾਂ ਇਥੇ ਸ਼ਾਇਦ ਹੀ ਕਦੇ ਰਹਿੰਦੀ ਹੋਵੇ। ਦੀਵੇ ਦੀ ਰੋਸ਼ਨੀ ਵਿਚ ਹੀ ਤਿਆਰ ਹੋਣਾ ਪੈਣੈ। ਹੁਣ ਤਾਂ ਦੀਵੇ ਦੀ ਇਸ ਧੁੰਦਲੀ ਜਿਹੀ ਰੋਸ਼ਨੀ ਵਿਚ ਠੀਕ ਢੰਗ ਨਾਲ ਕੰਘੀ ਵੀ ਨਹੀਂ ਹੁੰਦੀ। ਅੱਖਾਂ ਉਤੇ ਗਿੱਡ ਲੱਗੀ ਹੀ ਰਹਿ ਜਾਂਦੀ ਐ...।

"ਜਾਣਾ ਤਾਂ ਪੈਣਾ ਹੀ ਹੈ.......", ਸੋਚਦੇ ਹੋਏ ਮੈਂ ਤ੍ਰਭਕ ਕੇ ਉਠ ਜਾਂਦਾ ਹਾਂ, "ਜਾਣਾ ਤਾਂ ਹੈ ਈ...।"

*(—ਮਾਰਫਤ ਜੀ.ਐਮ.ਟੀ.,ਸੰਗਰੂਰ)*

--0--0



## ਗ਼ਜ਼ਲਾਂ / ਅਮਰਜੀਤ ਢੁੱਡੀਕੇ

1. ਤਿਰੀ ਚਿੰਤਾ ਜਦੋਂ ਚਿੰਤਨ ਬਣੇਗੀ।
ਦੁਬਾਰਾ ਦੀਵਿਆਂ ਨੂੰ ਲੋਅ ਮਿਲੇਗੀ।

ਚੁਪੀਤਾ ਮਰ ਗਿਆ ਪਾਣੀ ਦੇ ਬਾਝੋਂ,
ਕਦੋਂ ਉਸ ਬਿਰਖ ਦੀ ਸੁਰਖੀ ਛਪੇਗੀ।

ਨਜ਼ਰ ਸਾਡੀ ਤਰਸਦੀ ਦੀਦ ਨੂੰ ਹੈ,
ਤਿਰੇ ਬੂਹੇ ਤੋਂ ਕਦ ਚਿਲਮਨ ਹਟੇਗੀ।

ਕਦੋਂ ਤੀਕਰ ਦੁਆਲੇ ਪੱਥਰਾਂ ਦੇ,
ਤੁਹਾਡੀ ਧੂਫ ਇਹ ਧੁਖਦੀ ਰਹੇਗੀ।

ਫਸਾ ਕੇ ਜਾਲ ਵਿਚ ਤੈਨੂੰ ਇਹ ਮੱਕੜੀ,
ਭਰੋਸਾ ਪਿਆਰ ਤੇਰੇ ਦਾ ਕਰੇਗੀ।

ਕਦੋਂ ਤੱਕ ਲਿਪਸਟਿਕ ਦੇ ਰੰਗ ਹੇਠਾਂ,
ਉਦਾਸੀ ਐ ਸਨਮ ਤੇਰੀ ਛੁਪੇਗੀ।

ਜਦੋਂ ਤੱਕ ਦਾਣਿਆਂ ਦਾ ਲੋਭ ਇਸਨੂੰ,
ਚਿੜੀ ਇਹ ਜਾਲ ਵਿਚ ਫਸਦੀ ਰਹੇਗੀ।

2. ਸਾਥੋਂ ਕਰਾਇਆ ਮੌਸਮਾਂ ਨੇ ਜੋ ਅਸੀਂ ਕਰਦੇ ਰਹੇ।
ਪਤ ਬਿਰਖ ਦੇ ਫੁਟਦੇ ਰਹੇ ਸੁਕਦੇ ਰਹੇ ਝੜਦੇ ਰਹੇ।

ਕੁਝ ਫੁੱਲ ਨੇ ਜੋ ਹੁਸਨ ਬਣ ਘਰ ਦੀ ਬਗੀਚੀ ਦੇ ਖਿੜੇ
ਕੁਝ ਫੁੱਲ ਸਜ ਕੇ ਛਾਤੀਆਂ 'ਤੇ ਦੋ ਘੜੀ ਮਰਦੇ ਰਹੇ।

ਫਿਰ ਕੀ ਬਣੇਗਾ ਆਪਣੇ ਪਰਿਵਾਰ ਦਾ ਇਸ ਮਹਿਲ ਦਾ,
ਜੇ ਇਕ ਹੀ ਛਤ ਹੇਠ ਥਮਲੇ ਇਸ ਤਰ੍ਹਾਂ ਲੜਦੇ ਰਹੇ।

ਸਾਡੇ ਵੀ ਘਰ ਦੀ ਔੜ ਨੂੰ ਹੈ ਲੋੜ ਪਾਣੀ ਦੀ, ਮਗਰ,
ਫਨਕਾਰ ਹਾਂ ਸੁਕ ਸੜ ਰਹੀ ਹਰ ਫਸਲ ਤੇ ਵਰ੍ਹਦੇ ਰਹੇ।

ਫਿਰ ਕਿਸ ਤਰ੍ਹਾਂ ਚਾਨਣ ਕਰੇਂਗਾ ਇਸ ਹਨੇਰੇ ਸ਼ਹਿਰ ਵਿਚ,
ਦੀਵੇ ਤਿਰੇ ਜੇਕਰ ਹਵਾ ਦੇ ਵੇਗ ਤੋਂ ਡਰਦੇ ਰਹੇ।

ਮੁਕਤੀ ਅਸਾਨੂੰ ਪਾਤਰਾਂ ਨੂੰ ਨਾ ਮਿਲੀ ਹਾਲਾਤ ਤੋਂ,
ਜੋ ਵੀ ਮਿਲੇ ਕਿਰਦਾਰ ਸਾਨੂੰ ਉਹ ਅਦਾ ਕਰਦੇ ਰਹੇ।

3. ਭਾਵੇਂ ਸਾਰੇ ਰੰਗ ਫਾਸਲਾ ਰਖਦੇ ਨੇ।
ਗੁਲਦਸਤੇ ਦੇ ਫੁੱਲ ਰਾਬਤਾ ਰਖਦੇ ਨੇ।

ਰੌਸ਼ਨਦਾਨਾਂ ਨਾਲ ਵਾਸਤਾ ਰਖਦੇ ਨੇ।
ਇਸ ਕਮਰੇ ਦੇ ਲੋਕ ਚੇਤਨਾ ਰਖਦੇ ਨੇ।

ਮਾਰ ਕੇ ਚੁੱਭੀ ਕੌਣ ਫੋਲਦਾ ਸਾਗਰ ਨੂੰ,
ਬੇੜੇ ਲਹਿਰਾਂ ਨਾਲ ਵਾਸਤਾ ਰੱਖਦੇ ਨੇ।

ਜਿਹੜੀ ਮਰਜ਼ੀ ਰੰਗ ਬਦਲ ਆਵਣ ਬੱਦਲ,
ਨੱਚਣ ਦਾ ਇਹ ਮੋਰ ਹੌਸਲਾ ਰਖਦੇ ਨੇ।

ਮਿਲ ਜਾਂਦੀ ਹੈ ਰੋਜ਼ ਖਿਆਲਾਂ ਨੂੰ ਮੰਜ਼ਿਲ,
ਛਾਵੇਂ ਬੈਠੇ ਪੈਰ. ਕਲਪਨਾ ਰਖਦੇ ਨੇ।

ਇਸ ਨਗਰੀ ਦੇ ਲੋਕੀਂ ਡਰਦੇ ਰਹਿੰਦੇ ਨੇ.
ਚਾਰ ਦਿਸ਼ਾਵਾਂ ਨਾਲ ਵਾਸਤਾ ਰਖਦੇ ਨੇ।

ਸ਼ਾਮ ਸਵੇਰੇ ਰੋਜ਼ ਤੜਪਦੇ ਰਹਿੰਦੇ ਨੇ,
ਜਿਹੜੇ ਜਿਹੜੇ ਸਾਜ਼ ਆਤਮਾਂ ਰਖਦੇ ਨੇ।

4. ਹੈ ਕਦੇ ਗ਼ਮ ਕਦੇ ਹੈ ਖੁਸ਼ੀ ਜ਼ਿੰਦਗੀ।
ਰੁਖ ਬਦਲਦੀ ਰਹੇ ਹਰ ਘੜੀ ਜ਼ਿੰਦਗੀ।

ਕੁੱਖ ਤੋਂ ਹੈ ਕਬਰ ਤੀਕ ਦਾ ਜੋ ਸਫ਼ਰ,
ਤਹਿ ਕਰੇ ਧੁੱਪ ਛਾਂ ਲੰਘਦੀ ਜ਼ਿੰਦਗੀ।

ਖ਼ੂਬਸੂਰਤ ਕੋਈ ਰੂਪ ਦੇ ਖਾਕ ਨੂੰ,
ਕਾਲ ਦੇ ਚੱਕ ਤੇ ਘੁੰਮਦੀ ਜ਼ਿੰਦਗੀ।

ਨਾ ਬਣੀ ਖਾਕ ਤੇ ਨਾ ਬਣੀ ਰੌਸ਼ਨੀ.
ਰਾਤ ਸਾਰੀ ਸੁਲਗਦੀ ਰਹੀ ਜ਼ਿੰਦਗੀ।

ਹਾਣ ਦਾ ਆਇਨਾ ਹੀ ਨ ਮਿਲਿਆ ਕਿਤੋਂ.
ਚਿਹਰਾ ਅਪਣਾ ਕੀ ਪਹਿਚਾਣਦੀ ਜ਼ਿੰਦਗੀ।

ਰੰਗ ਐਨਕ ਦੇ ਜਿੰਨੇ ਵੀ ਬਦਲੇ ਅਸੀਂ,
ਰੰਗ ਓਨੇ ਬਦਲਦੀ ਰਹੀ ਜ਼ਿੰਦਗੀ।

ਹੈ ਕਦੇ ਜਾਪਦੀ ਇਹ ਸਮੁੰਦਰ ਕੋਈ.
ਤੇ ਕਦੇ ਬੂੰਦ ਹੈ ਜਾਪਦੀ ਜ਼ਿੰਦਗੀ।

*—ਪਿੰਡ ਤੇ ਡਾਕ ਢੁੱਡੀਕੇ (ਮੋਗਾ)*



## ਗ਼ਜ਼ਲ / *ਕਸ਼ਮੀਰ ਨੀਰ*

5. ਸਿਰਾਂ ਤੇ ਝੂਠ ਦੀਆਂ ਆਦਮੀ ਚੁੱਕੀ ਫਿਰਨ ਪੰਡਾਂ।
ਕਿਸੇ ਦੇ ਕੋਲ ਜੋ ਕੁਝ ਹੈ ਉਹ ਸੋਚੇ ਹਰ ਤਰਫ਼ ਵੰਡਾਂ।

ਦਿਸ਼ਾਵੀ ਫ਼ਰਕ ਰਾਹਾਂ ਵਿਚ, ਵਗਣ ਪੂਰਬ ਨੂੰ ਪੱਛਮ ਨੂੰ,
ਮੈਂ ਜਾਵਾਂ ਆਤਮਾ ਵੱਲ ਜਾਂ ਕਿ ਜੱਗ ਦੇ ਨਾਲ ਮੈਂ ਹੰਢਾਂ।

ਮਿਲੀ ਹੈ ਜ਼ਿੰਦਗੀ ਬਣ ਕੇ ਅਸਾਂਨੂੰ ਕਿੰਜ ਦਾ ਵਸਤਰ,
ਜੇ ਅਪਣੇ ਢਿੱਡ ਢਕਦੇ ਹਾਂ ਤਾਂ ਹੁੰਦੀਆਂ ਨੰਗੀਆਂ ਕੰਡਾਂ।

ਤੁਸੀਂ ਵੀ ਛਡ ਦਿਉਗੇ ਸੁਪਨਿਆਂ ਵਿਚ ਇਕ ਦਿਨ ਜਿਉਣਾ,
ਜਦੋਂ ਮੂੰਹ ਤੇ ਹਾਲਾਤ ਹਕੀਕਤਾਂ ਨੇ ਮਾਰੀਆਂ ਚੰਡਾਂ।

ਤਪਸ਼ ਸਮਝਣ ਲਈ ਲੱਭੋ ਕੁਈ ਨਲਕਾ, ਨਦੀ, ਝਰਨਾ
ਕਿ ਠੰਢੇ ਪੀਤਿਆਂ ਸਜਣੋਂ ਕਦੇ ਨਾ ਪੈਣੀਆਂ ਠੰਢਾਂ।

ਲਿਖਾਂ ਮੈਂ ਸ਼ਿਅਰ ਕਣਕਾਂ ਸਿੰਜਣ ਵਰਗੇ ਪੋਹ ਦੀ ਰਾਤੇ
ਤੂੜੀ ਬੰਨ੍ਹਣ ਵਰਗੇ ਵੀ, ਪਰਾਲੀ ਜਦ ਹਰੀ ਫੰਡਾਂ।

ਖਿਸਕ ਨਾ ਚਾਦਰਾਂ ਲੋਹੇ ਦੀਆਂ ਵੀ ਸਕਦੀਆਂ ਭੋਰਾ
ਹਥੌੜਾ ਵਕਤ ਦਾ ਕਰਦਾ ਜਦੋਂ ਕਿੱਲਾਂ ਦੀਆਂ ਝੰਡਾਂ।

ਰਹੀ ਹਰ ਸਦੀ ਦੇ ਹਰ ਸਾਲ ਦੇ ਹਰ ਦਿਨ 'ਚ ਵਾਪਰਦੀ,
ਕਹਾਣੀ ਖ਼ੂਬ ਲਮਕਾਈ ਝਨਾਵਾਂ ਤੇ ਥਲਾਂ, ਜੰਡਾਂ।

ਟਿਮਕਣੇ ਰੌਸ਼ਨੀ ਦੇ ਤਾਰਿਆਂ ਨੂੰ ਦੇ, ਕਿਹਾ ਸੂਰਜ
ਹੁਣੇ ਆਇਆ, ਤੱਕੋਗੇ ਨੇਰ੍ਹਿਆਂ ਨੂੰ ਕਿੰਜ ਮੈਂ ਫੰਡਾਂ।

ਉਨ੍ਹਾਂ ਦੇ ਸੁਖਨ ਆਪਾਂ ਸੁਣਨ ਨੂੰ ਤੇ ਕਹਿਣ ਨੂੰ ਸਮਝੇ,
ਉਹ ਪਰ ਸਨ ਰੱਖਣ ਵਾਲੇ ਦਿਲ 'ਚ ਦੇ ਕੇ ਪੀਡੀਆਂ ਗੰਢਾਂ।

*(ਨੇੜੇ ਗੁਰਦਵਾਰਾ, ਅਫ਼ਜ਼ਲ ਗੜ੍ਹ (ਬਿਜਨੌਰ) ਯੂ.ਪੀ.)*

## ਗ਼ਜ਼ਲ / *ਅਮਰਦੀਪ ਸੰਧਾਵਾਲੀਆ*

6. ਸਾਜ਼ਿਸ਼ਾਂ ਦੇ ਦੌਰ ਅੰਦਰ ਹਾਦਸੇ ਤਾਂ ਹੋਣਗੇ।
ਹੋਣਗੇ ਬੇਆਸਰੇ ਸਭ, ਆਸਰੇ ਤਾਂ ਹੋਣਗੇ।

ਚੀਕਦੇ ਸ਼ਬਦਾਂ 'ਚੋਂ ਪਰਤੇ ਜੋ ਬਚਾ ਕੇ ਆਬਰੂ,
ਅਰਥ ਮੇਰੀ ਚੁੱਪ ਦੇ ਉਹ ਭਾਲਦੇ ਤਾਂ ਹੋਣਗੇ।

ਪਾਰਦਰਸ਼ੀ ਇਸ਼ਕ ਮੇਰੇ ਤੋਂ ਖ਼ਫਾ ਜੋ ਲੋਕ ਨੇ,
ਕੱਚ ਦਾ ਸਾਮਾਨ ਘਰ ਉਹ ਵਰਤਦੇ ਤਾਂ ਹੋਣਗੇ।

ਲੁਕ ਲੁਕਾ ਕੇ, ਵਰਗਲਾ ਕੇ ਬਿਰਖ ਨੂੰ ਧੁੱਪ ਲੈ ਗਈ,
ਖ਼ੈਰ ਸਭ ਕੁਝ ਵੇਖਦੇ ਕੁਝ ਆਲ੍ਹਣੇ ਤਾਂ ਹੋਣਗੇ।

ਹਰਫ਼ ਜੋ ਮੇਰੀ ਕਥਾ ਦੇ ਹਾਣ ਦੇ ਨਾ ਹੋ ਸਕੇ,
ਬੇਵਜ੍ਹਾ ਮੈਨੂੰ ਬੜਾ ਉਹ ਕੋਸਦੇ ਤਾਂ ਹੋਣਗੇ।

ਹੁਣ ਦਿਮਾਗਾਂ ਦਾ ਚੁਫ਼ੇਰੇ ਬੋਲਬਾਲਾ ਹੋ ਗਿਆ,
ਉਂਝ ਹਾਲੇ ਵੀ ਦਿਲਾਂ ਦੇ ਮਾਮਲੇ ਤਾਂ ਹੋਣਗੇ।

ਚਲ 'ਅਮਰ' ਏਥੇ ਤਾਂ ਬੁੱਧੀਜੀਵੀਆਂ ਦੀ ਲੋੜ ਹੈ,
ਲੱਭੀਏ ਦੋ-ਚਾਰ ਕਿਧਰੇ ਸਿਰਫਿਰੇ ਤਾਂ ਹੋਣਗੇ।

## ਗ਼ਜ਼ਲ

7. ਖ਼ਤਰਾ ਬੜਾ ਹੈ ਜਾਪਦਾ ਜਦ ਡਰ ਨਹੀਂ ਹੁੰਦਾ ਕਦੇ,
ਹੁਣ ਚੈਨ ਵਿਚ ਵੀ ਚੈਨ ਰੱਤੀ ਭਰ ਨਹੀਂ ਹੁੰਦਾ ਕਦੇ।

ਥਾਂ-ਸਿਰ ਸਿਰਾਂ ਨੂੰ ਕੁਝ ਪਲਾਂ ਦੇ ਵਾਸਤੇ ਆ ਰੱਖੀਏ,
ਸਿਰ ਨੂੰ ਤਲੀ ਤੇ ਹਰ ਘੜੀ ਤਾਂ ਧਰ ਨਹੀਂ ਹੁੰਦਾ ਕਦੇ।

ਮਨਫ਼ੀ ਜਿਹਾ ਹੋਇਆ ਉਹ ਦਫ਼ਤਰ ਆ ਕੇ ਅਕਸਰ ਸੋਚਦਾ
ਘੱਗਾ ਜਮਾਂ ਰਾਰਾ ਹੀ ਕੇਵਲ ਘਰ ਨਹੀਂ ਹੁੰਦਾ ਕਦੇ।

ਨਾ ਭਾਲਦੇ ਪਾਣੀ ਪਿਆਸੇ ਹਰਫ਼ ਜੇਕਰ ਜਾਣਦੇ
ਮਾਰੂਥਲਾਂ ਦੇ ਗੀਤ ਅੰਦਰ ਸਰ ਨਹੀਂ ਹੁੰਦਾ ਕਦੇ।

ਤੇਰੇ ਬਿਨਾਂ ਜੀਣਾ ਬੜਾ ਦੁਸ਼ਵਾਰ ਭਾਵੇਂ ਹੋ ਗਿਆ,
ਪਰ ਮਰ ਗਿਆਂ ਦੇ ਨਾਲ ਵੀ ਤਾਂ ਮਰ ਨਹੀਂ ਹੁੰਦਾ ਕਦੇ।

*—ਆਕਾਸ਼ਬਾਣੀ ਬਠਿੰਡਾ*

## ਗ਼ਜ਼ਲ / *ਕੰਵਰ ਇਕਬਾਲ*

8. ਯਾਰ ਦੀ ਬੁੱਕਲ 'ਚ ਸਿਰ ਦੇ ਕੇ ਬੜਾ ਚਿਰ ਡੁਸਕਿਆ।
ਦੂਰ ਜੋ ਵਤਨਾਂ ਤੋਂ ਸੀ ਯਾਰੋ ਕਦੋਂ ਦਾ ਟੁਰ ਗਿਆ।

ਠੰਡੜੀ ਮਾਣੀ ਨਾ ਛਾਂ, ਨਾ ਧੁੱਪ, ਨਾ ਬਰਸਾਤ ਉਸ,
ਡਾਲਰਾਂ ਪੈਂਡਾਂ 'ਚ ਖੁਰਦਾ ਚੀਲ੍ਹ ਦਾ ਰੁੱਖ ਖੁਰ ਗਿਆ।

ਉਸ ਦੀ ਬੱਚੀ ਜਿਉਂਦੀਆਂ ਕਬਰਾਂ 'ਚੋਂ ਨਿੱਤ ਕਰਦੀ ਤਲਾਸ਼,
ਮਾਂ ਜਿਹਾ ਕੋਈ ਅਕਸ, ਜੋ ਖੇਡਣ ਦੀ ਉਮਰੇ ਤੁਰ ਗਿਆ।

ਹਾਕ ਸੁਣਕੇ ਬਾਪ ਦੀ, ਆਇਆ ਸਮੁੰਦਰ ਚੀਰਦਾ,
ਫਰਜ਼ ਸਭ ਹੱਥੀਂ ਨਿਭਾ ਲਏ, ਹੂਕ ਲੈ ਕੇ ਪਰਤਿਆ।

ਫੋਨ ਤੇ ਕੁਝ ਕਹਿ ਨਾ ਸਕਿਆ, ਸਿਸਕਿਆ ਹਾਏ ਅੰਮੀਏ,
ਥੰਮ ਖਿੜੀ ਗੁਲਜ਼ਾਰ ਦਾ ਕਿਹੜੇ ਹੜ੍ਹਾਂ ਵਿਚ ਹੜ੍ਹ ਗਿਆ।

ਅੰਮੀਏ, ਬਾਪੂ ਪਿਆਰਾ ਬਹੁਤ ਚੇਤੇ ਆਂਵਦਾ ਈ,
ਵਤਨ ਦੀ ਮਿੱਟੀ ਜਿਹਾ ਹੁਣ ਕੋਲ ਕੁਝ ਵੀ ਨਾ ਰਿਹਾ।

ਲੋਚਦਾ ਹਾਂ ਪਰਤ ਆਵਾਂ, ਯਾਂ ਬੁਲਾਵਾਂ ਕੋਲ ਤੈਨੂੰ,
ਹਾੜਾ ਈ 'ਅਵਤਾਰ' ਅੰਮੀਏ ਸਹਿ ਨਹੀਂ ਸਕਦਾ ਹੋਰਵਾ।

ਬਖਸ਼ ਵੀ ਦੇ ਹੁਣ ਖੁਦਾਇਆ, ਰਹਿਮ ਕਰ ਬੱਸ ਰਹਿਮ ਕਰ,
ਲਾਲ ਹਾਂ ਇਕ ਲੋਚਦਾ, ਅਜ਼ਲਾਂ ਤੋਂ ਫਿਰਦਾ ਸਹਿਕਦਾ।

ਉਮਰ ਦੀ ਇਸ ਡਾਲ ਤੋਂ, ਪੱਤੇ ਨੇ ਝੜਦੇ ਜਾ ਰਹੇ,
ਤੂੰ ਹੀ ਦੱਸ ਕਲਮਾਂ ਦੇ ਵਾਰਸ ਕੀ ਬਣੇਗਾ ਦੋਸਤਾ।

ਰੋਜ਼ੀ ਰੋਟੀ ਖਿਚ ਲਿਆਈ ਸੀ ਅਸਾਂ ਨੂੰ ਇਸ ਗਰਾ,
ਜਾਣਦੇ ਨਾ ਸਾਂ ਉਮਰ ਦਾ ਬੁਣ ਆਏ ਹਾਂ ਸਿਲਸਿਲਾ।

ਸਾਜਰੇ ਹੀ ਮੂੰਹ ਹਨੇਰੇ ਚੁੱਕ ਲੈਂਦੇ ਹਾਂ ਔਜ਼ਾਰ,
ਜ਼ਿਹਨ ਵਿਚ ਭਟਕਣ ਰਹੇ ਅੰਗਾਂ 'ਚੋਂ ਉਠਦੇ ਜ਼ਲਜ਼ਲਾ।

ਪਰਤਣਾ ਮੁਮਕਿਨ ਨਹੀਂ, ਪਰਤਾਂਗਾ ਫਿਰ ਵੀ ਆਸ ਹੈ,
ਆਸ ਰੱਖ 'ਇਕਬਾਲ' ਮਿੱਤਰ ਹੁਣ ਨਾ ਢਾਵ੍ਹੀ ਹੌਸਲਾ।

*(ਇਕਬਾਲ ਫੈਂਸੀ ਸਟੋਰ, ਅੰਮ੍ਰਿਤ ਬਾਜ਼ਾਰ, ਕਪੂਰਥਲਾ।)*





# ਜਾਰਜ ਲੂਕਾਚ ਨਾਲ ਇਕ ਮੁਲਾਕਾਤ / *ਰਾਮ ਕੁਮਾਰ*

ਅਕਤੂਬਰ 1955 ਵਿਚ ਜਦ ਮੈਂ ਪੈਰਿਸ ਵਿਚ ਸੀ ਤਾਂ ਇਕ ਦਿਨ ਹੰਗਰੀ ਤੋਂ ਸੱਦਾ ਪੱਤਰ ਮਿਲਣ ਤੇ ਜੋ ਸਭ ਤੋਂ ਪਹਿਲਾਂ ਪ੍ਰਸੰਨਤਾ ਹੋਈ, ਉਹ ਸੀ ਜਾਰਜ ਲੁਕਾਚ ਨੂੰ ਮਿਲਣ ਦੀ। ਉਹਨਾਂ ਦੀ ਅੰਗਰੇਜ਼ੀ ਵਿਚ ਅਨਵਾਦਤ ਪੁਸਤਕ (ਯੂਰਪੀਅਨ ਯਥਾਰਥਵਾਦ ਇਕ ਅਧਿਐਨ) ਨੂੰ ਪਿਛਲੇ ਤਿੰਨ ਚਾਰ ਵਰ੍ਹਿਆਂ ਵਿਚ ਮੈਂ ਕਿੰਨੀ ਵਾਰ ਪੜ੍ਹਿਆ ਸੀ, ਤੇ ਟਾਲਸਟਾਏ, ਬਾਲਜ਼ਾਕ, ਜੋਲਾ ਗੋਰਕੀ ਆਦਿ ਦੀਆਂ ਲਿਖਤਾਂ ਬਾਰੇ ਉਹਨਾਂ ਦੇ ਵਿਚਾਰ ਪੜ੍ਹ ਕੇ ਮੈਨੂੰ ਕਿੰਨੀਆਂ ਹੀ ਨਵੀਆਂ ਗੱਲਾਂ ਪਤਾ ਲੱਗੀਆਂ ਸੀ। ਲੁਕਾਚ ਦੇ ਸੂਖਮ ਵਿਸ਼ਲੇਸ਼ਣ ਵਿਚ ਮੌਲਿਕਤਾ ਦੇ ਨਾਲ ਨਾਲ ਇਹਨਾਂ ਲੇਖਕਾਂ ਦੇ ਉਹਨਾਂ ਪੱਖਾਂ ਤੇ ਵੀ ਚਾਨਣ ਪਾਇਆ ਗਿਆ ਸੀ, ਜਿਹੜਾ ਆਲੋਚਨਾ ਦੀ ਕਿਸੇ ਹੋਰ ਪੁਸਤਕ ਵਿਚ ਵੇਖਣ ਨੂੰ ਵੀ ਨਹੀਂ ਮਿਲਦਾ। ਟਾਮਸ ਮਾਨ ਨੇ ਉਹਨਾਂ ਨੂੰ ਅੱਜ ਦੇ ਮਹਾਨ ਆਲੋਚਨ ਦੀ ਪਦਵੀਂ ਦਿੱਤੀ ਤੇ ਲੁਕਾਚ ਨੇ ਜੋ ਲਿਖਿਆ ਉਸ ਦਾ ਟਾਮਸ ਮਾਨ ਦੀਆਂ ਲਿਖਤਾਂ ਉੱਤੇ ਵੀ ਪਿਆ। ਪੱਛਮ ਦੇ ਬਹੁਤ ਸਾਰੇ ਲੇਖਕ ਤੇ ਆਲੋਚਕ ਭਾਵੇਂ ਮਾਰਕਸਵਾਦੀ ਆਲੋਚਨਾ ਬਾਰੇ ਤਿੱਖੇ ਮਤ ਭੇਦ ਰੱਖਦੇ ਨੇ, ਪਰ ਲੁਕਾਚ ਦੀ ਆਲੋਚਨਾ ਦਾ ਜਿਸ ਦੇ ਸਿਧਾਂਤ ਮਾਰਕਸਵਾਦੀ ਦਰਸ਼ਨ ਉੱਤੇ ਅਧਾਰਤ ਹਨ, ਉਹਨਾਂ ਨੇ ਸਦਾ ਹੀ ਆਦਰ ਕੀਤਾ, ਕਿਉਂਕਿ ਇਹਨਾਂ ਸਿਧਾਂਤਾਂ ਦੇ ਨਾਲ ਨਾਲ ਲੁਕਾਚ ਵਿਚ ਕਲਾਤਮਿਕ ਤੇ ਮਨੁੱਖੀ ਪਰਖ ਦੀ ਤਿੱਖੀ ਦ੍ਰਿਸ਼ਟੀ ਸੀ।

ਬੁਡਾਪੈਸਟ ਆਉਣ ਦੇ ਤਿੰਨ ਚਾਰ ਦਿਨ ਬਾਅਦ ਹੀ ਮੈਂ ਲੁਕਾਚ ਨੂੰ ਮਿਲਣ ਦੀ ਗੱਲ ਆਪਣੇ ਮਿੱਤਰਾਂ ਨੂੰ ਆਖੀ ਤੇ ਲੁਕਾਚ ਨੂੰ ਜਦ ਇਹ ਪਤਾ ਲੱਗਿਆ ਤਾਂ ਉਹਨਾਂ ਨੇ ਮੈਨੂੰ ਇਕ ਦਿਨ ਸ਼ਾਮ ਨੂੰ ਆਪਣੇ ਘਰ ਚਾਹ ਤੇ ਆਉਣ ਦਾ ਸੱਦਾ ਪੱਤਰ ਦਿੱਤਾ। ਮੇਰੇ ਹੋਟਲ ਤੋਂ ਉਹਨਾਂ ਦਾ ਘਰ ਕਰੀਬ ਹੀ ਸੀ ਤੇ ਮੈਂ ਡੈਨਯੂਬ ਦਰਿਆ ਦੇ ਕੰਢੇ ਕੰਢੇ ਉਸ ਸ਼ਾਮ ਨੂੰ ਉਹਨਾਂ ਦੇ ਘਰ ਵੱਲ ਚੱਲ ਪਿਆ। ਡੈਨਯੂਬ ਦੇ ਕੰਢੇ ਤੇ ਬਣੀ ਇਕ ਨਵੀਂ ਇਮਾਰਤ ਦੀ ਪੰਜਵੀਂ ਮੰਜ਼ਿਲ ਤੇ ਉਹਨਾਂ ਦਾ ਫਲੈਟ ਸੀ। ਬੁਡਾਪੈਸਟ ਦੇ ਸ਼ੋਰ ਤੋਂ ਦੂਰ ਉਹ ਇਸ ਮਕਾਨ ਵਿਚ ਆਪਣੀ ਲਾਇਬ੍ਰੇਰੀ ਵਿਚ ਬਹਿ ਕੇ ਪੁਸਤਕਾਂ ਲਿਖਦੇ ਸਨ।

ਜਾਰਜ ਲੁਕਾਚ ਦਾ ਜਨਮ 1885 ਵਿਚ ਬੁੱਢਾ ਪੈਸਟ ਵਿਚ ਹੋਇਆ ਸੀ। ਉਹ ਇਕ ਅਮੀਰ ਬੈਂਕ ਡਾਇਰੈਕਟਰ ਦੇ ਪੁੱਤਰ ਸਨ। ਉਹਨਾਂ ਦੀ ਸਾਹਿਤਕ ਅਤੇ ਬੌਧਿਕ ਪ੍ਰਤਿਭਾ ਦੇ ਚਿੰਨ ਆਰੰਭ ਤੋਂ ਹੀ ਪ੍ਰਗਟ ਹੋਣ ਲੱਗੇ ਸਨ। ਜਦੋਂ ਉਹਨਾਂ ਦੀ ਉਮਰ ਵੀਹ ਸਾਲਾਂ ਤੋਂ ਵੀ ਘੱਟ ਸੀ ਤਾਂ ਉਹਨਾਂ ਦੀ ਦੋ ਭਾਗ ਵਿਚ ਇਕ ਪੁਸਤਕ, ਆਧੁਨਿਕ ਨਾਟਕ ਦਾ ਜਨਮ ਤੇ ਇਕ ਸਾਹਿਤਕ ਪੁਰਸਕਾਰ ਮਿਲਿਆ ਸੀ। ਇਸ ਪੁਸਤਕ ਦਾ ਮਹੱਤਵ ਅੱਜ ਵੀ ਘਟਿਆ ਨਹੀਂ। ਉਹਨਾਂ ਦੀਆਂ ਪੁਰਾਣੀਆਂ ਪੁਸਤਕਾਂ ਵਿਚ ਉਪਨਿਆਸ ਦੇ ਸਿਧਾਂਤ ਅਤੇ ਹਾਫਮਾਨ ਸਤਾਲ, ਸਟੀਫਨ ਜਾਰਜ ਅਤੇ ਰਿਲਕੇ ਆਦਿ ਕਵੀਆਂ ਉੱਤੇ ਲਿਖੇ ਗਏ ਲੇਖਾਂ ਦਾ ਸੰਗ੍ਰਹਿ ਵੀ ਪ੍ਰਾਪਤ ਹੈ।

1918 ਵਿਚ ਲੁਕਾਚ ਉੱਤੇ ਸਮਾਜਵਾਦ ਦਾ ਪ੍ਰਭਾਵ ਪਿਆ ਤੇ ਫਿਰ 'ਬੇਲਾ ਕੁੰਨ' ਦੀ ਸਰਕਾਰ ਵਿਚ ਉਹ ਬਹੁਤ ਸਮੇਂ ਤੱਕ ਸਿਖਿਆ ਮੰਤਰੀ ਵੀ ਰਹੇ। ਇਸ ਸਰਕਾਰ ਦੇ ਪਤਨ ਪਿੱਛੋਂ ਉਹਨਾਂ ਨੂੰ ਬਰਲਨ ਭੱਜ ਜਾਣਾ ਪਿਆ। ਬਰਲਨ ਵਿਚ ਜਦੋਂ ਨਾਜ਼ੀਆਂ ਦੀ ਤਾਕਤ ਬਹੁਤ ਵਧ ਗਈ ਤੇ ਉਥੇ ਰਹਿਣਾ ਅਸੰਭਵ ਹੋ ਗਿਆ ਤਾਂ ਉਹ ਮਾਸਕੋ ਚਲੇ ਗਏ, ਜਿਥੇ ਉਹਨਾਂ ਬਾਰਾਂ ਸਾਲ ਬਿਤਾਏ ਤੇ ਏਸ ਸਮੇਂ ਵਿਚ ਉਹਨਾਂ ਦਾ ਅਸਾਧਾਰਨ ਵਿਕਾਸ ਹੋਇਆ। ਪਿਛਲੇ ਯੁੱਧ ਤੋਂ ਬਾਅਦ ਜਦੋਂ ਸੋਵੀਅਤ ਨੇਤਾਵਾਂ ਨੇ ਹੰਗਰੀ ਨੂੰ ਨਾਜ਼ੀਆਂ ਤੋਂ ਮੁਕਤ ਕਰਾਇਆ ਤਾਂ ਉਹ ਬੁਡਾ ਪੈਸਟ ਯੂਨੀਵਰਸਿਟੀ ਵਾਪਸ ਪਰਤ ਆਏ। ਸੁਭਾਵਿਕ ਰੂਪ ਵਿਚ ਕਮਿਊਨਿਸਟ ਪਾਰਟੀ ਦੇ ਅੰਦਰ ਬੁਧੀਜੀਵੀਆਂ ਦਾ ਆਗੂ ਹੋਣ ਦਾ ਸਨਮਾਨ ਉਹਨਾਂ ਨੂੰ ਹੀ ਪ੍ਰਾਪਤ ਹੋਇਆ। ਬੁਡਾ ਪੈਸਟ ਵਿਸ਼ਵ ਵਿਦਿਆਲੇ ਵਿਚ ਸੁਹਜ-ਸ਼ਾਸ਼ਤਰ ਦਾ ਵਿਭਾਗ ਉਹਨਾਂ ਨੇ ਸੰਭਾਲਿਆ ਤੇ ਵਿਦਿਆਰਥੀਆਂ ਉੱਤੇ ਉਹਨਾਂ ਦਾ ਵਿਸ਼ੇਸ਼ ਪ੍ਰਭਾਵ ਪਿਆ। ਸਾਰੇ ਵਿਸ਼ਵ ਵਿਦਿਆਲੇ ਵਿਚ ਉਹ ਸਭ ਤੋਂ ਸਨਮਾਨਿਤ ਬੁਧੀਜੀਵੀ ਸਨ। ਜਾਰਜ ਲੁਕਾਚ ਨੂੰ ਵੇਖਦੇ ਸਾਰ ਹੀ ਐਸਾ ਪ੍ਰਤੀਤ ਹੁੰਦਾ ਹੈ ਜਿਵੇਂ ਉਹਨਾਂ ਦੇ ਤੇ ਸਾਡੇ ਵਿਚਕਾਰ ਕੋਈ ਦੀਵਾਰਾਂ ਨਾ ਹੋਣ ਤੇ

ਨਿਜਤਵ ਦੀ ਗੰਢ ਬਿਨਾਂ ਕਿਸੇ ਕਠਿਨਾਈ ਦੇ ਖੁੱਲ੍ਹ ਗਈ ਹੋਵੇ। ਉਹਨਾਂ ਦੇ ਚਿਹਰੇ ਨੂੰ ਇਕ ਵਾਰ ਵੇਖਕੇ ਮੇਰੀ ਸਾਰੀ ਝਿਜਕ ਦੂਰ ਹੋ ਗਈ। ਮੈਂ ਇਸ ਗੱਲ ਨੂੰ ਭੁੱਲ ਗਿਆ ਕਿ ਮੈਂ ਆਪਣੇ ਯੁੱਗ ਦੇ ਸਭ ਤੋਂ ਮਹਾਨ ਸਾਹਿਤ-ਆਲੋਚਕ ਨਾਲ ਗੱਲਾਂ ਕਰ ਰਿਹਾ ਹਾਂ। ਉਹਨਾਂ ਦੇ ਖਿੰਡੇ-ਪੁੰਡੇ ਚਿੱਟੇ ਵਾਲ ਉਹਨਾਂ ਦੇ ਮੱਥੇ ਤੇ ਖਿਲਰੇ ਹੋਏ ਸਨ, ਉਹਨਾਂ ਦੀਆਂ ਭੂਰੀਆਂ ਅੱਖਾਂ ਵਿਚ ਇਕ ਡੂੰਘਾਈ ਜਹੀ ਵਿਖਾਈ ਦਿੰਦੀ ਸੀ। ਜਿਨ੍ਹਾਂ ਵਿਚ ਡੁੱਬ ਕੇ ਗਵਾਚ ਜਾਣਾ ਕਠਿਨ ਨਹੀਂ ਸੀ। ਮੱਧਰਾ ਕੱਦ ਸੀ ਤੇ ਉਨ੍ਹਾਂ ਦੇ ਚਿਹਰੇ ਉੱਤੇ ਬੌਧਿਕਤਾ ਦਾ ਸਪੱਸ਼ਟ ਪ੍ਰਛਾਵਾਂ ਸੀ। ਉਹ ਬਹੁਤ ਸਾਧਾਰਣ ਜਿਹਾ ਕੋਟ ਤੇ ਬਿਨਾਂ ਕਰੀਜ਼ ਦੇ ਪੈਂਟ ਪਹਿਨੇ ਹੋਏ ਸੀ। ਉਹਨਾਂ ਦੇ ਵਿਆਕਤਿਤਵ ਵਿਚ ਕਠੋਰਤਾ ਦੀ ਜ਼ਰਾ ਵੀ ਛਾਪ ਨਹੀਂ ਸੀ। ਲੁਕਾਚ ਨਾਲ ਗੱਲਾਂ ਕਰਦੇ ਸਮੇਂ ਮੈਨੂੰ ਇੰਝ ਲੱਗਦਾ ਸੀ ਜਿਵੇਂ ਬਹੁਤ ਸਾਰੀਆਂ ਗੰਢਾਂ ਬੜੀ ਆਸਾਨੀ ਨਾਲ ਖੁੱਲ ਗਈਆਂ ਹੋਣ।

ਅਸੀਂ ਉਹਨਾਂ ਦੇ ਅਧਿਐਨ-ਕਮਰੇ ਵਿਚ ਹੀ ਬੈਠੇ ਸੀ। ਉਹਨਾਂ ਦੀ ਵੱਡੀ ਸਾਰੀ ਮੇਜ਼ ਤੇ ਟਾਈਪ ਕੀਤੇ ਹੋਏ ਤੇ ਹੱਥ ਨਾਲ ਲਿਖੇ ਹੋਏ ਕਿੰਨੇ ਹੀ ਕਾਗਜ ਬੇਤਰਤੀਬ ਖਿੰਡੇ ਪਏ ਸੀ। ਸਿਗਾਰ ਤੇ ਸਿਗਰਿਟਾਂ ਨਾਲ ਭਰਿਆ ਇਕ ਡੱਬਾ ਕੋਨੇ ਵਿਚ ਰੱਖਿਆ ਪਿਆ ਸੀ। ਕਮਰੇ ਦੇ ਚਾਰੇ ਪਾਸੇ ਕੰਧਾਂ ਨਾਲ ਲੱਗੀਆਂ ਹੋਈਆਂ ਬੁੱਕ-ਸ਼ੈਲਫਾਂ ਵਿਚ ਅੰਗਰੇਜ਼ੀ, ਫਰੈਂਚ, ਜਰਮਨ ਅਤੇ ਹੰਗਰੀ ਭਾਸ਼ਾਵਾਂ ਦੀਆਂ ਕਿਤਾਬਾਂ ਸਜੀਆਂ ਹੋਈਆਂ ਸਨ। ਬਾਅਦ ਵਿਚ ਆਪਣੇ ਪੁਸਤਕਾਲੇ ਦੀ ਚਰਚਾ ਕਰਦੇ ਸਮੇਂ ਉਹਨਾਂ ਨੇ ਦੱਸਿਆ ਕਿ ਇਸ ਕਮਰੇ ਵਿਚ ਕੇਵਲ ਸਾਹਿਤ ਸੰਬੰਧੀ ਪੁਸਤਕਾਂ ਹਨ, ਹੋਰ ਦੋ ਕਮਰਿਆਂ ਵਿਚ ਦਰਸ਼ਨ ਤੇ ਕਲਾ ਦੀਆਂ ਪੁਸਤਕਾਂ ਵੱਖਰੀਆਂ ਹਨ। ਕਮਰੇ ਦਾ ਸਾਰਾ ਵਾਤਾਵਰਨ ਬੌਧਿਕ ਜ਼ਿੰਦਗੀ ਨਾਲ ਭਰਿਆ ਹੋਇਆ ਪ੍ਰਤੀਤ ਹੁੰਦਾ ਸੀ।

ਸੁਭਾਵਕ ਰੂਪ ਵਿਚ ਸਾਡੀ ਗੱਲ-ਬਾਤ ਸ਼ਿਸ਼ਟਾਚਾਰ ਦੇ ਵਾਕਾਂ ਦੇ ਬਾਅਦ ਭਾਰਤੀ ਕਲਾ ਅਤੇ ਸਾਹਿਤ ਤੋਂ ਆਰੰਭ ਹੋਈ। ਉਹ ਅੰਗਰੇਜ਼ੀ ਬਹੁਤ ਸ਼ੁੱਧ ਬੋਲਦੇ ਸੀ, ਇਸ ਕਾਰਨ ਦੁਭਾਸ਼ੀਏ ਦੀ ਸਾਨੂੰ ਸਹਾਇਤਾ ਨਹੀਂ ਲੈਣੀ ਪਈ। ਉਹਨਾਂ ਨੇ ਕਾਲੀਦਾਸ ਦੀਆਂ ਰਚਨਾਵਾਂ ਪੜ੍ਹੀਆਂ ਹੋਈਆਂ ਸਨ, ਜਿਨ੍ਹਾਂ ਨੂੰ ਅੱਜ ਤੀਕ ਉਹ ਭੁੱਲੇ ਨਹੀਂ ਸਨ। ਆਪਣੀ ਜਵਾਨੀ ਦੇ ਸਮੇਂ ਵਿਚ ਉਹਨਾਂ ਨੇ ਗੀਤਾ ਅਤੇ ਪ੍ਰਾਚੀਨ ਭਾਰਤੀ ਦਰਸ਼ਨ ਦੇ ਕੁਝ ਜਰਮਨ ਅਨੁਵਾਦ ਵੀ ਪੜ੍ਹੇ ਸਨ। ਇਸ ਬਾਤ ਨੂੰ ਪ੍ਰਵਾਨ ਕਰਦੇ ਹੋਏ ਉਹਨਾਂ ਨੂੰ ਬਹੁਤ ਦੁੱਖ ਹੋਇਆ ਕਿ ਟੈਗੋਰ ਤੇ ਮੁਲਖ ਰਾਜ ਆਨੰਦ ਦੀਆਂ ਲਿਖਤਾਂ ਤੋਂ ਬਿਨਾਂ ਉਹਨਾਂ ਨੇ ਆਧੁਨਿਕ ਭਾਰਤੀ ਸਾਹਿਤ ਦਾ ਅਧਿਐਨ ਨਹੀਂ ਕੀਤਾ ਸੀ। ਉਹਨਾਂ ਨੂੰ ਮੁਲਖ ਰਾਜ ਆਨੰਦ ਦਾ ਨਾਵਲ 'ਕੁੱਲੀ' ਬਹੁਤ ਪਸੰਦ ਆਇਆ ਸੀ, "ਪਰ ਉਹਨਾਂ ਦੇ ਨਾਵਲ ਪੜ੍ਹ ਕੇ ਮੈਨੂੰ ਨਵੀਨਤਾ ਦਾ ਝਟਕਾ (Shock of Novelty) ਨਹੀਂ ਸੀ ਲੱਗਿਆ, ਜਿਸ ਦੀ ਕਿ ਮੈਂ ਉਮੀਦ ਕਰਦਾ ਸੀ। ਬਚਪਨ ਵਿਚ ਪਹਿਲੀ ਵਾਰ ਜਦ ਅਸੀਂ ਲੋਕਾਂ ਨੇ ਗੋਗੋਲ, ਤੁਰਗਨੇਵ, ਚੈਖੋਵ, ਤੇ ਵਿਸ਼ੇਸ਼ ਕਰਕੇ ਦਾਸਤੋਵਸਕੀ ਪੜ੍ਹਿਆ ਸੀ ਤਾਂ ਅਸੀਂ ਲੋਕਾਂ ਨੇ ਇਸ ਝਟਕੇ ਨੂੰ ਬਹੁਤ ਸ਼ਿਦਤ ਨਾਲ ਮਹਿਸੂਸ ਕੀਤਾ ਸੀ, ਕਿਉਂਕਿ ਉਨ੍ਹੀਵੀਂ ਸਦੀ ਦੇ ਅੰਤ ਉੱਤੇ ਯੂਰਪੀ ਸਾਹਿਤ ਰੂਸੀ ਸਾਹਿਤ ਤੋਂ ਬਿਲਕੁਲ ਭਿੰਨ ਸੀ ਤੇ ਕੁਦਰਤੀ ਹੀ ਅਸੀਂ ਲੋਕ ਯੂਰਪੀ ਸਾਹਿਤ ਦੇ ਵਧੀਕ ਕਰੀਬ ਸੀ, ਉਸ ਤੋਂ ਵਾਕਿਫ ਸੀ। ਰੂਸੀ ਸਾਹਿਤ ਦੀ ਪ੍ਰੰਪਰਾ ਬਿਲਕੁਲ ਵੱਖਰੀ ਸੀ। ਵੱਡੇ ਹੋਣ ਤੇ ਰੂਸੀ ਅਤੇ ਯੂਰਪੀ ਸਾਹਿਤ ਦਾ ਤੁਲਨਾਤਮਿਕ ਅਧਿਐਨ ਕਰਨ ਤੋਂ ਬਾਅਦ ਸਾਨੂੰ ਲੋਕਾਂ ਨੂੰ ਪਤਾ ਚੱਲਿਆ ਕਿ ਪੱਛਮੀ ਸਾਹਿਤ ਦਾ ਰੂਸੀ ਸਾਹਿਤ ਉੱਤੇ ਕਿਸ ਪ੍ਰਕਾਰ ਦਾ ਪ੍ਰਭਾਵ ਪਿਆ ਸੀ। ਏਹੋ ਨਵੀਨਤਾ ਸਾਨੂੰ ਆਧੁਨਿਕ ਭਾਰਤੀ ਸਾਹਿਤ ਵਿਚੋਂ ਮਿਲਣੀ ਚਾਹੁੰਦੀ ਸੀ ਕਿਉਂਕਿ ਹਿੰਦੁਸਤਾਨ ਦੀ ਪ੍ਰੰਪਰਾ, ਦਰਸ਼ਨ, ਸਮਾਜਕ ਜੀਵਨ ਯੂਰਪ ਤੋਂ ਕਿੰਨਾ ਵੱਖਰਾ ਹੈ ਅਤੇ ਉਸ ਦੀ ਸੰਸਕ੍ਰਿਤੀ ਕਿੰਨੀ ਪ੍ਰਾਚੀਨ ਹੈ।" ਫਿਰ ਹੱਸਦੇ ਹੋਏ ਇਹ ਆਸ਼ਾ ਪ੍ਰਗਟ ਕੀਤੀ ਕਿ ਭਵਿੱਖ ਵਿਚ ਉਹ ਅਜੇਹੇ ਉਪਨਿਆਸ ਪੜ੍ਹਨਾ ਚਾਹੁੰਣਗੇ, ਜਿਹਨਾਂ ਵਿਚ ਉਹਨਾ ਨੂੰ ਇਹ ਨਵੀਨਤਾ ਮਿਲੇ।

ਉਹਨਾਂ ਨੇ ਇੰਝ ਅਨੁਭਵ ਕੀਤਾ, ਜਿਵੇਂ ਇਸ ਗੱਲ ਨੂੰ ਹਾਲੀ ਤੀਕ ਪੂਰਨ ਰੂਪ ਵਿਚ ਮੈਨੂੰ ਸਮਝਾ ਨਾ ਸਕੇ ਹੋਣ। ਤੁਰੰਤ ਹੀ ਉਸੇ ਸੂਤਰ ਨੂੰ ਫੜ ਕੇ ਉਹ ਫਿਰ ਆਖਣ ਲੱਗੇ, "ਦੱਖਣੀ ਅਮਰੀਕਾ ਦੇ



ਸਾਹਿਤ ਦੀ ਗੱਲ ਦੂਸਰੀ ਹੈ। ਜਦੋਂ ਵੇਖਦੇ ਹਾਂ ਕਿ ਉਹਨਾਂ ਦੇ ਲੇਖਕ ਹੋਰ ਯੂਰਪੀ ਲੇਖਕਾਂ ਦੇ ਹੀ ਵਾਂਗੂੰ ਲਿਖਦੇ ਹਨ ਤਾਂ ਅਸੀਂ ਉਸ ਨਵੇਂਪਨ ਦੀ ਆਸ ਨਹੀਂ ਕਰਦੇ ਕਿਉਂਕਿ ਉਹਨਾਂ ਦੀ ਪ੍ਰੰਪਰਾ ਬਹੁਤ ਨਵੀਂ ਹੈ। 'ਮਾਇਆ' ਸੰਸਕ੍ਰਿਤੀ ਨੂੰ ਉਹ ਆਪਣੀ ਸੰਸਕ੍ਰਿਤੀ ਨਹੀਂ ਕਹਿ ਸਕਦੇ। ਉਸ ਸਥਿਤੀ ਵਿਚ ਜਾਰਜ ਅਸਾਦੋ ਵਰਗੇ ਬਰਾਜ਼ੀਲ ਦੇ ਲੇਖਕ ਨੂੰ ਯੂਰਪੀ ਢੰਗ ਨਾਲ ਲਿਖਦੇ ਵੇਖ ਕੇ ਸਾਨੂੰ ਹੈਰਾਨੀ ਵੀ ਨਹੀਂ ਹੁੰਦੀ। ਪ੍ਰੰਤੂ ਹਿੰਦੁਸਤਾਨ ਦੀ ਗੱਲ ਬਿਲਕੁਲ ਅਲੱਗ ਹੈ। ਹਿੰਦੁਸਤਾਨ ਦੇ ਲੇਖਕਾਂ ਤੋਂ ਅਸੀਂ ਇਸ ਨਵੀਨਤਾ ਦੀ ਮੰਗ ਨੂੰ ਜਾਇਜ਼ ਸਮਝਦੇ ਹਾਂ ਖੁਦ ਉਹਨਾਂ ਦੇ ਹਿੱਤ ਵਿਚ ਵੀ ਹੈ।

ਮੈਂ ਉਹਨਾਂ ਨੂੰ ਦੱਸਿਆ ਕਿ ਮੁਲਖ ਰਾਜ ਆਨੰਦ ਅੰਗਰੇਜ਼ੀ ਵਿਚ ਲਿਖਦੇ ਹਨ। ਉਹਨਾਂ ਨੂੰ ਇਹ ਸੁਣ ਕੇ ਹੈਰਾਨੀ ਹੋਈ ਤੇ ਉਹਨਾਂ ਨੇ ਕਿਹਾ ਕਿ ਇਹੀ ਕਾਰਨ ਹੈ ਕਿ ਉਹਨਾਂ ਦੇ ਨਾਵਲ ਪੜ੍ਹ ਕੇ ਸਾਨੂੰ ਨਵੀਨਤਾ ਦਾ ਝਟਕਾ ਨਹੀਂ ਅਨੁਭਵ ਹੁੰਦਾ।

ਏਸੇ ਹੀ ਵਿਸ਼ੇ ਤੇ ਉਹਨਾਂ ਨੇ ਇਕ ਹੋਰ ਉਦਾਹਰਣ ਦਿੱਤੀ ਕਿ ਉਨੀਵੀਂ ਸਦੀ ਵਿਚ ਇਕ ਫਰਾਂਸੀਸੀ ਪਾਠਕ ਨੂੰ ਸ਼ੇਕਸਪੀਅਰ ਪੜ੍ਹ ਕੇ ਐਸੀ ਹੀ ਨਵੀਨਤਾ ਦਾ ਝਟਕਾ ਲੱਗਾ ਹੋਵੇਗਾ। ਅੱਜ ਦੇ ਫਰਾਂਸੀਸੀ ਪਾਠਕ ਅਜਿਹਾ ਅਨੁਭਵ ਨਹੀਂ ਕਰਦੇ ਕਿਉਂਕਿ ਸ਼ੇਕਸਪੀਅਰ ਯੂਰਪੀ ਸੱਭਿਅਤਾ ਦਾ ਇਕ ਅੰਗ ਬਣ ਗਿਆ ਹੈ।

ਚਾਹ ਆਈ ਤੇ ਬਾਤ ਚੀਤ ਦਾ ਸਿਲਸਿਲਾ ਕੁਝ ਦੇਰ ਦੇ ਲਈ ਟੁੱਟ ਗਿਆ। ਅਸੀਂ ਸਿਗਾਰ ਸੁਲਘਾ ਲਏ। ਕਮਰੇ ਦੇ ਗੰਭੀਰ ਵਾਤਾਵਰਨ ਵਿਚ ਇਕ ਹਲਕਾਪਨ ਜਿਹਾ ਆ ਗਿਆ। ਮੈਂ ਲੁਕਾਚ ਦੀਆਂ ਵੱਡੀਆਂ ਵੱਡੀਆਂ ਅੱਖਾਂ ਵੱਲ ਗਹੁ ਨਾਲ ਵੇਖਣ ਲੱਗਾ, ਜਿਹਨਾਂ ਵਿਚ ਚਿਹਰੇ ਦੀਆਂ ਝੁਰੜੀਆਂ ਦੇ ਬਾਵਜੂਦ ਵੀ ਨਿਰੰਤਰ ਗਤੀ ਵਿਚ ਵਗਦੀ ਹੋਈ ਜ਼ਿੰਦਗੀ ਕਰਵਟਾਂ ਲੈ ਰਹੀ ਸੀ। ਉਹ ਕਮਰੇ ਦੀ ਬੰਦ ਖਿੜਕੀ ਵਿਚੋਂ ਦੀ ਡੈਨਯੂਬ ਦੇ ਪਾਰ, ਉਪਰ ਉੱਠੀ ਬੁੱਦਾ ਪਹਾੜੀਆਂ ਨੂੰ ਵੇਖ ਰਹੇ ਸੀ, ਪਰ ਉਨ੍ਹਾਂ ਦੇ ਵਿਚਾਰ ਉਹਨਾਂ ਪਹਾੜੀਆਂ ਤੋਂ ਵੀ ਦੂਰ ਕਿਸੇ ਅਦਿੱਖ ਦਿਸ਼ਾ ਵਿਚ ਘੁੰਮਦੇ ਜਾਪਦੇ ਸਨ।

ਮੈਂ ਵਰਤਮਾਨ ਯੂਰਪੀ ਸਾਹਿਤ ਦੇ ਸਮਾਜਿਕ ਯਥਾਰਥਵਾਦ ਉੱਤੇ ਉਹਨਾਂ ਦੇ ਵਿਚਾਰ ਜਾਨਣੇ ਚਾਹੇ। ਛਿਣ ਭਰ ਦੇ ਲਈ ਉਹ ਚੁੱਪ ਰਹੇ। ਜਿਸ ਵਿਸ਼ੇ ਉੱਤੇ ਉਹਨਾਂ ਨੇ ਏਨਾ ਅਧਿਐਨ ਕੀਤਾ ਸੀ, ਜਿਹਨਾਂ ਸਮੱਸਿਆਵਾਂ ਉੱਤੇ ਬਹੁਤ ਛਾਣ-ਬੀਣ ਕਰਕੇ ਉਹਨਾਂ ਨੇ ਕੁਝ ਸਿੱਟੇ ਕੱਢੇ ਸੀ। ਜਿਨ੍ਹਾਂ ਉੱਤੇ ਪਿਛਲੇ ਸਾਲਾਂ ਵਿਚ ਅਨੇਕ ਵਾਦ-ਵਿਵਾਦ ਵੀ ਹੋਏ, ਜਿਹਨਾਂ ਦੀਆਂ ਖਬਰਾਂ ਸਾਰੀ ਦੁਨੀਆਂ ਤੀਕ ਪਹੁੰਚੀਆਂ ਸਨ, ਜਿਵੇਂ ਰੇਬਾਰਡ ਨਾਲ ਉਹਨਾਂ ਦੀ ਬਹਿਸ, ਜੋ ਪੂਰੇ ਸਾਲ ਭਰ ਤੀਕ ਚੱਲੀ ਸੀ। ਉਸ ਤੇ ਕਿਥੋਂ ਸ਼ੁਰੂ ਕੀਤਾ ਜਾਵੇ, ਸ਼ਾਇਦ ਏਹੋ ਕਠਿਨਾਈ ਉਹਨਾਂ ਦੇ ਸਾਹਮਣੇ ਆਈ ਸੀ। ਪ੍ਰੰਤੂ ਇਕ ਵਾਰ ਜਦੋਂ ਉਹਨਾਂ ਨੇ ਆਪਣੇ ਵਿਚਾਰ ਪ੍ਰਗਟ ਕਰਨੇ ਸ਼ੁਰੂ ਕੀਤਾ, ਤਾਂ ਬਹੁਤ ਆਸਾਨੀ ਨਾਲ ਉਹਨਾਂ ਦਾ ਨਿਰੰਤਰ ਪ੍ਰਵਾਹ ਚੱਲਦਾ ਗਿਆ। ਤੇ ਮੈਂ ਬਿਨਾਂ ਉਹਨਾਂ ਵੱਲ ਵੇਖੇ ਨੋਟ ਕਰਦਾ ਗਿਆ।

"ਅੱਜ ਯੂਰਪ ਵਿਚ ਦੋ ਐਸੀਆਂ ਸਥਿਤੀਆਂ ਹਨ, ਜੋ ਇਕ ਦੂਸਰੇ ਦੇ ਬਿਲਕੁਲ ਉਲਟ ਹਨ। ਇਹ ਗੱਲ ਸਾਹਿਤ ਤੇ ਸੰਸਕ੍ਰਿਤੀ ਦੇ ਵਾਸਤੇ ਲਾਭਦਾਇਕ ਨਹੀਂ ਹੈ। ਦੋ ਅੰਤਮ ਸਿਰੇ extremes ਜੀਵਨ ਦੇ ਕਿਸੇ ਵੀ ਖੇਤਰ ਵਿਚ ਹਿਤਕਾਰੀ ਸਾਬਿਤ ਨਹੀਂ ਹੁੰਦੇ। ਇਕ ਪਾਸੇ ਸਮਾਜਵਾਦੀ ਹਨ, ਜੋ ਸਮਾਜਵਾਦੀ ਯਥਾਰਥਵਾਦ ਦੇ ਸਿਧਾਂਤ ਨੂੰ ਮੰਨਦੇ ਹਨ, ਤੇ ਦੂਸਰੇ ਪਾਸੇ ਬੁਰਜੂਆ ਡੇਕੇਡੈਂਟ (ਪੂੰਜੀਵਾਦੀ ਪਤਨਸ਼ੀਲ) ਹਨ, ਜਿਹਨਾਂ ਦਾ ਆਪਣਾ ਇਕ ਸੋਚਣ-ਸਮਝਣ ਦਾ ਢੰਗ ਹੈ। ਅਸਲ ਵਿਚ ਵੇਖਿਆ ਜਾਵੇ ਤਾਂ ਸਮਾਜਵਾਦੀ ਯਥਾਰਥਵਾਦ ਦੇ ਵਿਸ਼ੇ ਦੇ ਸੰਬੰਧ ਵਿਚ ਬਹੁਤ ਸਾਰੇ ਲੋਕਾਂ ਦੀਆਂ ਗਲਤ ਧਾਰਨਾਵਾਂ ਹਨ ਤੇ ਕਿੰਨੇ ਹੀ ਅਜਿਹੇ ਲੋਕ ਹਨ, ਜਿਹੜੇ ਆਪਣੇ ਆਪ ਨੂੰ ਸਮਾਜਵਾਦੀ ਯਥਾਰਥਵਾਦ ਦੇ ਸਮਰਥਕ ਆਖਦੇ ਹਨ। ਉਹ ਵੀ ਇਸ ਸਿਧਾਂਤ ਨੂੰ ਗਲਤ ਸਮਝੇ ਹਨ ਤੇ ਇਸ ਪ੍ਰਕਾਰ ਦੇ ਲੇਖਕਾਂ ਨੇ ਇਕ ਗਲਤ ਦ੍ਰਿਸ਼ਟੀਕੋਣ ਤੋਂ ਇਸ ਸਿਧਾਂਤ ਨੂੰ ਆਪਣੇ ਲੇਖਾਂ ਤੇ ਰਚਨਾਵਾਂ ਵਿਚ ਪ੍ਰਗਟ ਕੀਤਾ ਹੈ। ਉਦਾਹਰਣ ਦੇ ਤੌਰ ਤੇ ਮੈਂ ਸਮਝਦਾ ਹਾਂ ਕਿ ਫਰਾਂਜ਼-ਕਾਫਕਾ ਦੇ ਵਿਸ਼ੇ ਬਾਰੇ ਲੋਕਾਂ ਦੇ ਮਨ ਵਿਚ ਕਈ ਭਾਂਤ ਦੇ ਭੁਲੇਖੇ ਹਨ। ਉਹਨਾਂ ਨੇ ਕਾਫਕਾ ਦੇ ਸਾਹਿਤ ਅਤੇ ਉਸ ਦੇ ਦ੍ਰਿਸ਼ਟੀਕੋਣ ਦਾ ਸਹੀ ਸਹੀ

ਵਿਸ਼ਲੇਸ਼ਣ ਨਹੀਂ ਕੀਤਾ।"

ਪਿਛਲੇ ਯੁੱਧ ਦੇ ਪਿਛੋਂ ਯੂਰਪੀ ਜੀਵਨ ਵਿਚ ਇਕ ਨਵੀਂ ਸਥਿਤੀ ਪੈਦਾ ਹੋ ਗਈ ਹੈ। ਮੇਰੇ ਵਿਚਾਰ ਵਿਚ ਸਮਾਜਵਾਦੀ ਯਥਾਰਥਵਾਦ ਤੋਂ ਬਿਨਾਂ ਇਕ ਐਸੇ ਯਥਾਰਥਵਾਦ ਦੀ ਅਵਸ਼ੱਕਤਾ ਹੈ, ਜਿਹੜਾ ਬੁਰਜੁਆ ਡੈਕਾਡੈਂਸ (ਪੂੰਜੀਪਤੀ ਪਤਨਸ਼ੀਲਤਾ) ਦਾ ਡਟ ਕੇ ਮੁਕਾਬਲਾ ਕਰ ਸਕੇ। ਅੱਜ ਦੇ ਸਮੇਂ ਵਿਚ ਅਜਿਹੇ ਯਥਾਰਥਵਾਦ ਦਾ ਟਿਕਿਆ ਰਹਿਣਾ ਸੁਭਾਵਿਕ ਵੀ ਹੈ। ਇਸ ਯਥਾਰਥਵਾਦ ਦੇ ਸਿਧਾਂਤਾਂ ਉੱਤੇ ਮਹਾਨ ਸਾਹਿਤ ਦੀ ਰਚਨਾ ਹੋ ਸਕਦੀ ਹੈ ਤੇ ਟਾਮਸ ਮਾਨ ਇਸ ਦੀ ਜੀਊਂਦੀ ਜਾਗਦੀ ਮਿਸਾਲ ਹੈ। ਇਕ ਪਾਸੇ ਉਹ Decadent ਪਤਨਸ਼ੀਲ ਕਤਈ ਨਹੀਂ ਤੇ ਦੂਸਰੇ ਪਾਸੇ ਉਸ ਨੂੰ ਸਮਾਜਵਾਦੀ ਯਥਾਰਥਵਾਦ ਦਾ ਲੇਖਕ ਵੀ ਨਹੀਂ ਕਿਹਾ ਜਾ ਸਕਦਾ। ਪ੍ਰੰਤੂ ਉਹ ਇਕ ਯਥਾਰਥਵਾਦੀ ਲੇਖਕ ਹੈ ਤੇ ਵੀਹਵੀਂ ਸਦੀ ਵਿਚ ਉਸ ਦੀ ਪੱਧਰ ਤੀਕ ਬਹੁਤ ਘੱਟ ਲੇਖਕ ਪਹੁੰਚ ਸਕੇ ਹਨ। ਇਹ ਧਾਰਾ ਕਿੰਨੇ ਹੀ ਹੋਰ ਲੇਖਕਾਂ ਵਿਚ ਮਿਲਦੀ ਹੈ। ਇਸ ਸੱਚਾਈ ਤੋਂ ਇਨਕਾਰ ਕਰਨਾ ਹਕੀਕਤ ਤੋਂ ਮੂੰਹ ਮੋੜਨਾ ਹੈ। ਇਹ ਯਥਾਰਥਵਾਦੀ ਸਾਹਿਤਕਾਰ ਮਾਨਵਵਾਦੀ ਹੈ, ਜੀਵਨ ਦੀਆਂ ਸਮੱਸਿਆਵਾਂ ਤੇ ਉਲਝਣਾਂ ਪ੍ਰਤੀ ਚੇਤੰਨ ਹਨ, ਪਰ ਫਿਰ ਵੀ ਕੁਝ ਕਾਰਨਾਂ ਕਰਕੇ ਸਮਾਜਵਾਦੀ ਨਹੀਂ ਹਨ। ਉਹਨਾਂ ਦਾ ਸਾਹਿਤ ਵਾਸਤਵਿਕਤਾ ਨੂੰ ਆਪਣੇ ਢੰਗ ਨਾਲ ਚਿਤਰਦਾ ਹੈ। ਪ੍ਰਤੀਕਿਰਿਆਵਾਦੀ (ਪਿਛਾਂਹ ਖਿੱਚੂ) ਸ਼ਕਤੀਆਂ ਦਾ ਮੁਕਾਬਲਾ ਕਰਦਾ ਹੈ।"

"ਮੈਂ ਇਕ ਹੋਰ ਉਦਾਹਰਣ ਦਿੰਦਾ ਹਾਂ-ਚਾਰਲੀ ਚੈਪਲਿਨ ਸਮਾਜਵਾਦੀ ਨਹੀਂ ਹੈ, ਪ੍ਰੰਤੂ ਇਕ ਮਹਾਨ ਯਥਾਰਥਵਾਦੀ ਕਲਾਕਰ ਹੈ ਤੇ ਉਸ ਦੀ ਕਲਾ ਦੀ ਸ਼ਕਤੀ ਨੂੰ ਪ੍ਰਵਾਨ ਕਰਨਾ ਹੀ ਪਵੇਗਾ। ਏਹੋ ਗੱਲ ਇਟਲੀ ਦੀਆਂ ਆਧੁਨਿਕ ਫਿਲਮਾਂ ਵਿਚ ਵੀ ਪਾਈ ਜਾਂਦੀ ਹੈ, ਜਿਹਨਾਂ ਵਿਚ ਆਧੁਨਿਕ ਜੀਵਨ ਦੀਆਂ ਔਕੜਾਂ ਅਤਿਅੰਤ ਕਲਾਤਮਿਕ ਅਤੇ ਯਥਾਰਥਵਾਦੀ ਢੰਗ ਨਾਲ ਪੇਸ਼ ਕੀਤੀਆਂ ਗਈਆਂ ਹਨ। ਇਹ ਕਲਾਕਾਰ ਪ੍ਰਗਤੀਸ਼ੀਲ ਭਾਵਨਾਵਾਂ ਨਾਲ ਭਰੇ ਹੋਏ ਹਨ। ਪਰ ਉਹ ਸਮਾਜਵਾਦੀ ਨਹੀਂ ਹਨ। ਇਹ ਸਮੱਸਿਆ ਆਧੁਨਿਕ ਜੀਵਨ ਦੀ ਕੇਂਦਰੀ ਸਮੱਸਿਆ ਹੈ ਤੇ ਇਸ ਦਾ ਹਮਦਰਦੀ ਨਾਲ ਪੂਰਣ ਵਿਸ਼ਲੇਸ਼ਣ ਕਰਨਾ ਤੇ ਇਸ ਤੋਂ ਲੋਕਾਂ ਨੂੰ ਜਾਣੂ ਕਰਾਉਣਾ ਅਤਿਅੰਤ ਜ਼ਰੂਰੀ ਹੈ। ਏਸ਼ੀਆ ਤੇ ਦੱਖਣੀ ਅਮਰੀਕਾ ਵਿਚ ਇਹ ਯਥਾਰਥਵਾਦ ਹੋਰ ਵੀ ਉਭਰ ਕੇ ਸਾਡੇ ਸਾਹਮਣੇ ਆਇਆ ਹੈ, ਕਿਉਂਕਿ ਉਥੋਂ ਦੀਆਂ ਸਥਿਤੀਆਂ ਯੂਰਪ ਨਾਲੋਂ ਬਿਲਕੁਲ ਵੱਖਰੀਆਂ ਹਨ।

ਕਦੇ ਕਦੇ ਉਹ ਰੁਕ ਕੇ ਸਿਗਾਰ ਦਾ ਲੰਮਾ ਸੂਟਾ ਖਿਚ ਲੈਂਦੇ ਸਨ। ਉਹਨਾਂ ਦੇ ਵਿਚਾਰ ਬਿਨਾਂ ਕਿਸੇ ਝਿਜਕ ਦੇ, ਬਹੁਤ ਸਹਿਜ-ਸੁਭਾ ਵਹਿੰਦੇ ਜਾ ਰਹੇ ਹਨ।

ਨਿਰਸੰਦੇਹ ਮੈਂ ਸਮਾਜਵਾਦੀ ਯਥਾਰਥਵਾਦ ਵਿਚ ਵਿਸ਼ਵਾਸ ਰੱਖਦਾ ਹਾਂ, ਪ੍ਰੰਤੂ ਮੈਂ ਇਹ ਵੀ ਜਾਣਦਾ ਹਾਂ ਕਿ ਹਰੇਕ ਕਲਾਕਾਰ ਦਾ ਆਪਣਾ ਇਕ Perspective (ਭਵਿੱਖ-ਸੋਝੀ) ਹੁੰਦਾ ਹੈ। ਪਰ ਜੋ ਸਾਡੇ ਦਿਮਾਗ ਵਿਚ ਕੋਈ ਸ਼ੱਕ ਨਹੀਂ ਹੈ, ਕੋਈ ਭਰਮ-ਭੁਲੇਖੇ ਨਹੀਂ ਹਨ। ਅੱਜ ਦੇ ਯੁੱਗ ਵਿਚ ਸਥਿਤੀਆਂ ਅਤੇ ਵਿਚਾਰ ਜਿੰਨੇ ਸਪੱਸ਼ਟ ਰੂਪ ਵਿਚ ਸਾਡੇ ਸਾਹਮਣੇ ਹਨ, ਓਨੇ ਸ਼ਾਇਦ ਪਹਿਲਾਂ ਕਦੇ ਵੀ ਨਹੀਂ ਸਨ। ਯੂਰਪੀ ਪਤਨਸ਼ੀਲਤਾ (Decadence) ਦਾ ਡੂੰਘਾ ਪ੍ਰਭਾਵ ਸਾਡੀ ਸੰਸਕ੍ਰਿਤੀ ਤੇ ਪਿਆ ਹੈ ਤੇ ਉਸ ਤੋਂ ਹਿੰਦੁਸਤਾਨ ਵੀ ਅਛੂਹ ਨਹੀਂ ਰਿਹਾ। ਇਸ ਦਾ ਮੁਕਾਬਲਾ ਸਮਾਜਵਾਦੀ ਯਥਾਰਥਵਾਦ ਦੁਆਰਾ ਸਫਲਤਾ ਨਾਲ ਨਹੀਂ ਕੀਤਾ ਜਾ ਸਕਦਾ। ਇਸ ਦੇ ਲਈ ਐਸੇ ਸਾਹਿਤ ਦੀ ਅਵੱਸ਼ਕਤਾ ਹੈ, ਜੋ ਹਿੰਦੁਸਤਾਨ ਦੀ ਜ਼ਿੰਦਗੀ ਨੂੰ ਸਹੀ ਰੂਪ ਨਾਲ ਅਤੇ ਹਮਦਰਦੀ ਨਾਲ ਚਿਤਰਿਤ ਕਰੇ ਤੇ ਡੈਕੇਡੈਂਸ Decadence ਧਾਰਾਵਾਂ ਦੀ ਸਖਤ ਆਲੋਚਨਾ ਕਰੇ। ਤਦ ਸਮਾਜਵਾਦੀ ਯਥਾਰਥਵਾਦੀ ਦੀ ਜ਼ਰੂਰਤ ਨਹੀਂ ਪਵੇਗੀ।

"ਚੈਖੋਵ ਨੇ ਆਪਣੇ ਯਥਾਰਥਵਾਦ ਦੁਆਰਾ ਡੈਕੇਡੈਂਸ ਦਾ ਸਫਲਤਾ ਸਹਿਤ ਮੁਕਾਬਲਾ ਕੀਤਾ ਸੀ। ਰਾਸ਼ਟਰੀ ਚੇਤਨਾ ਹੋਣ ਤੇ ਕਲਾਕਾਰ ਦੇ ਹੱਥਾਂ ਵਿਚ ਸ਼ਕਤੀ ਆ ਜਾਂਦੀ ਹੈ। ਯਥਾਰਥਵਾਦ ਅਤੇ ਸਮਾਜਵਾਦੀ ਯਥਾਰਥਵਾਦ ਸਾਥ-ਸਾਥ ਇਕ ਹੀ ਰਸਤੇ ਤੇ ਬਿਨਾ ਟਕਰਾ ਦੇ ਚੱਲ ਸਕਦੇ ਹਨ। ਉਹਨਾਂ ਵਿਚ ਪ੍ਰਸਪਰ ਦੋਸਤੀ ਦੇ ਸੰਬੰਧ ਕਾਇਮ ਰਹਿ ਸਕਦੇ ਹਨ ਤੇ ਬੁਰਜੂਆਂ ਡੈਕਾਡੈਂਸ ਦੇ ਵਿਰੁੱਧ



ਇਕ ਸਾਂਝਾ ਮੋਰਚਾ ਤਿਆਰ ਕਰ ਸਕਦੇ ਹਨ। ਇਹਨਾਂ ਸਭ ਯਥਾਰਥਵਾਦੀ ਧਾਰਾਵਾਂ ਦਾ ਸਾਂਝਾ ਮੋਰਚਾ ਅਤਿਅੰਤ ਮਹੱਤਵਪੂਰਨ ਕਾਰਜ ਕਰ ਸਕਦਾ ਹੈ। ਇਹ ਮੇਰੀ ਸਪੱਸ਼ਟ ਧਾਰਨਾ ਹੈ ਤੇ ਇਸ ਵਿਚ ਮੇਰਾ ਪੂਰਣ ਵਿਸ਼ਵਾਸ ਹੈ।

"ਹਰ ਪ੍ਰਗਤੀਸ਼ੀਲ ਕਲਾਕਾਰ ਦਾ ਇਹ ਕਰਤਵ ਹੈ ਕਿ ਉਹ ਇਸ ਮੋਰਚੇ ਦੇ ਸਹੀ ਰੂਪ ਦੇ ਸਮਝਣ। ਸਮਾਜਵਾਦੀ ਕਲਾਕਾਰ ਨੂੰ ਇਹ ਗੱਲ ਆਪਣੇ ਸੰਕੁਚਿਤ ਤੇ ਸੀਮਤ ਦ੍ਰਿਸ਼ਟੀ ਕੋਣ ਤੋਂ ਨਹੀਂ ਵੇਖਣੀ ਚਾਹੀਦੀ ਹੈ। ਇਹ ਜ਼ਰੂਰੀ ਹੈ ਕਿ ਅਸੀਂ ਆਪਣੇ ਮਿੱਤਰਾਂ ਨੂੰ ਹੌਲੀ ਹੌਲੀ ਸਮਾਜਵਾਦੀ ਯਥਾਰਥਵਾਦ ਵੱਲ ਖਿਚ ਸਕੀਏ। ਹਰ ਕਲਾਕਾਰ ਨੂੰ ਸਾਨੂੰ ਉਸ ਦੀ ਪਿੱਠ ਭੂਮੀ ਵਿਚ ਪਰਖਣਾ ਚਾਹੀਦਾ ਹੈ। ਕੋਈ ਇਕ ਨਿਸ਼ਚਿਤ ਸਿਧਾਂਤ ਅਤੇ ਘਸਵੱਟੀ ਅਸੀਂ ਸਭਨਾਂ 'ਤੇ ਲਾਗੂ ਨਹੀਂ ਕਰ ਸਕਦੇ। ਸ਼ੋਲੋਖੋਲ ਵਰਗੇ ਲੇਖਕ ਨੂੰ ਅਸੀਂ ਉਸ ਦੀਆਂ ਪੁਰਾਣੀਆਂ ਸਥਿਤੀਆਂ, ਉਸ ਦੀ ਇਤਿਹਾਸਕ ਪਿਠ-ਭੂਮੀ ਨੂੰ ਧਿਆਨ ਵਿਚ ਰੱਖਕੇ ਪਰਖਣਾ ਚਾਹੀਦਾ ਹੈ, ਨਹੀਂ ਤਾਂ ਅਸੀ ਉਸ ਨਾਲ ਬਹੁਤ ਵੱਡਾ ਅਨਿਆ ਕਰਾਂਗੇ।"

ਫਿਰ ਗੱਲਬਾਤ ਦਾ ਰੁਖ ਚਿਤਰਕਲਾ ਵੱਲ ਮੁੜ ਗਿਆ।

ਪੂਰਬ ਦੇ ਕਲਾਕਾਰ ਦੇ ਸਨਮੁੱਖ ਬਹੁਤ ਔਖੀਆਂ ਸਮੱਸਿਆਵਾਂ ਹਨ ਤੇ ਉਹਨਾਂ ਨੂੰ ਕੋਈ ਦੂਸਰਾ ਹੱਲ ਨਹੀਂ ਕਰ ਸਕਦਾ। ਚੀਨ, ਜਾਪਾਨ, ਹਿੰਦੁਸਤਾਨ... ਸਭ ਦੇਸ਼ਾਂ ਦੀਆਂ ਸਿਧਾਂਤਕ ਸਮੱਸਿਆਵਾਂ ਇਕੋ ਜਿਹੀਆਂ ਹਨ, ਜਿਹਨਾਂ ਨੂੰ ਹੱਲ ਕਰਨ ਨੂੰ ਕਿੰਨੇ ਹੀ ਵਰ੍ਹੇ ਲੱਗਣਗੇ। ਇਹ ਸਮੱਸਿਆ ਇਹਨਾਂ ਦੇਸ਼ਾਂ ਦੀ ਪ੍ਰੰਪਰਾ ਅਤੇ ਆਧੁਨਿਕ ਯੂਰਪੀ ਕਲਾ ਵਿਚਕਾਰ ਸੰਘਰਸ਼ ਦੀ ਹੈ। ਇਹਨਾਂ ਦੋਹਾਂ ਦੇ ਵਿਚਕਾਰ ਜਦੋਂ ਸੰਤੁਲਨ (Balance) ਹੋ ਜਾਵੇਗਾ ਤਾਂ ਸਮੱਸਿਆ ਸੁਲਝ ਜਾਵੇਗੀ। ਪ੍ਰੰਤੂ ਸੰਤੁਲਨ ਪ੍ਰਾਪਤ ਕਰ ਲੈਣਾ ਸੌਖਾ ਨਹੀਂ ਹੈ, ਇਸ ਵਿਚ ਕਿੰਨੇ ਹੀ ਸਫਲ ਤੇ ਅਸਫਲ ਹੋਣਗੇ। ਦੋਵੇਂ ਹੀ ਆਪਣਾ ਵਿਸ਼ੇਸ਼ ਮਹੱਤਵ ਰੱਖਦੇ ਹਨ। ਯੂਰਪੀ ਕਲਾ ਦੇ ਪ੍ਰਭਾਵ ਤੋਂ ਆਪਣੇ ਆਪ ਨੂੰ ਮੁਕਤ ਨਹੀਂ ਕੀਤਾ ਜਾ ਸਕਦਾ। ਪੂਰਬੀ ਕਲਾ ਵਿਚ ਕਦੇ ਸੁਭਾਵਿਕ ਰੂਪ ਵਿਚ ਪ੍ਰਗਤੀ ਨਹੀਂ ਹੋਈ ਜਿਵੇਂ ਕਿ ਸਾਨੂੰ ਫਰਾਂਸ ਵਿਚ ਵਿਖਾਈ ਦਿੰਦਾ ਹੈ।

ਜਿਥੋਂ ਹਰ ਅਗਲਾ ਕਦਮ ਪਿਛਲੇ ਕਦਮ ਨੂੰ ਦ੍ਰਿਸ਼ਟੀਕੋਣ ਵਿਚ ਰੱਖਕੇ ਅੱਗੇ ਵਧਿਆ ਹੈ। ਹਰ ਪੂਰਬੀ ਦੇਸ਼ ਦੀ ਕਲਾ ਦਾ ਇਤਿਹਾਸ ਹਰ ਦੂਸਰੇ ਤੋਂ ਅਲੱਗ ਹੈ। ਇਥੇ ਕਲਾ ਦੇ ਰੂਪ ਅਤੇ ਵਿਸ਼ੇ ਦੋਵਾਂ ਵਿਚ ਹੀ ਅਸਮਾਂਤਰ ਰੂਪ ਵਿਚ ਪ੍ਰੰਪਰਾ ਦੇ ਧਾਗੇ ਟੁੱਟੇ ਅਤੇ ਜੁੜੇ ਤੇ ਇਸ ਪ੍ਰਕਾਰ ਉਨ੍ਹਾਂ ਦੇ ਟੁੱਟਣ ਤੇ ਜੁੜਨ ਦਾ ਕਰਮ ਜਾਰੀ ਰਿਹਾ। ਏਸੇ ਕਾਰਨ ਅੱਜ ਸਾਨੂੰ ਇਹਨਾਂ ਦੇਸ਼ਾਂ ਦੀ ਕਲਾ ਦਾ ਕੋਈ ਨਿਸ਼ਚਿਤ ਰੂਪ ਵਿਖਾਈ ਨਹੀਂ ਦਿੰਦਾ ਕਿਤੇ ਕਿਤੇ ਰਾਸ਼ਟਰੀ ਕਲਾ ਦੇ ਜਾਮੇਂ ਵਿਚ ਸਸਤੀ ਕਲਾ ਨੂੰ ਉਪਰ ਚੁੱਕਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਪੂੰਜੀਵਾਦ ਦਾ ਜਨਮ ਸਭ ਦੇਸ਼ਾਂ ਲਈ ਆਵੱਸ਼ਕ ਹੈ। ਕਿਉਂਕਿ ਇਸ ਨਾਲ ਆਪਸੀ ਟਕਰਾਅ ਉਭਰਦੇ ਹਨ ਤੇ ਪੂਰਬ ਵਿਚ ਸੁਭਾਵਿਕ ਰੂਪ ਵਿਚ ਪੂੰਜੀਵਾਦ ਦੀ ਜੋ ਉਨੱਤੀ ਹੋਣੀ ਚਾਹੀਦੀ ਸੀ, ਤੇ ਜਿਹੜੀ ਨਹੀਂ ਹੋ ਸਕੀ, ਉਹ ਹੁਣ ਹੋਣੀ ਹੈ।

ਫਿਰ ਸੋਵੀਅਤ ਚਿਤਰਕਲਾ ਦੀ ਚਰਚਾ ਕਰਦੇ ਹੋਏ ਉਹ ਕਹਿਣ ਲੱਗੇ ਕਿ ਸੋਵੀਅਤ ਕਲਾ ਨੂੰ ਉਸ ਦੇ ਇਤਿਹਾਸ ਨੂੰ ਦ੍ਰਿਸ਼ਟੀਕੋਣ ਵਿਚ ਰੱਖ ਕੇ ਪਰਖਣਾ ਚਾਹੀਦਾ ਹੈ। ਸੋਵੀਅਤ ਕਲਾ ਦੀ ਪ੍ਰੰਪਰਾ ਫਰਾਂਸ ਮੁਕਾਬਲੇ ਬਹੁਤ ਭਿੰਨ ਹੈ, ਇਸ ਕਾਰਨ ਉਸ ਨੂੰ ਫਰਾਂਸੀਸੀ ਕਲਾ ਦੀ ਘਸਵੱਟੀ ਤੇ ਪਰਖਣਾ ਗਲਤ ਹੋਵੇਗਾ। ਏਥੇ ਕਦੇ ਉਹ ਸਾਰੇ ਇਜ਼ਮ ਨਹੀਂ ਉਪਜੇ ਜੋ ਪੱਛਮੀ ਯੂਰਪ ਵਿਚ ਫੈਲੇ ਸੀ।

ਉਹਨਾਂ ਨੇ ਮੈਨੂੰ ਪੁੱਛਿਆ ਕਿ ਹਿੰਦੀ ਵਿਚ ਇਕ ਨਾਵਲ ਦੀਆਂ ਕਿੰਨੀਆਂ ਕਾਪੀਆਂ ਛਪਦੀਆਂ ਹਨ। ਮੇਰਾ ਉੱਤਰ ਸੁਣ ਕੇ ਉਹ ਅਵਾਕ ਰਹਿ ਗਏ। ਮੈਂ ਉਹਨਾਂ ਨੂੰ ਵਾਸਤਵਿਕ ਸਥਿਤੀ ਸਮਝਾਉਣ ਦੀ ਕੋਸ਼ਿਸ਼ ਕੀਤੀ। ਉਹਨਾਂ ਆਖਿਆ ਕਿ ਜਦੋਂ ਤੱਕ ਸਾਹਿਤ ਵਿਚ ਆਮ ਲੋਕਾਂ ਦੀ ਦਿਲਚਸਪੀ ਨਹੀਂ ਹੁੰਦੀ ਤਦ ਤੀਕ ਸਾਡੀਆਂ ਬਹੁਤ ਸਾਰੀਆਂ ਸਮੱਸਿਆਵਾਂ ਹੱਲ ਨਹੀਂ ਹੋਣਗੀਆਂ। ਕੇਵਲ ਸ਼ਹਿਰਾਂ ਦੇ ਪੜ੍ਹੇ-ਲਿਖੇ ਲੋਕਾਂ ਦਾ ਪੁਸਤਕਾਂ ਵਿਚ ਦਿਲਚਸਪੀ ਲੈਣਾ ਕਾਫੀ ਨਹੀਂ ਹੈ। ਲਗਭਗ ਤੀਹ ਵਰ੍ਹੇ ਪਹਿਲਾਂ ਜਦੋਂ ਉਹ ਨਾਰਵੇ ਵਿਚ ਘੁੰਮ ਰਹੇ ਸੀ ਤਾਂ ਬਹੁਤ ਸਾਰੇ ਕਿਸਾਨਾਂ ਦੇ ਘਰਾਂ ਵਿਚ ਉਹਨਾਂ

ਨੇ ਇਬਸਨ ਦੀਆਂ ਪੁਸਤਕਾਂ ਵੇਖੀਆਂ ਸੀ ਜਦਕਿ ਫਰਾਂਸ ਜੈਸੇ ਉੱਨਤ ਤੇ ਸੱਭਿਅਕ ਦੇਸ਼ ਵਿਚ ਕਿਸਾਨਾਂ ਦੇ ਘਰ ਬਾਲਜ਼ਾਕ ਅਤੇ ਹਿਊਗੋ ਦੀਆਂ ਪੁਸਤਕਾਂ ਵੇਖਣਾ ਸੰਭਵ ਨਹੀਂ ਹੈ। ਸਾਹਿਤ ਪ੍ਰੇਮ ਦੀ ਇਹੀ ਅਸਲੀ ਘਸਵੱਟੀ ਹੈ। ਚੰਗੇ ਸਾਹਿਤ ਦਾ ਪ੍ਰਸਾਰ ਕਰਨ ਵਿਚ ਸਰਕਾਰੀ ਸਹਾਇਤਾ ਬਹੁਤ ਆਵੱਸ਼ਕ ਹੈ। ਕੁਝ ਦੇਰ ਪਹਿਲਾਂ ਤੱਕ 'ਆਨਾ ਸੇਘਰਸ ਵਰਗ' ਲੇਖਕਾ ਦੀ ਆਰਥਕ ਦਸ਼ਾ ਬਹੁਤ ਗਿਰੀ ਹੋਈ ਸੀ, ਕਿਉਂਕਿ ਉਹਨਾਂ ਦੇ ਉਪਨਿਆਸ ਜਰਮਨੀ ਵਿਚ Best Seller ਨਹੀਂ ਬਣ ਸਕੇ ਸੀ. ਭਾਵੇਂ ਕਿ ਉਸ ਦੀ ਪ੍ਰਤਿਭਾ ਕਿਸੇ ਤੋਂ ਲੁਕੀ ਹੋਈ ਨਹੀਂ ਸੀ।

ਫਿਰ ਟਾਮਸ ਮਾਨ ਦੀ ਚਰਚਾ ਛਿੜ ਪਈ। ਮੈਨੂੰ ਇਸ ਤਰ੍ਹਾਂ ਜਾਪਿਆ ਜਿਵੇਂ ਟਾਮਸ ਮਾਨ ਦੇ ਵਿਸ਼ੇ ਤੇ ਕੁਝ ਕਹਿਣ ਵੇਲੇ ਉਹਨਾਂ ਦਾ ਉਤਸ਼ਾਹ ਦੂਣਾ ਹੋ ਜਾਂਦਾ ਹੈ। ਪ੍ਰੰਤੂ ਕੁਝ ਮਹੀਨੇ ਪਹਿਲਾਂ ਟਾਮਸ ਮਾਨ ਦੀ ਮੌਤ ਤੇ ਉਹਨਾਂ ਨੂੰ ਬਹੁਤ ਦੁੱਖ ਪਹੁੰਚਿਆ ਸੀ। ਟਾਮਸ ਮਾਨ ਦੇ ਸਾਹਿਤ ਦੇ ਸੰਬੰਧ ਵਿਚ ਲਿਖੇ ਗਏ ਉਹਨਾਂ ਦੇ ਕਿੰਨੇ ਹੀ ਲੇਖ ਪਿਛਲੇ ਦਸ ਵਰ੍ਹਿਆਂ ਵਿਚ ਅਨੇਕ ਦੇਸ਼ਾਂ ਵਿਚ ਪ੍ਰਕਾਸ਼ਿਤ ਹੋ ਚੁੱਕੇ ਹਨ ਤੇ ਹੁਣ ਉਹਨਾਂ ਸਾਰਿਆਂ ਦਾ ਇਕ ਸੰਗ੍ਰਹਿ ਜਰਮਨ ਭਾਸ਼ਾ ਵਿਚ ਛਪ ਰਿਹਾ ਸੀ।

ਸਿਗਾਰ ਦਾ ਧੂੰਆਂ ਛੱਡਦੇ ਹੋਏ ਉਹ ਉਤਸ਼ਾਹਿਤ ਸੁਰ ਵਿਚ ਆਖਣ ਲੱਗੇ "ਟਾਮਸ ਮਾਨ ਦੀ ਮੌਤ ਨਾਲ ਵਿਸ਼ਵ ਸਾਹਿਤ ਵਿਚ ਇਕ ਐਸਾ ਸਥਾਨ ਖਾਲੀ ਹੋ ਗਿਆ ਹੈ ਜੋ ਸ਼ਾਇਦ ਕਦੇ ਭਰ ਨਹੀਂ ਸਕੇਗਾ। ਉਹਨਾਂ ਦੀ ਮਹਾਨਤਾ ਦਾ ਇਕ ਕਾਰਨ ਇਹ ਵੀ ਹੈ ਕਿ ਉਹਨਾਂ ਦਾ ਹਰੇਕ ਉਪਨਿਆਸ ਦੂਸਰੇ ਨਾਲੋਂ ਭਿੰਨ ਹੈ-ਤਕਨੀਕ ਵਿਸ਼ੇ-ਵਸਤੂ ਵਿਚ ਜੀਵਨ ਦਰਸ਼ਨ ਵਿਚ 'ਮੈਜਿਕ ਮਾਊਂਟੇਨ' ਤੇ ਡਾ. ਫਾਊਸਟ' ਵਿਚ ਜਿਹੜੀਆਂ ਸਮੱਸਿਆਵਾਂ ਉਘਾੜੀਆਂ ਗਈਆਂ ਹਨ। ਉਹ ਬਿਲਕੁਲ ਅਲੱਗ ਅਲੱਗ ਹਨ। ਉਹਨਾਂ ਦੀ ਮੌਤ ਨਾਲ ਸਭ ਤੋਂ ਵੱਡੀ ਹਾਨੀ ਇਹ ਹੋਈ ਹੈ ਕਿ ਉਹਨਾਂ ਦੇ ਨਵੇਂ ਨਾਵਲ ਦਾ ਦੂਸਰਾ ਭਾਗ ਪੂਰਾ ਨਹੀਂ ਹੋ ਸਕਿਆ। ਉਹ ਵੀਹਵੀਂ ਸਦੀ ਦੇ ਇਕ ਬਹੁਤ ਮਹਾਨ ਸਾਹਿਤਕਾਰ ਹਨ। ਹੋਰ ਲੇਖਕਾਂ ਨੇ ਵੀ ਉੱਚ ਕੋਟੀ ਦੀਆਂ ਪੁਸਤਕਾਂ ਲਿਖੀਆਂ ਹਨ। ਪ੍ਰੰਤੂ ਉਹਨਾਂ ਵਿਚ ਟਾਮਸ ਮਾਨ ਦੀ ਇਹ ਗੱਲ ਵੇਖਣ ਨੂੰ ਨਹੀਂ ਮਿਲਦੀ ਕਿ ਹਰ ਪੁਸਤਕ ਇਕੋ ਜਿਹੇ ਪੱਧਰ ਦੀ ਹੋਵੇ। ਕੁਝ ਮਹਾਨ ਸਾਹਿਤ ਦਾ ਭਾਗ ਬਣ ਗਈਆਂ ਤੇ ਕੁਝ ਕਿਰਤਾਂ ਹੇਠਾਂ ਹੀ ਰਹਿ ਗਈਆਂ। 'ਸਿਨਕਲੇਅਰ ਲੂਈਸ' ਵਿਚ ਇਹ ਗੱਲ ਬਹੁਤ ਸਪੱਸ਼ਟ ਰੂਪ ਵਿਚ ਵੇਖਣ ਨੂੰ ਮਿਲਦੀ ਹੈ. ਪ੍ਰੰਤੂ ਟਾਮਸ ਮਾਨ ਨੇ 'ਬੱਡਨ ਬਰਕਸ' ਤੋਂ ਲੈ ਕੇ ਅੱਜ ਤੀਕਰ ਸਾਨੂੰ ਨਿਰੰਤਰ ਉਚ ਕੋਟੀ ਦਾ ਸਾਹਿਤ ਦਿੱਤਾ।'

ਮੈਂ ਉਹਨਾਂ ਨੂੰ ਉਨ੍ਹਾਂ ਦੀਆਂ ਆਪਣੀਆਂ ਕਿਰਤਾਂ ਉੱਤੇ ਵੀ ਕੁਝ ਪ੍ਰਕਾਸ਼ ਪਾਉਣ ਲਈ ਆਖਿਆ। ਮੈਂ ਦੱਸਿਆ ਕਿ ਉਹਨਾਂ ਦੀ ਅੰਗਰੇਜ਼ੀ ਵਿਚ ਅਨੁਵਾਦਤ ਪੁਸਤਕ. "ਯੂਰਪੀਅਨ ਯਥਾਰਥਵਾਦ-ਇਕ ਅਧਿਐਨ" ਨੂੰ ਸਾਡੇ ਆਲੋਚਕਾਂ ਤੇ ਲੇਖਕਾਂ ਨੇ ਬਹੁਤ ਧਿਆਨ ਨਾਲ ਪੜ੍ਹਿਆ ਹੈ. ਪ੍ਰੰਤੂ ਬਦਕਿਸਮਤੀ ਨਾਲ ਉਹਨਾਂ ਦੀਆਂ ਦੂਸਰੀਆਂ ਪੁਸਤਕਾਂ ਦੇ ਵਿਸ਼ੇ ਬਾਰੇ ਅਸੀਂ ਲੋਕ ਕੁਝ ਵੀ ਨਹੀਂ ਜਾਣਦੇ।

ਆਪਣੇ ਬਾਰੇ ਕੁਝ ਦੱਸਣ ਵਿਚ ਉਹਨਾਂ ਨੂੰ ਕੁਝ ਝਿਜਕ ਹੋ ਰਹੀ ਸੀ. ਪਰ ਮੈਂ ਜ਼ੋਰ ਦਿੱਤਾ ਤਾਂ ਉਹਨਾਂ ਨੂੰ ਆਪਣੀਆਂ ਕਿਰਤਾਂ ਦੀ ਵਾਕਫੀ ਦੇਣ ਲਈ ਮਜਬੂਰ ਹੋਣਾ ਪਿਆ। 1946 ਵਿਚ ਜਰਮਨ ਸਾਹਿਤ ਤੇ ਉਹਨਾਂ ਦੀ ਇੱਕ ਵੱਡੀ ਪੁਸਤਕ 'ਜਰਮਨ ਲਿਟਰੇਚਰ ਇਨ ਦਾ ਏਜ ਆਫ ਇਪਰੀਏਲਿਜਮ' ਪ੍ਰਕਾਸ਼ਤ ਹੋਈ। ਫਿਰ 1947 ਵਿਚ 'ਗੇਟੇ ਐਂਡ ਹਿਜ਼ ਟਾਈਮ' 1948 ਵਿਚ "ਯੰਗ ਹੀਗਲ" ਦਾ ਪ੍ਰਕਾਸ਼ਨ ਹੋਇਆ। ਇਕ ਛੋਟੀ ਜਿਹੀ ਪੁਸਤਕ ਵਿਚ ਉਹਨਾਂ ਨੇ ਅਸਤਿਤਵਾਦ ਦਾ ਵਿਸ਼ਲੇਸ਼ਣ ਵੀ ਕੀਤਾ ਹੈ। 1955 ਵਿਚ ਵਰ੍ਹਿਆਂ ਬਾਅਦ ਅਧਿਐਨ ਦੇ ਪਿੱਛੋਂ ਲੁਕਾਚ ਦੀ ਨਵੀਂ ਕਿਰਤ. "ਡਿਸਟਰੱਕਸ਼ਨ ਆਫ ਰੀਜ਼ਨ" ਛਪੀ ਸੀ। ਜਿਸ ਨੂੰ ਉਹ ਆਪਣੀ ਸਭ ਤੋਂ ਮਹੱਤਵ ਪੂਰਨ ਰਚਨਾ ਸਮਝਦੇ ਹਨ। ਇਸ ਦਾ ਸੰਬੰਧ ਸਾਹਿਤ ਦੇ ਟਾਕਰੇ ਤੇ ਦਰਸ਼ਨ ਨਾਲ ਵਧੇਰੇ ਹੈ।

"ਜਾਪਾਨ ਵਿਚ ਮੇਰੀਆਂ ਲਗਭਗ ਸਾਰੀਆਂ ਪੁਸਤਕਾਂ ਦੇ ਅਨੁਵਾਦ ਹੋ ਚੁੱਕੇ ਹਨ। ਜਰਮਨ ਭਾਸ਼ਾ ਵਿਚ ਜਦ ਕਦੀ ਕੋਈ ਪੁਸਤਕ ਛਪਦੀ ਹੈ ਤਾਂ ਉਸ ਦੇ ਇਕ ਹਫਤੇ ਬਾਅਦ ਹੀ ਜਾਪਾਨ ਤੋਂ ਪੱਤਰ ਆਉਣ ਲੱਗਦੇ ਹਨ ਤੇ ਬਹੁਤ ਘੱਟ ਸਮੇਂ ਵਿਚ ਜਾਪਾਨੀ ਭਾਸ਼ਾ ਵਿਚ ਉਸ ਦਾ ਅਨੁਵਾਦ ਛਪ



ਜਾਂਦਾ ਹੈ। ਅੰਗਰੇਜ਼ੀ ਵਿਚ ਅਨੁਵਾਦ ਦੀ ਬੜੀ ਵੱਡੀ ਸਮੱਸਿਆ ਹੈ। ਕਿਉਂਕਿ ਅਮਰੀਕਾ ਤੇ ਬ੍ਰਿਟੇਨ ਵਿਚ ਪ੍ਰਕਾਸ਼ਕ ਮੇਰੀਆਂ ਪੁਸਤਕਾਂ ਨੂੰ ਛਾਪਣ ਲਈ ਤਿਆਰ ਨਹੀਂ ਹੁੰਦੇ।

"ਹੰਗਰੀ ਵਿਚ ਲੇਖਕਾਂ ਨੂੰ ਕਿਸੇ ਪ੍ਰਕਾਰ ਦੀਆਂ ਆਰਥਕ ਚਿੰਤਾਵਾਂ ਦਾ ਸਾਹਮਣਾ ਨਹੀਂ ਕਰਨਾ ਪੈਂਦਾ ਕਿਉਂਕਿ ਇਕ ਤਾਂ ਸਾਨੂੰ ਸਰਕਾਰ ਵੱਲੋਂ ਕਾਫੀ ਸਹਾਇਤਾ ਤੇ ਸਹੂਲਤਾਂ ਮਿਲਦੀਆਂ ਹਨ। ਤੇ ਦੂਸਰੇ ਆਮ ਲੋਕਾਂ ਵਿਚ ਸਾਹਿਤ ਪ੍ਰਚਾਰ ਹੋਣ ਦੇ ਕਾਰਨ ਇਕ ਪੁਸਤਕ ਦੀਆਂ ਪੰਦਰਾਂ ਵੀਹ ਹਜ਼ਾਰ ਕਾਪੀਆਂ ਛਾਪਣਾ ਸਾਧਾਰਨ ਜਿਹੀ ਗੱਲ ਹੈ। ਮੈਂ ਵਰਤਮਾਨ ਸਰਕਾਰ ਦੀ ਪਹਿਲੀ ਤੇ ਬਾਅਦ ਦੀ ਸਥਿਤੀ ਵੇਖੀ ਹੋਈ ਹੈ ਤੇ ਖੁਦ ਅਨੁਭਵ ਵੀ ਕੀਤਾ ਹੈ ਤੇ ਇਸ ਫਰਕ ਨੂੰ ਮੈਂ ਭਲੀ-ਭਾਂਤ ਜਾਣਦਾ ਹਾਂ।

ਫਿਰ ਕੁਝ ਇਧਰ ਉਧਰ ਦੀਆਂ ਗੱਲਾਂ ਹੋਈਆਂ। ਮੈਨੂੰ ਡਰ ਸੀ ਕਿ ਕਿਤੇ ਮਾਨਸਿਕ ਹਲਚਲ ਨੂੰ ਸ਼ਾਂਤ ਕਰਨੇ ਦੇ ਪਿੱਛੇ ਮੈਂ ਉਹਨਾਂ ਦਾ ਵੱਡਮੁੱਲਾ ਸਮਾਂ ਤੇ ਨਸ਼ਟ ਨਹੀਂ ਕੀਤਾ। ਮੇਰੀ ਗੱਲ ਸੁਣ ਕੇ ਲੁਕਾਚ ਹੱਸਣ ਲੱਗੇ ਤੇ ਬੋਲੇ ਕਿ ਇਤਨੀ ਦੂਰ ਤੋਂ ਆਏ ਵਿਅਕਤੀ ਨੂੰ ਮਿਲ ਕੇ ਕਦੇ ਸਮਾਂ ਨਸ਼ਟ ਹੋਣ ਦਾ ਸਵਾਲ ਨਹੀਂ ਉੱਠਦਾ।

ਸੂਰਜ ਬੁਡਾਪੈਸਟ ਦੀਆਂ ਪਹਾੜੀਆਂ ਦੇ ਪਿੱਛੇ ਉਹਲੇ ਹੋ ਗਿਆ ਸੀ ਤੇ ਉਹਨਾਂ ਦੇ ਕਮਰੇ ਦੀ ਖਿੜਕੀ ਦੇ ਸਾਹਮਣੇ ਹੋ ਕੇ ਮੈਂ ਡੈਨ ਯਊਬ ਵਿਚ ਚਮਕਦੇ ਧੁੰਧਲੇ ਪ੍ਰਛਾਵਿਆਂ ਨੂੰ ਵੇਖਣ ਲੱਗਾ। ਉਹਨਾਂ ਦੇ ਕਮਰੇ ਦੀ ਨੀਰਸਤਾ ਸ਼ਾਮ ਦੀ ਚੁੱਪ ਵਿਚ ਡੁੱਬ ਕੇ ਹੋਰ ਵੀ ਗਹਿਰੀ ਹੋ ਗਈ ਸੀ। ਉਹਨਾਂ ਦਾ ਧੰਨਵਾਦ ਕਰਕੇ ਮੈਂ ਵਿਦਾ ਲਈ। ਉਹਨਾਂ ਨੇ ਟਾਮਸ ਮਾਨ ਉੱਤੇ ਲਿਖੀ ਆਪਣੀ ਇਕ ਪੁਸਤਕ ਦਾ ਜਰਮਨ ਅਨੁਵਾਦ ਮੈਨੂੰ ਭੇਂਟ ਕੀਤਾ। ਅੱਜ ਹੰਗਰੀ ਤੋਂ ਕੋਹਾਂ ਦੂਰ ਬੈਠ ਕੇ ਜਦ ਅਖਬਾਰਾਂ ਵਿਚ ਹੰਗਰੀ ਦੇ ਝਗੜਿਆਂ ਦੇ ਸਮਾਚਾਰ ਪੜ੍ਹਦਾ ਹਾਂ ਤਾਂ ਡੇਢ ਵਰ੍ਹੇ ਪੁਰਾਣੀਆਂ ਅਣਗਿਣਤ ਯਾਦਾਂ ਮੇਰੇ ਮਨ ਨੂੰ ਝੰਜੋੜ ਜਾਂਦੀਆਂ ਹਨ। ਕਿੰਨੇ ਹੀ ਜਾਣੇ ਪਛਾਣੇ ਚਿਹਰੇ ਅੱਗ ਦੀਆਂ ਲਪਟਾਂ ਵਿਚ ਚੀਖ-ਪੁਕਾਰ ਕਰਦੇ ਵਿਖਾਈ ਦਿੰਦੇ ਹਨ ਤੇ ਜਿਹੜਾ ਚਿਹਰਾ ਬਾਰ ਬਾਰ ਮੇਰੀਆਂ ਅੱਖਾਂ ਦੇ ਸਾਹਮਣੇ ਆਉਂਦਾ ਹੈ ਤੇ ਜਿਸ ਨੂੰ ਕੋਸ਼ਿਸ਼ ਕਰਨ ਤੇ ਵੀ ਮੈਂ ਭੁੱਲ ਨਹੀਂ ਸਕਦਾ। ਉਹ ਹੈ ਜਾਰਜ ਲੂਕਾਚ ਦਾ ਚਿਹਰਾ।

ਮੈਂ ਜਾਣਦਾ ਸੀ ਕਿ ਹੰਗਰੀ ਅਤੇ ਪੂਰਬੀ ਯੂਰਪ ਵਿਚ ਲੁਕਾਚ ਦਾ ਵਿਰੋਧ ਕਰਨ ਵਾਲਿਆਂ ਦੀ ਗਿਣਤੀ ਕੋਈ ਘੱਟ ਨਹੀਂ ਹੈ। ਖੁੱਲ੍ਹੇ ਰੂਪ ਵਿਚ ਕਮਿਊਨਿਸਟ ਪਾਰਟੀ ਦੇ ਇਕ ਨੇਤਾ 'ਰੂਡਾਜ਼' ਨੇ ਉਹਨਾਂ ਦੀ ਸਖਤ ਆਲੋਚਨਾ ਕੀਤੀ ਸੀ, ਰੋਜ਼ਾਨਾ ਅਖਬਾਰ 'ਜ਼ਾਬਾਦ ਨੇਪ' ਦੇ ਸੰਪਾਦਕ 'ਮਾਰਟਨ ਹੋਰ ਵਾਟ' ਨੇ ਉਹਨਾਂ ਦੇ ਵਿਚਾਰਾਂ ਦਾ ਵਿਰੋਧ ਕੀਤਾ ਸੀ। ਉਸ ਦਾ ਲੁਕਾਚ ਤੇ ਸਭ ਤੋਂ ਵੱਡਾ ਦੂਸ਼ਣ ਇਹ ਸੀ ਕਿ ਉਸ ਦੇ ਹਿਰਦੇ ਵਿਚ ਪੱਛਮ ਦੇ ਬੁਰਜ਼ੂਆ ਸਾਹਿਤ ਦੇ ਪ੍ਰਤੀ ਪੂਰਬ ਦੇ ਸਮਾਜਵਾਦੀ ਯਥਾਰਥਵਾਦ ਦੇ ਟਾਕਰੇ ਤੇ ਵਧੇਰੇ ਹਮਦਰਦੀ ਹੈ।

ਇਹਨੀਂ ਦਿਨੀਂ ਹੰਗਰੀ ਵਿਚ ਹੋਏ ਭਿਆਨਕ ਹੱਤਿਆ ਕਾਂਡ ਵਿਚ ਲੁਕਾਚ ਦਾ ਕੀ ਬਣਿਆ, ਇਹ ਪ੍ਰਸ਼ਨ ਬਾਰ ਬਾਰ ਸਾਡੇ ਲੋਕਾਂ ਵਿਚ ਉੱਠਦਾ ਰਹਿੰਦਾ ਸੀ ਪਰ ਕਦੀ ਉਹਨਾਂ ਦਾ ਉਤਰ ਨਹੀਂ ਮਿਲ ਸਕਿਆ। ਪਿੱਛੇ ਜਿਹੇ 'ਨੀਊ ਸਟੇਟਸਮੈਨ ਐਂਡ ਨੇਸ਼ਨ' ਵਿਚ ਲੁਕਾਚ ਤੇ ਹਰਬਰਟ ਰੀਡ ਦੇ ਇਕ ਲੇਖ ਤੋਂ ਪਤਾ ਚੱਲਿਆ ਕਿ ਜਦੋਂ 'ਇਮਰੇ ਨਾਗੀ' ਦੀ ਕੁਝ ਦਿਨਾਂ ਦੀ ਸਰਕਾਰ ਬਣੀ ਸੀ ਤਾਂ ਲੁਕਾਚ ਸਿੱਖਿਆ ਮੰਤਰੀ ਨਿਯੁਕਤ ਹੋਏ ਸੀ। ਚਾਰ ਨਵੰਬਰ ਨੂੰ ਇਮਰੇਨਾਗੀ ਦੇ ਨਾਲ ਲੁਕਾਚ ਨੇ ਵੀ ਯੂਗੋਸਲਾਵ ਦੂਤਾਵਾਸ ਵਿਚ ਸ਼ਰਨ ਲਈ ਸੀ। ਪ੍ਰੰਤੂ ਇਕ ਦਿਨ ਕੁਝ ਸੈਨਕਾਂ ਦੀ ਸੁਰੱਖਿਆ ਵਿਚ ਉਹ ਵੀ ਹੋਰ ਲੋਕਾਂ ਦੇ ਨਾਲ ਬਾਹਰ ਆ ਗਏ ਤੇ ਕਹਿਣ ਲੱਗੇ ਕਿ ਆਪਣੇ ਘਰ ਜਾ ਰਿਹਾ ਹਾਂ। ਪ੍ਰੰਤੂ ਨਾ ਤਾਂ ਉਹ ਆਪਣੇ ਘਰ ਪਹੁੰਚੇ ਤੇ ਨਾ ਹੀ ਉਸ ਤੋਂ ਬਾਅਦ ਉਹਨਾਂ ਦਾ ਕੋਈ ਸਮਾਚਾਰ ਹੀ ਮਿਲਿਆ। ਬਾਅਦ ਦਾ ਸਮਾਚਾਰ ਹੈ ਕਿ ਲੁਕਾਚ ਵਾਪਸ ਬੁਡਾ ਪੈਸਟ ਪਹੁੰਚ ਗਏ ਸਨ। (ਹੰਸ-ਸਾਹਿਤ ਸੰਕਲਨ ਭਾਗ ਪਹਿਲਾ ਵਿਚੋਂ)

●●●

## 1. ਬੇਵਕਤ ਰਚੀ ਗਈ ਕਵਿਤਾ/*ਕੰਵਲਜੀਤ ਭੁੱਲਰ*

ਭਾਵੇਂ ਕਵਿਤਾ ਰਚਨ ਲਈ
ਇਹ ਕੋਈ ਉਚੇਚਾ ਸਮਾਂ ਨਹੀਂ!
ਚਲੋ ਫ਼ੇਰ ਵੀ
ਕੁਝ ਸ਼ਬਦਾਂ ਨੂੰ ਅੱਜ ਕਵਿਤਾ ਵਾਂਗ ਪਿਰੋਇਆ ਜਾਵੇ.....!
ਕਿਉਂ ਜੁ ਅੱਜ ਕਿਸੇ ਨੇ ਮਹਿੰਦੀ ਨਾਲ
ਆਪਣੀ ਤਲੀ 'ਤੇ ਸਾਡਾ ਨਾਂ ਲਿਖਿਆ ਹੈ.....।
ਅਸੀਂ.....ਜੋ ਕੋਰੇ ਕਾਗਜ਼ਾਂ ਨੂੰ
ਆਪਣੀ ਤਕਦੀਰ ਸਮਝਣ ਵਾਲੇ
ਹਮੇਸ਼ਾ......ਅੱਖਾਂ ਤੇ ਮੂੰਹ ਦੇ ਚਾਰ ਬੋਲਾਂ 'ਚੋਂ ਹੀ
ਮੁਹੱਬਤ ਤਲਾਸ਼ ਕਰਦੇ ਰਹੇ....!
ਕੀ ਪਤਾ ਸੀ..... ਮੋਹ ਦਾ ਜ਼ਿਕਰ
ਸਿਰਫ਼ ਅੱਖਾਂ ਜਾਂ ਮੂੰਹੋ ਨਿੱਕਲੇ ਸ਼ਬਦ ਹੀ ਨਹੀਂ
ਖ਼ਾਮੋਸ਼ ਤਲੀਆਂ ਵੀ ਕਰਦੀਆਂ ਨੇ......!!!
ਇਸ ਵਕਤ ਕਵਿਤਾ ਰਚਨਾ
ਇਸ ਲਈ ਵੀ ਜਾਇਜ਼ ਹੈ
ਕਿਉਂ ਜੁ ਕਿਸੇ ਦੀ ਤਲੀ ਦੀਆਂ ਲਕੀਰਾਂ ਦੀ ਸਰਹੱਦ ਅੰਦਰ
ਸਾਡਾ ਨਾਂ ਲਿਖਿਆ ਜਾਣਾ
ਉਸਦੀ ਆਪਣੀ ਕਿਸਮਤ ਵਿੱਚ ਸਾਡੇ ਦਾਖ਼ਿਲ ਹੋਣ ਵਾਂਗ ਹੈ....!!!
ਸਾਨੂੰ ਕਿਸੇ ਦਾ ਆਪਣਾ ਨਸੀਬ ਬਣਾ ਲੈਣਾ
ਸਾਡੇ ਜੀਣ ਦਾ ਬਹਾਨਾ ਵੀ ਹੈ
ਤੇ ਅੱਜਕਲ ਖੁਸ਼ ਰਹਿਣ ਦਾ ਸਬੱਬ ਵੀ....!!
ਸੋ ਕਵਿਤਾ ਰਚਨ ਦਾ ਇਹ ਮਾਹੌਲ
ਸਾਡੀ ਖੁਸ਼ੀ ਜ਼ਾਹਿਰ ਕਰਨ ਦਾ ਹੱਕ ਵੀ ਹੈ
ਤੇ ਚੁੱਪਚਾਪ ਉਦਾਸੀਆਂ ਨੂੰ
ਜ਼ਿਹਨ 'ਚੋਂ ਜਲਾਵਤਨ ਕਰਨ ਦੀ ਸਾਜ਼ਿਸ਼ ਵੀ... .?
ਵੈਸੇ
ਬੇਵਕਤ ਰਚੀ ਗਈ- ਇਸ ਕਵਿਤਾ ਲਈ
ਮੈਂ ਮੁਆਫ਼ੀ ਚਾਹੁੰਦਾ ਹਾਂ





## 2. ਜਨਮ ਦਿਨ/*ਕੰਵਲਜੀਤ ਭੁੱਲਰ*

ਅੱਜ ਮੇਰਾ ਜਨਮ ਦਿਨ ਹੈ.....!
ਇਸ ਨੂੰ ਮਨਾਉਣ ਲਈ ....ਤੁਹਾਡਾ ਸ਼ਾਮਿਲ ਹੋਣਾ
ਜ਼ਰੂਰੀ ਤਾਂ ਨਹੀਂ.....ਮਹਿਜ਼ ਮਜ਼ਬੂਰੀ ਹੈ.....!!!
ਤੁਸੀਂ ਹੋਵੋਗੇ ਤਾਂ ਘੜੀ ਪਲ...
ਕਿਸੇ ਪੰਜਾਬ ਪੌਪ ਦਾ ਸੀ. ਡੀ. ਲਾ ਕੇ...
ਰੱਜਕੇ ਭੰਗੜਾ ਪਾ....ਖੁਦ ਨੂੰ ਖੁਸ਼ ਕਰ ਲਵਾਂਗੇ....!
ਸਾਨੂੰ ਕੀ ਲੱਗੇ
ਕਿੱਥੇ ਸੋਕਾ ਪਿਆ ਹੈ....? ਕਿੱਥੇ ਬਿਨ ਪਾਣੀਓਂ
ਇਨਸਾਨ ਥੁੱਕ ਤੱਕ ਮੁਕਾ ਕੇ
ਖੁਸ਼ਕ ਗਲੇ 'ਚੋਂ .....ਜੀਭਾਂ ਬਾਹਰ ਲਮਕਾ....
ਆਖਿਰੀ ਸਾਹ ਲੈ ਰਹੇ ਹਨ.....!!!
ਆਪਾਂ ਤਾਂ ਵਿਸਕੀ ਦੇ ਦੋ ਘੁੱਟ ਪੀਕੇ....
ਆਪਣੇ ਗਲੇ ਨੂੰ ਖੁਸ਼ਕ ਹੋਣੋਂ ਬਚਾਈਏ....!
ਨਾਲੇ ਜਨਮ ਦਿਨ ਕਿਹੜੇ ਰੋਜ਼ ਆਉਂਦੇ ਨੇ.....
ਇਨਸਾਨ ਤਾਂ ਨਿੱਤ ਦਿਹਾੜੀ ਮਰਦੇ ਹੀ ਰਹਿੰਦੇ ਹਨ.....!
ਕਦੀ ਦੰਗਿਆਂ ਵਿੱਚ.....ਕਦੀ ਸਰਹੱਦਾਂ ਦੀ ਰਾਖੀ ਦੌਰਾਨ
ਕਦੀ ਚੱਕਰਵਾਤ ਵਜ੍ਹਾ ਬਣਦੇ ਹਨ.....ਕਦੀ ਔੜਾਂ.....!!
ਕੋਈ ਕਦ ਤੱਕ ਇਨ੍ਹਾਂ ਦੇ ਨਾਲ ਮਰੇ ....?
ਛੱਡੋ ਪਰੇ .....ਆਪਾਂ ਆਪਣਾ ਜਨਮਦਿਨ ਮਨਾਈਏ...!!
ਸਾਨੂੰ ਕੀ ਲੱਗੇ
ਕੌਣ ਦੋ ਮਾਸੂਮ ਬੱਚਿਆਂ ਦੀਆਂ ਧੌਣਾਂ ਮਰੋੜ
ਬੋਰੀ 'ਚ ਪਾਕੇ ਸੁੱਟ ਗਿਆ .....?
"ਲੀਵ ਇੱਟ....ਵ੍ਹਾਈ ਸ਼ੁੱਡ ਵੁਈ ਵਰੀ?"
ਹੈਗੇ ਉਨ੍ਹਾਂ ਦੇ ਮਾਪੇ ਰੋਣ ਧੋਣ ਨੂੰ
ਨਾਲੇ ਸਾਡੇ ਬੱਚੇ ਤਾਂ ਸਲਾਮਤ ਹਨ....!
ਅਸੀਂ ਕਿਉਂ ਸੋਗ ਮਨਾਈਏ .....??
ਜਾਣਦੇ ਹਾਂ....ਬਿਹਾਰ ਦੇ ਕਤਲ-ਏ-ਆਮਾਂ ਬਾਰੇ ...!
ਕਸ਼ਮੀਰ ਦੇ ਦਰਦ ਤੋਂ ਵੀ ਅਸੀਂ ਨਾਵਾਕਿਫ਼ ਨਹੀਂ...!!!

ਉੱਥੇ ਪਿਓ ਦੇ ਸਾਹਮਣੇ ਧੀ ਦੀ ਪੱਤ ਲੁੱਟਕੇ
ਓਹਦੇ ਭਰਾ ਦੀ ਅਣਖ ਨੂੰ
ਵਿਦੇਸ਼ੀ ਗੋਲੀ ਨਾਲ ਢਹਿ ਢੇਰੀ ਕਰ ਦਿੱਤਾ ਜਾਂਦਾ ਹੈ....!!
"ਦੈਨ ਵ੍ਹੱਟ!".....ਅਸੀਂ ਕੀ ਕਰ ਸਕਦੇ ਹਾਂ ...?
ਚਲੋ ਦੋ ਮਿੰਟ ਮੌਨ ਧਾਰਨ ਕਰ ਲਈਏ
"ਬੱਟ ਦ ਸ਼ੋਅ ਮਸਟ ਗੋ ਔਨ...!"
ਨਾਲੇ ਸਾਨੂੰ ਕੀ ਲੱਗੇ
ਕਿ ਬੱਚੇ ਅਨਾਥ ਹੋ ਰਹੇ ਹਨ
ਔਰਤ ਬੱਚੇ ਜੰਮਕੇ ਵੀ...ਜਿਵੇਂ ਬਾਂਝ ਦੀ ਜੂਨ ਹੰਢਾ ਰਹੀ ਹੈ
ਤੇ ਪਿਓ ਜਿਸਨੇ ਪੁੱਤਰਾਂ ਵੱਲ ਵੇਖ
ਆਪਣੀ ਅਰਥੀ ਲਈ ਮੋਢੇ ਸਲਾਮਤ ਤੱਕੇ ਸਨ
ਉਹਨੂੰ ਖੁਦ ਨੂੰ.... ਉਨ੍ਹਾਂ ਦੇ ਜਨਾਜ਼ੇ ਦਾ ਬੋਝ ਚੁੱਕਣਾ ਪੈ ਰਿਹੈ!!!
ਫ਼ੇਰ ਕੀ ਕਰੀਏ ?.....ਉਨ੍ਹਾਂ ਦੇ ਨਾਲ ਮਰੀਏ....??
."ਦਿਸ ਇਜ਼ ਨੱਨ ਆਫ਼ ਅਵਰ ਬਿਜ਼ਨਿਸ....!"

ਬਹੁਤਾ ਕਹਿੰਦੇ ਹੋ ਤਾਂ
ਪੀੜਤ ਇਨਸਾਨਾਂ ਦੇ ਨਾਂ 'ਤੇ ਚੱਲ ਰਹੇ ਫੰਡਾਂ ਲਈ
ਕੁਝ ਛਿਲੜ ਭੇਜ ਦਿਆਂਗੇ......ਹੋਰ ਦੱਸੋ ?
ਨਾਲੇ ਇਸ ਸਭ ਕੁਝ ਵਿਚ.....ਸਾਡਾ ਤਾਂ ਹੱਥ ਨਹੀਂ
ਸਾਡੇ ਹੱਥ ਵਿੱਚ ਤਾਂ ਜੋ ਛੁਰੀ ਹੈ.....
ਇਹ ਕੇਕ ਕੱਟਣ ਲਈ ਹੈ....ਕਿਸੇ ਕਤਲ ਲਈ ਨਹੀਂ....''
ਪਰ ਤੁਸੀਂ ਮੈਨੂੰ ਜਨਮਦਿਨ ਦੀ
ਸਿਰਫ਼ ਮੁਬਾਰਕ ਹੀ ਦਿੱਤੀ ਹੈ
ਲੰਮੀ ਉਮਰ ਲਈ ਨਹੀਂ....!!!
ਕਿਉਂ .....???

*-ਬਿਆਸ ਆਰਸੀ ਪਬਲਿਕ ਸਕੂਲ, ਪਿੰਡ : ਗੋਡਾਣਾ, ਡਾਕ : ਦਿਲਵਾਂ, (ਕਪੂਰਥਲਾ)*



## ਨਜ਼ਮ

### ਜਦ ਮੈਂ ਪਰਤਾਂਗਾ / *ਵਿਸ਼ਾਲ*

ਮਾਂ! ਜਦ ਮੈਂ ਵਾਪਿਸ ਆਵਾਂਗਾ
ਓਨਾ ਨਹੀਂ ਹੋਵਾਂਗਾ
ਜਿੰਨ੍ਹਾਂ ਤੂੰ ਭੇਜਿਆ ਹੋਵੇਗਾ
ਕਿਤੋਂ ਥੋੜਾ......ਕਿਤੋਂ ਬਹੁਤਾ।
ਉਮਰ ਜਿੰਨੀ ਥਕਾਵਟ.....ਯੁੱਗਾਂ-ਯੁੱਗਾਂ ਦੀ ਉਦਾਸੀ
ਬੰਦੇ ਨੂੰ ਮੁਕਾ ਦੇਣ ਵਾਲੇ ਰਾਹਾਂ ਦੀ ਧੂੜ
ਵਾਲਾਂ 'ਚ ਆਈ ਸਫੈਦੀ
ਹੋਰ ਕੀ ਵਾਪਿਸ ਲੈ ਕੇ ਆਵਾਂਗਾ......

ਕੀ ਮੈਂ ਤੈਨੂੰ ਦੱਸ ਸਕਾਂਗਾ
ਕਿ ਰੋਜ਼ ਮੇਰੇ ਅੰਦਰ ਇੱਕ ਕਬਰ ਸਾਹ ਲੈਂਦੀ ਸੀ
ਤੇ ਕਿਵੇਂ ਆਪਣੇ ਆਪ ਨੂੰ ਜਿਊਣ ਵਰਗੇ ਭਰਮ 'ਚ ਰੱਖਣ ਲਈ
ਆਪਣੇ ਹੀ ਕਮਰੇ 'ਚ
ਵੜਣ ਲੱਗਿਆ ਬੂਹਾ ਖੜਕਾਉਂਦਾ ਸੀ
ਇਹ ਜਾਣਦੇ ਹੋਏ ਵੀ ਕਿ
ਕਿਸੇ ਨੇ ਬੂਹਾ ਨਹੀਂ ਖੋਲ੍ਹਣਾ
ਤੇ ਨਾ ਹੀ ਕਿਸੇ ਨੇ ਕਲਾਵੇ 'ਚ ਲੈਣਾ ਹੈ
ਨਾ ਕਿਸੇ ਨੇ ਕੋਈ ਘੂਰੀ ਵੱਟਣੀ ਹੈ
ਨਾ ਕਿਸੇ ਨੇ ਨਰਾਜ਼ ਹੋਣਾ ਹੈ
ਅਤੇ ਨਾ ਹੀ ਕਿਸੇ ਨੇ ਮੁਆਫ਼ ਕਰਨਾ ਹੈ
ਬੱਸ ਇੱਕ ਆਲਮ ਪੈਦਾ ਹੋਣਾ ਹੈ
ਜਿਥੇ ਬੰਦਾ ਆਪਣੇ ਆਪ ਨੂੰ ਟੋਹ ਕੇ ਵੇਖਦਾ ਹੈ।

ਮਾਂ! ਜ਼ਿਆਦਾ ਤੋਂ ਜਿਆਦਾ ਕੀ ਲੈ ਆਵਾਂਗਾਂ
ਬਾਪ ਦੇ ਗਲ 'ਚ ਲਟਕਾਉਣ ਵਾਲੀ ਘੜੀ
ਜਾਂ ਮੇਜ਼ 'ਤੇ ਰੱਖਣ ਵਾਲਾ ਟਾਈਮਪੀਸ
ਕਿ ਤੜਕਸਾਰ ਦੇ ਅਲਾਰਮ ਨਾਲ
ਉਹ ਦੋ ਵਕਤ ਦੀ ਰੋਟੀ ਲਈ
ਆਪਣੇ ਅੱਖਾਂ 'ਤੇ ਚੜ੍ਹਾ ਕੇ ਖੋਪੇ
ਘਰ ਦਾ ਗੇੜਾ ਕੱਢਦਾ ਰਹੇ

ਤੇ ਜਾਂ ਫਿਰ ਤੇਰੀ ਅਸਲੋਂ ਹੀ ਰਹਿੰਦੀ ਜਾ ਰਹੀ ਨਜ਼ਰ ਲਈ
ਕੋਈ ਰਾਂਗਲਾ ਜੇਹਾ ਫਰੇਮ
ਤਾਂ ਕਿ ਤੇਰੇ ਜ਼ਿਹਨ 'ਚ ਕਿਤੇ ਪੁੱਤ ਦਾ ਫਰੇਮ ਟੁੱਟ ਨਾ ਜਾਏ

ਤੈਨੂੰ ਕਿਵੇਂ ਦੱਸਾਂਗਾ ਨੀ ਮਾਏ.....
ਤੇਰੇ ਇਸ ਭਗਵੇਂ ਪੁੱਤਰ ਨੂੰ ਕਿਤੇ ਵੀ ਟਕਾਅ ਨਹੀਂ ਸੀ
ਰੋਜ਼ ਰਾਤੀ
ਚੌਂਕੇ 'ਚ ਪੱਕਦੀ ਮੱਕੀ ਦੀ ਰੋਟੀ ਦੀ ਮਹਿਕ
ਜਦ ਯਾਦ ਆਉਂਦੀ ਸੀ
ਇੱਕ ਵਾਰ ਤਾਂ ਇਸ ਤਰ੍ਹਾਂ ਹੀ ਲੱਗਦਾ ਸੀ
ਕਿ ਤੂੰ ਬੁਰਕੀਆਂ ਤੋੜ ਤੋੜ
ਮੂੰਹ 'ਚ ਪਾ ਰਹੀ ਏ....
ਉਹਨਾਂ ਪਲਾਂ 'ਚ ਮੈਂ ਹਉਕੇ ਤੋਂ ਵੱਧ ਕੇ ਕੁੱਝ ਨਹੀਂ ਹੁੰਦਾ ਸੀ

ਮਾਂ ਤੂੰ ਤਾਂ ਮੈਨੂੰ
ਹਮੇਸ਼ਾ ਹੀ ਸਾਊ ਪੁੱਤ ਹੀ ਆਖਦੀ ਰਹੀ ਸੀ
ਇਹ ਜਾਣਦੇ ਹੋਏ ਵੀ
ਕਿ ਸਵੇਰ ਦੀ ਪਹਿਲੀ ਕਿਰਨ ਤੋਂ ਲੈ ਕੇ
ਰਾਤ ਦੀ ਆਖਰੀ ਹਿੱਚਕੀ ਤੱਕ
ਮੈਂ ਤੇਰੇ ਲਈ
ਕਿੰਨੇ ਨਿੱਕੇ-ਨਿੱਕੇ ਦੁੱਖ ਪੈਦਾ ਕੀਤੇ ਸਨ
ਮੈਨੂੰ ਉਹ ਸਭ ਕੁੱਝ ਚੰਗੀ ਤਰ੍ਹਾਂ ਯਾਦ ਹੈ
ਕਿ ਮੇਰੀਆ ਰਾਤਾਂ ਦੀ ਅਵਾਰਗੀ ਨੂੰ ਲੈ ਕੇ
ਕਿਵੇਂ ਤੂੰ ਸੂਲੀ 'ਤੇ ਟੰਗੀ ਰਹਿੰਦੀ ਸੀ
ਬੱਸ ਏਸੇ ਆਸ ਨਾਲ
ਕਿ ਮੇਰਾ ਪੁੱਤ ਕਦੇ ਤਾਂ ਕੁੱਖ ਦਾ ਦਰਦ ਪਛਾਣੇਗਾ
ਕਦੇ ਤਾਂ ਪੁੱਤਾਂ ਵਾਗੂੰ ਦਸਤਕ ਦੇਵੇਗਾ....

ਪਰ ਮਾਂ
ਜਦ ਮੈਂ ਪਰਤਾਂਗਾ
ਜ਼ਿਆਦਾ ਤੋਂ ਜ਼ਿਆਦਾ ਕੀ ਲੈ ਆਵਾਗਾਂ
ਮੇਰੀਆਂ ਅੱਖਾਂ 'ਚ ਹੋਣਗੇ ਮਰੇ ਹੋਏ ਸੁਪਨੇ
ਮੇਰੇ ਨਾਲ ਮੇਰੀ ਹਾਰ ਹੋਏਗੀ
ਤੇ ਉਹ ਥੋੜਾ ਜਿਹਾ ਹੌਸਲਾ ਵੀ
ਜਦ ਆਪਣਾ ਸਭ ਕੁੱਝ ਗੁਆ ਕੇ ਵੀ
ਬੰਦਾ ਸਿੰਕਦਰ ਹੋਣ ਦੇ ਭਰਮ 'ਚ ਰਹਿੰਦਾ ਹੈ
ਤੇ ਫਿਰ ਤੇਰੇ ਲਈ ਨਿੱਕੇ ਨਿੱਕੇ ਖ਼ਤਰੇ ਪੈਦਾ ਕਰਾਂਗਾ
ਨਿੱਕੇ ਨਿੱਕੇ ਡਰ ਪੈਦਾ ਕਰਾਂਗਾ
ਹੋਰ ਮੈਂ ਕੀ ਲੈ ਕੇ ਆਵਾਗਾਂ ?

-0-



## ਜੰਗ ਦੇ ਦਿਨਾਂ 'ਚ

—ਦਰਸ਼ਨ ਬੁੱਟਰ

ਜੰਗ ਦੇ ਦਿਨਾਂ 'ਚ
ਕੁਝ ਵੀ ਸਹਿਜ ਨਹੀਂ ਹੁੰਦਾ

ਜੰਗ ਦੇ ਦਿਨਾਂ 'ਚ
ਰਾਤ ਤਾਂ ਹੁੰਦੀ ਹੈ
ਦਿਨ ਵਰਗਾ ਕੁਝ ਨਹੀਂ ਹੁੰਦਾ

ਲਹੂ ਦਾ ਧਰਮ
ਦਿਲਾਂ 'ਚ ਧੜਕਣਾ
ਦੁਸ਼ਮਣਾਂ ਦੇ ਵੀ........
ਜੰਗ ਦਾ
ਕੋਈ ਧਰਮ ਨਹੀਂ ਹੁੰਦਾ

ਜੰਗ ਖੋਹ ਲੈਂਦਾ
ਸਾਡੀ ਨੀਂਦ-ਚੈਨ-ਸੁੱਖ ਅਰਾਮ
ਪੁੱਤਾਂ ਵਾਂਗ ਪਾਲੀਆਂ ਛਾਵਾਂ
ਰੁੱਖਾਂ ਵਾਂਗ ਕੱਟ ਦਿੰਦਾ

ਸੰਵੇਦਨਾ ਦੇ ਦੀਵੇ ਬੁਝਾਉਂਦਾ
ਹਸਦੇ ਘਰਾਂ ਨੂੰ ਉਜਾੜਦਾ
ਫ਼ਿਜ਼ਾ 'ਚ ਬਾਰੂਦ ਘੋਲਦਾ

ਲਹੂ ਡੁੱਲ੍ਹਦਾ
ਪੱਗਾਂ ਤੇ-ਸਰਹੱਦਾਂ ਤੇ
ਕਿਸੇ ਡੁੱਲ੍ਹ-ਡੁੱਲ੍ਹ ਪੈਂਦੀ ਮੁਟਿਆਰ ਦਾ
ਦਿਲ ਕੰਬਦਾ
ਨੰਨ੍ਹੇ ਬਾਲ ਦਾ ਭਵਿੱਖ
ਬੁੱਲ੍ਹ ਖਿੱਚ ਕੇ ਰੋਂਦਾ

ਬਹੁਤ ਕੁਝ
ਪਿਘਲਾਅ ਦਿੰਦੀਆਂ ਸਿਸਕੀਆਂ
ਬਹੁਤ ਕੁਝ ਫੂਕ ਦਿੰਦੇ ਅੱਥਰੂ
ਧੁਆਂਖੇ ਪਲਾਂ ਦੀ ਦਾਸਤਾਂ
ਬੇਜ਼ੁਬਾਂ ਮਿੱਟੀ ਦਾ
ਹਿੱਕ ਤੇ ਉੱਕਰ ਦਿੰਦਾ
ਜੰਗ ਦੇ ਦਿਨਾਂ 'ਚ
ਮਨੁੱਖ
ਮਨੁੱਖ ਨਹੀਂ ਹੁੰਦਾ
ਉਹ ਆਪਣੀ ਭਾਸ਼ਾ 'ਚ ਨਹੀਂ
ਕਿਸੇ ਹੋਰ ਭਾਸ਼ਾ 'ਚ ਬੋਲਦਾ

ਕਵਿਤਾ!
ਅਜਿਹੇ ਨਾਜ਼ੁਕ ਸਮੇਂ
ਤੂੰ
ਕਿਹੜੇ ਖ਼ੂਨ ਨਾਲ ਖਲੋਏਂਗੀ ?

*—143/2, ਹੀਰਾ ਮਹਿਲ ਨਾਭਾ-147201*

## ਝੱਖੀ / *ਤਰਲੋਚਨ ਸਿੰਘ ਭਾਟੀਆ*

ਅਮਰ ਸਿੰਘ ਨੇ ਮਿਆਨ ਵਿੱਚੋਂ ਛੋਟੀ ਕਿਰਪਾਨ ਕੱਢੀ ਤੇ ਸਕੂਲ ਦੇ ਮੁੱਖ-ਦਰਵਾਜ਼ੇ ਤੋਂ, ਤਿੰਨ-ਚਾਰ ਮੀਟਰ ਅੰਦਰ ਜ਼ਮੀਨ ਤੇ, ਕਿਰਪਾਨ ਦੀ ਨੋਕ ਨਾਲ ਲਕੀਰ ਵਾਹੀ। "ਸੁਣ ਲੈ ਤੂੰ ਵਾਲੀਆ ਤੇ ਨਾਲ ਢਾਡੀ ਜੀ ਤੂੰ ਵੀ, ਮੈਂ ਸਕੂਲ 'ਚ ਜ਼ਰੂਰ ਆਵਾਂਗਾ-ਇਸ ਲਕੀਰ ਤੱਕ। ਮੈਂ ਜਾ ਰਿਹਾਂ ਸਿੱਧਾ ਅੰਮ੍ਰਿਤਸਰ। ਉੱਥੇ, ਦਰਬਾਰ ਸਾਹਿਬ 'ਚ ਮੱਥਾ ਟੇਕਾਂਗਾ, ਦੇਗ ਕਰਾਵਾਂਗਾ ਤੇ ਤੇਗ ਖ਼ੀਦਾਂਗਾ। ਸੋਮਵਾਰ, ਵਾਪਸ ਆ ਕੇ, ਇਸ ਲਕੀਰ ਤੱਕ ਆਵਾਂਗਾ, ਜੈਕਾਰਾ ਛੱਡਾਂਗਾ ਤੇ ਪ੍ਰਸ਼ਾਦ ਵੰਡਾਂਗਾ"। ਉਹ ਸਾਥੋਂ ਕਾਫ਼ੀ ਹੱਟਵਾਂ ਜਿਹਾ ਖੜ੍ਹਾ, ਭਾਸ਼ਣ ਕਰਨ ਵਾਲਿਆਂ ਵਾਂਙ ਬੋਲ ਰਿਹਾ ਸੀ। "ਓਏ! ਦੌੜ ਜਾ ਇੱਥੋਂ, ਝੱਖੀ ਕਿਤੋਂ ਦਾ," ਢਾਡੀ ਗੁਰਮੁੱਖ ਸਿੰਘ ਨੇ ਉੱਚੀ ਆਵਾਜ਼ 'ਚ ਕਿਹਾ। "ਢਾਡੀ ਜੀ, ਤੈਨੂੰ ਮੇਰੇ ਮੂੰਹ ਤੇ ਮਾਰੇ ਥੱਪੜ ਦਾ ਹਿਸਾਬ ਵੀ ਦੇਣਾ ਪੈਣੈਂ। ਪੰਚਾਇਤ ਨੂੰ ਕਹੀਂ, ਸੋਮਵਾਰ ਤਿਆਰ ਰਹੇ।" "ਜਾਂਦੇ ਕਿ ਨਹੀਂ, ਕੁੱਤਾ ਕਿਤੋਂ ਦਾ, ਐਵੇਂ ਭੌਂਕੀ ਜਾਂਦੈ, " ਆਖ ਕੇ ਢਾਡੀ ਉਹਦੇ ਵੱਲ ਵਧਿਆ। ਅਮਰ ਸਿੰਘ "ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ" ਕਹਿਕੇ ਸਕੂਲੋਂ ਬਾਹਰ ਹੋ ਗਿਆ। "ਢਾਡੀ ਸਾਹਿਬ, ਤੁਹਾਨੂੰ ਚਪੇੜ ਨਹੀਂ ਸੀ ਮਾਰਨੀ ਚਾਹੀਦੀ," ਮੈਨੂੰ ਗੱਲ ਵਧ ਜਾਣ ਤੇ ਦੁੱਖ ਹੋ ਰਿਹਾ ਸੀ। "ਕੁੱਝ ਨਹੀਂ ਹੁੰਦਾ, ਵਾਲੀਆ ਸਾਹਿਬ। ਸਾਰੇ ਪਿੰਡ ਨੂੰ ਪਤੈ ਉਹ ਝੱਖੀ ਐ। ਕਦੇ ਅੱਧੀ ਰਾਤ ਨੂੰ ਗੁਰਦੁਆਰੇ ਜਾ ਵੜੇਗਾ, ਭਾਈ ਜੀ ਨੂੰ ਜਗਾਏਗਾ ਤੇ ਬੰਦ ਦਰਵਾਜ਼ੇ ਖੁੱਲ੍ਹਵਾ ਕੇ ਕਹੇਗਾ ਕਿ ਮਹਾਰਾਜ ਦਾ ਦਰ ਤਾਂ ਹਰ ਸਮੇਂ ਖੁੱਲ੍ਹਾ ਰਹਿਣਾ ਚਾਹੀਦਾ ਹੈ। ਫਿਰ ਆਪੇ ਮਹਾਰਾਜ ਦਾ ਪ੍ਰਕਾਸ਼ ਕਰਕੇ ਪਾਠ ਸ਼ੁਰੂ ਕਰ ਦਿੰਦੈ। ਕਦੇ ਪਿੰਡ ਵਾਲਿਆਂ ਨੂੰ ਕਹੇਗਾ ਕਿ ਨਿੱਤਰੋ ਕੋਈ ਪੰਜ ਜਣੇ, ਜਿਹੜੇ ਆਪਣੀ ਜ਼ਮੀਨ ਇਕੱਠੀ ਕਰਕੇ ਸਾਂਝ ਪਾਉਣ ਤੇ ਦੂਜਿਆਂ ਲਈ ਮਿਸਾਲ ਬਣਨ।" "ਫਿਰ ਵੀ ਆਪਾਂ ਠੀਕ ਨ੍ਹੀਂ ਕੀਤਾ, ਜ਼ਬਾਨੀ ਗੱਲ ਹੋ ਗਈ ਸੀ, ਠੀਕ ਸੀ।" "ਮੈਂ ਪਿਆ ਕਹਿਨਾ, ਵਾਲੀਆ ਸਾਹਿਬ, ਤੁਸੀਂ ਕਿਸੇ ਗੱਲ ਦੀ ਚਿੰਤਾ ਨਾ ਕਰੋ। ਕੀ ਕਰੇਗਾ ਉਹ? ਐਵੇਂ ਬਕਵਾਸ ਮਾਰਦੈ। ਸਰੀਰ ਵੇਖਿਆ ਜੇ ਉਹਦਾ, ਸੁੱਕੇ ਟਾਂਡੇ ਵਰਗਾ। ਚੰਗੀ ਜ਼ਮੀਨ ਤੇ ਝੋਟੀ ਵਰਗੀ ਤੀਵੀਂ ਦਾ ਮਾਲਕ ਜੇ। ਪਰ ਨਾ ਤੇ ਉਹ ਚੱਜ ਨਾਲ ਜ਼ਮੀਨ ਵਾਹ ਸਕਦੈ ਤੇ ਨਾ ਤੀਵੀਂ, ਬੱਸ ਬਾਹਰ ਝੱਗ ਸੁੱਟੀ ਜਾਂਦਾ ਜੇ," ਇਹ ਕਹਿਕੇ ਗੁਰਮੁੱਖ ਸਿੰਘ ਢਾਡੀ ਨੇ ਗੰਦੇ, ਪੀਲੇ ਦੰਦ ਕੱਢੇ। "ਚਲੋ ਛੱਡੋ, ਢਾਡੀ ਜੀ, ਆਪਾਂ ਨੇ ਕਿਸੇ ਦੇ ਨਿੱਜੀ ਜੀਵਨ ਤੋਂ ਕੀ ਲੈਣਾ-ਦੇਣੈ।" ਢਾਡੀ ਜਾਂਦਾ-ਜਾਂਦਾ ਵੀ ਕਹਿ ਗਿਆ, "ਡਰਨ ਦੀ ਲੋੜ ਨਹੀਂ ਮੈਨੂੰ ਆਵਾਜ਼ ਮਾਰ ਲਿਉ ਜੇ।" ਮੈਂ ਹਾਂ ਵਿੱਚ ਸਿਰ ਹਿਲਾ ਦਿੱਤਾ।

ਅਮਰ ਸਿੰਘ ਹਰ ਦੂਜੇ-ਚੌਥੇ ਦਿਨ ਸਕੂਲ ਵੱਲ ਗੇੜਾ ਜ਼ਰੂਰ ਮਾਰਦਾ। ਵਿਹਲੇ ਪੀਰਡਾਂ 'ਚ ਬੈਠੇ ਅਧਿਆਪਕਾਂ ਨਾਲ ਘੰਟਿਆਂ-ਬੱਧੀ ਗੱਲਾਂ-ਬਾਤਾਂ ਕਰਦਾ ਰਹਿੰਦਾ-ਕਦੇ ਪੜ੍ਹਾਈ ਦੇ ਡਿੱਗ ਰਹੇ ਮਿਆਰ ਬਾਰੇ, ਕਦੇ ਸਕੂਲਾਂ 'ਚ ਘੱਟ ਰਹੀਆਂ ਸਹਾਇਕ ਕਿਰਿਆਵਾਂ ਬਾਰੇ ਤੇ ਕਦੇ ਬਾਲ-ਮਨੋਵਿਗਿਆਨ ਬਾਰੇ। ਗੱਲ-ਬਾਤ ਦੌਰਾਨ ਉਹ ਇਹ ਦੱਸਣਾ ਕਦੇ ਨਾ ਭੁੱਲਦਾ ਕਿ ਉਹ 'ਗ੍ਰੈਜੂਏਟ' ਸੀ। ਅਧਿਆਪਕ ਬੋਰ ਹੁੰਦੇ। ਉਹ ਸਕੂਲ ਦੀ ਹਰ ਚੀਜ਼, ਹਰ ਨੁੱਕਰ-ਕੋਨੇ ਨੂੰ ਗਹੁ ਨਾਲ ਵੇਖਦਾ। ਕਦੇ ਉਹਦੇ ਹੱਥਾਂ 'ਚ ਪੇਂਟ ਦਾ ਡੱਬਾ ਤੇ ਬੁਰਸ਼ ਹੁੰਦੇ ਤੇ ਜਮਾਤ ਦੇ ਕਿਸੇ ਦਰਵਾਜ਼ੇ ਨੂੰ ਉਹ ਪੇਂਟ ਕਰਨ ਲੱਗ ਜਾਂਦਾ। ਕਦੇ ਆ ਕੇ ਸਕੂਲ 'ਚ ਬੂਟੇ ਲਾਉਣ ਲੱਗ ਪੈਂਦਾ। ਅਸੀਂ ਹੱਸ ਛੱਡਦੇ। ਕਈ ਵਾਰ ਉਹ ਸਕੂਲ ਦੇ ਨੇੜੇ ਖੜ੍ਹਾ ਹੁੰਦਾ। ਆਉਂਦੇ-ਜਾਂਦੇ ਬੱਚਿਆਂ ਨੂੰ ਵੇਖਦਾ ਰਹਿੰਦਾ। ਕਦੇ ਉਹ ਕਿਸੇ ਬੱਚੇ ਨਾਲ ਗੱਲਾਂ ਕਰ ਰਿਹਾ ਹੁੰਦਾ। ਉਸ ਦਿਨ ਉਹ ਸਕੂਲ ਜ਼ਰੂਰ ਆਉਂਦਾ। ਸਕੂਲ ਦੀ ਮੁੱਖ-ਅਧਿਆਪਕਾ, ਬੀਬੀ ਦੇਵ ਕੁਮਾਰੀ ਨੂੰ ਮਿਲਦਾ ਤੇ ਗਰੀਬ ਬੱਚਿਆਂ ਪ੍ਰਤੀ ਚਿੰਤਾ ਪ੍ਰਗਟ ਕਰਦਾ। ਫਿਰ ਜੇਬ 'ਚ ਕੱਢ ਕੇ ਕੁੱਝ ਪੈਸੇ ਬੀਬੀ ਨੂੰ ਦੇ ਕੇ ਸਮਝਾਉਂਦਾ ਕਿ ਕੁੱਝ ਪੈਸੇ ਸਕੂਲ-ਫੰਡ 'ਚੋ ਪਾ ਕੇ ਫਲਾਣੀ ਜਮਾਤ ਦੇ ਫਲਾਣੇ ਬੱਚੇ ਨੂੰ ਬੂਟ ਲੈ ਦੇਵੇ। ਕਦੇ ਕਿਸੇ ਬੱਚੇ ਦੀ ਫ਼ੀਸ ਲਈ ਪੈਸੇ ਦਿੰਦਾ। ਉਸ ਦਿਨ ਦਫ਼ਤਰ 'ਚ ਬੀਬੀ ਕੋਲ ਮੈਂ ਵੀ



ਬੈਠਾ ਸੀ। ਅਮਰ ਸਿੰਘ ਆ ਕੇ ਕਹਿਣ ਲੱਗਾ, "ਬੀਬੀ, ਕੀ ਗੱਲ, ਸਾਡੀ ਆਖੀ ਗੱਲ ਦਾ ਕੋਈ ਮੁੱਲ ਨਹੀਂ ?" ਟੋਨ ਗੁੱਸੇ ਵਾਲੀ ਸੀ। "ਮੈਂ ਸਮਝੀ ਨਹੀਂ, ਤੁਹਾਡੀ ਗੱਲ, " ਬੀਬੀ ਨੇ ਉਲਝਨ-ਭਰੇ ਲਹਿਜੇ 'ਚ ਕਿਹਾ। "ਤੂੰ ਕਿੱਥੇ ਸਮਝਣੈ, ਬੀਬੀ। ਮੈਂ ਤੈਨੂੰ ਕਹਿ ਕੇ ਗਿਆ ਸੀ ਕਿ ਛੇਵੀਂ ਜਮਾਤ ਦੇ ਗਗਨਦੀਪ ਨੂੰ ਬੂਟ ਲੈ ਦਈਂ। ਪਰ ਤੈਨੂੰ ਕਿਸੇ ਦੇ ਬੱਚੇ ਦਾ ਕੀ ਦਰਦ? ਤੂੰ ਬਾਂਝ, ਤੇਰੇ ਵੱਲੋਂ ਕੋਈ ਬੱਚਾ ਭਾਵੇਂ ਮਰੇ, ਭਾਵੇਂ ਜੀਵੇ, ਤੈਨੂੰ ਕੀ?" ਬੀਬੀ ਬੇ-ਔਲਾਦ ਸੀ। ਬੀਬੀ ਰੋਣ ਲੱਗ ਪਈ। ਮੈਨੂੰ ਗੁੱਸਾ ਆ ਗਿਆ। ਮੈਂ ਅਮਰ ਸਿੰਘ ਦੀ ਬਾਂਹ ਫੜ੍ਹੀ, ਉਠਾ ਕੇ ਧੱਕਾ ਮਾਰਿਆ ਤੇ ਦਫ਼ਤਰੋਂ ਕੱਢ ਕੇ ਕਿਹਾ, "ਚੱਲ, ਦੌੜ ਜਾ ਇੱਥੋਂ। ਜੇ ਮੁੜ ਕੇ ਕਦੇ ਸਕੂਲ 'ਚ ਵੜਿਆ ਤਾਂ ਟੰਗਾਂ ਤੋੜ ਦਿਆਂਗਾ।" ਅਮਰ ਸਿੰਘ ਵੀ ਭੜਕ ਗਿਆ। ਉਨੇ ਆਪਣਾ ਕੋਟ ਉਤਾਰ ਲਿਆ ਤੇ ਉੱਚੀ-ਉੱਚੀ ਬੋਲਣ ਲੱਗਾ, "ਆ ਤੂੰ, ਏਧਰ, ਮੇਰੇ ਵੱਲ। ਤੂੰ ਕੌਣ ਹੁੰਦੈ ਮੈਨੂੰ ਸਕੂਲ 'ਚੋਂ ਕੱਢਣ ਵਾਲਾ। ਪਿੰਡ ਮੇਰਾ, ਸਕੂਲ ਮੇਰਾ। ਤੂੰ ਹਵਾ 'ਚ ਜੜ੍ਹਾਂ ਵਾਲਾ, ਸਰਕਾਰ ਦਾ ਨੌਕਰ, ਮੈਨੂੰ ਫੁੱਦੂ-ਦਬਕੇ ਮਾਰਦੈਂ।" ਸਕੂਲ 'ਚ ਰੌਲਾ ਪੈ ਗਿਆ। ਅਧਿਆਪਕ ਤੇ ਬੱਚੇ ਬਾਹਰ ਇੱਕਠੇ ਹੋ ਗਏ। ਕੋਈ ਅਮਰ ਸਿੰਘ ਨੂੰ ਫੜ ਕੇ ਠੰਡਾ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ, ਕੋਈ ਮੈਨੂੰ। ਉੱਥੇ ਤਮਾਸ਼ਾ ਜਿਹਾ ਬਣ ਗਿਆ। ਪਰ੍ਹੇ ਪ੍ਰਾਇਮਰੀ ਵਾਲੇ ਪਾਸੇ, ਗੁਰਮੁੱਖ ਸਿੰਘ ਢਾਡੀ ਖੜ੍ਹਾ ਸੀ। ਰੌਲਾ ਸੁਣ ਕੇ ਉਹ ਦੌੜਿਆ ਆਇਆ। ਜਦ ਉਸ ਨੂੰ ਪਤਾ ਲੱਗਾ ਤਾਂ ਉਹਨੇ ਆ ਵੇਖਿਆ ਨਾ ਤਾ, ਅਮਰ ਸਿੰਘ ਦੇ ਮੂੰਹ ਤੇ ਥੱਪੜ ਜੜ ਦਿੱਤਾ ਤੇ ਅਮਰ ਸਿੰਘ ਨੂੰ ਟੁੱਟ ਕੇ ਪਿਆ, "ਕੁੱਤਾ ਕਿਸੇ ਜਗਾਹ ਦਾ, ਬੀਬੀ ਨਾਲ ਬਕਵਾਸ ਕਰਨ ਦੀ ਤੇਰੀ ਹਿੰਮਤ ਕਿਵੇਂ ਹੋਈ। ਦਫ਼ਾ ਹੋ ਜਾ ਏਥੋਂ, ਬੇਵਕੂਫ਼, ਝੱਖੀ।" ਉਸ ਪਿੱਛੋਂ ਅਮਰ ਸਿੰਘ ਨੇ ਭਾਸ਼ਣ ਕੀਤਾ ਤੇ ਚੈਲੰਜ ਵਜੋਂ ਲਕੀਰ ਖਿੱਚ ਦਿੱਤੀ।

ਪੰਜਾਬ ਵਿੱਚ ਦਹਿਸ਼ਤਵਾਦ ਦੀ ਹਨ੍ਹੇਰੀ ਚੱਲ ਰਹੀ ਸੀ। ਮਾਹੌਲ ਵਿੱਚ ਇਕ ਡਰ, ਇਕ ਭੈਅ ਜਿਹਾ ਫੈਲਿਆ ਹੋਇਆ ਸੀ। ਇਸ ਘਟਨਾ ਕਰਕੇ, ਧੁਰੋਂ ਕਿਤੇ, ਮੈਂ ਵੀ ਡਰ ਗਿਆ। ਅਮਰ ਸਿੰਘ ਅੰਮ੍ਰਿਤਧਾਰੀ ਸੀ ਤੇ ਉੱਤੋਂ ਝੱਖੀ ਵੀ। ਕੀ ਪਤਾ ਕਿਹੜਾ ਪੰਗਾ ਖੜ੍ਹਾ ਕਰ ਦੇਵੇ, ਇਹ ਵਿਚਾਰ ਮਨ ਵਿੱਚ ਆਉਣ ਤੇ ਮੈਂ ਕੰਬ ਜਾਂਦਾ ਪਰ ਮੈਂ ਇਹ ਗੱਲ ਕਿਸੇ ਨਾਲ ਸਾਂਝੀ ਨਾ ਕੀਤੀ। ਐਵੇਂ ਮਜ਼ਾਕ ਦਾ ਵਿਸ਼ਾ ਬਣ ਜਾਣਾ ਸੀ।

ਅਮਰ ਸਿੰਘ ਦੇ ਮਿੱਥੇ ਸੋਮਵਾਰ ਤੱਕ, ਅਧਿਆਪਕਾਂ ਨੂੰ ਮਨੋਰੰਜਨ ਤੇ ਟਾਈਮ ਪਾਸ ਦਾ ਮਸਾਲਾ ਮਿਲ ਗਿਆ। "ਵਾਲੀਆ, ਤੇਰੀ ਖ਼ੈਰ ਨਹੀਂ ਹੁਣ," ਮਹਿੰਦਰ ਡਰਾਇੰਗ ਟੀਚਰ ਕਹਿੰਦਾ। "ਪਰ ਉਹਨੇ ਕਿਹੜਾ ਆਉਣੈ, ਅਗਲਾ ਲੀਕ ਵਾਹ ਕੇ ਗਿਐ," ਬਰਿੰਦਰ ਗੱਲ ਜੋੜਦਾ। "ਵਾਲੀਆ, ਲੀਕ ਨਾ ਟੱਪੀਂ, ਨਹੀਂ ਤਾਂ ਤੇਰੇ ਵਾਲਾ ਕੰਮ ਹੋ ਜਾਣੈ। ਕੁਆਰਾ ਈ ਮਰ ਜਾਏਂਗਾ। ਇੱਥੇ ਅੰਦਰ ਈ ਬੈਠਾ ਰਹੀਂ," ਜੈਪਾਲ ਨੇ ਗੱਲ ਦੀ ਲੜੀ ਨਾ ਟੁੱਟਣ ਦੇਣੀ। "ਲੈ, ਉਨੇ ਜਵਾਨ ਨੇ ਨਾ ਲੀਕ ਟੱਪਣੀ ਐ, ਨਾ ਟੱਪਣ ਦੇਣੀ ਐ। ਉਸਨੇ ਤਾਂ ਕਿਰਪਾਨ ਦੂਰੋਂ ਚਲਾ ਕੇ ਮਾਰਨੀ ਐ ਤੇ ਵਾਲੀਏ ਦਾ ਸਿਰ ਜ਼ਮੀਨ ਤੇ।" "ਤੁਹਾਨੂੰ ਸੁੱਝਦੇ ਐ ਮਜ਼ਾਕ, ਬੀਬੀ ਦਾ ਵੀ ਸੋਚੋ, ਉਹਦੇ ਮਨ ਨੂੰ ਕਿੰਨੀ ਠੇਸ ਲੱਗੀ ਐ। ਵਿਚਾਰੀ, ਉਸੇ ਦਿਨ ਦੀ ਚੁੱਪ-ਚੁੱਪ ਐ," ਮੈਂ ਗੱਲਾਂ ਦਾ ਰੁਖ ਮੋੜਿਆ। "ਹਾਂ, ਯਾਰ, ਇਹ ਗੱਲ ਤਾਂ ਹੈ।" ਸ਼ਨੀਵਾਰ ਤੱਕ ਇਹੀ ਕੁਝ ਹੁੰਦਾ ਰਿਹਾ। ਸ਼ਨੀਵਾਰ ਨੂੰ ਬਲਵੰਤ ਨੇ ਟਿੱਚਰ ਕਰਕੇ ਕਿਹਾ, "ਕਿਉਂ ਵਾਲੀਆ, ਸੋਮਵਾਰ ਯਾਦ ਐ ?" " ਯਾਦ ਨੂੰ ਕੀ, ਸਾਲਾ ਪਹਾੜ ਡਿੱਗਣੈ ਓਕਣ। ਝੱਖੀ ਨੇ ਝੱਖ ਮਾਰਨੀ ਐ, ਮਾਰ ਕੇ ਚਲਾ ਜਾਏਗਾ। ਮੇਰਾ ਕੀ ਪੁੱਟ ਲੈਣਾ ਉਹਨੇ ?" ਕਹਿਣ ਨੂੰ ਤਾਂ ਮੈਂ ਕਹਿ ਦਿੱਤਾ, ਪਰ ਮਨ ਦੇ ਕਿਸੇ ਕੋਨੇ ਵਿੱਚ ਭੈਅ ਬੈਠਾ ਰਿਹਾ। ਪਿਛਲੇ ਦਿਨਾਂ ਵਾਂਗ, ਸ਼ਨੀਵਾਰ ਵੀ ਅਮਰ ਸਿੰਘ ਦੇ ਘਰ ਕੋਲੋਂ ਲੰਘਦਿਆਂ, ਧਿਆਨ ਬਦੋਬਦੀ ਉੱਧਰ ਚਲਾ ਗਿਆ। ਐਤਵਾਰ, ਘਰ ਬੈਠੇ, ਇਕ ਪਲ਼ ਲਈ ਤਾਂ ਮੇਰੇ ਮਨ 'ਚ ਇਹ ਵਿਚਾਰ ਵੀ ਆਇਆ ਕਿ ਛੁੱਟੀ ਲੈ ਲਵਾਂ। ਫਿਰ ਸੋਚਿਆ ਐਨਾ ਗੀਦੀਪੁਣਾ ਵੀ ਠੀਕ ਨਹੀਂ।

ਮੇਰੇ ਅੰਦਰੋਂ, ਦੂਰੋਂ ਖ਼ਿਤਿਓਂ, ਧੀਮੀ ਜਿਹੀ ਆਵਾਜ਼ ਵੀ ਆਉਂਦੀ ਕਿ ਅਮਰ ਸਿੰਘ ਕੋਈ ਬਖੇੜਾ

ਖੜਾ ਨਹੀਂ ਕਰੇਗਾ। ਇਸ ਕਮਜ਼ੋਰ ਜਿਹੇ ਵਿਸ਼ਵਾਸ ਦਾ ਆਧਾਰ ਵੀ ਸੀ। ਪੰਜ-ਛੇ ਮਹੀਨੇ ਪਹਿਲਾਂ, ਸਮੁੱਚੇ ਅਧਿਆਪਕ-ਵਰਗ ਨੇ ਇਕਮੁੱਠ ਹੋ ਕੇ, ਸਰਕਾਰ ਤੇ ਦਬਾਅ ਬਣਾਉਣ ਲਈ, ਅੰਦੋਲਨ ਸ਼ੁਰੂ ਕੀਤਾ ਹੋਇਆ ਸੀ। ਉਸੇ ਅੰਦੋਲਨ ਦੀ ਇਕ ਕੜੀ ਵਜੋਂ ਅਸੀਂ ਸਟੇਅ-ਇਨ-ਸਟਰਾਈਕ ਕੀਤੀ ਕਿ ਰਹੋ ਸਕੂਲਾਂ 'ਚ ਪੜ੍ਹਾਉ ਕੱਖ ਨਾ। ਅਮਰ ਸਿੰਘ ਅਧਿਆਪਕਾਂ ਨਾਲ ਇਸ ਸਟਰਾਈਕ ਬਾਰੇ ਬਹਿਸ ਕਰਦਾ। ਅਧਿਆਪਕ ਉਹਦੇ ਸੁਭਾਅ ਤੋਂ ਜਾਣੂੰ ਹੋਣ ਕਰਕੇ ਹੂੰ-ਹਾਂ ਕਰ ਛੱਡਦੇ। ਮੇਰੀ ਆਦਤ ਜ਼ਰਾ ਵੱਖਰੀ ਐ। ਮੈਂ ਬਹਿਸ 'ਚ ਪੈ ਜਾਂਦਾ ਤੇ ਆਪਣੇ ਹੱਕ 'ਚ ਦਲੀਲਾਂ ਦੇਣ ਲੱਗ ਪੈਂਦਾ, "ਦੇਖੋ, ਅਮਰ ਸਿੰਘ ਜੀ ਕੰਡਕਟਰ/ਡਰਾਈਵਰ ਹੜਤਾਲ ਕਰਨਗੇ ਤਾਂ ਬਸਾਂ ਦਾ ਪਹੀਆਂ ਜਾਮ ਹੋਵੇਗਾ। ਮਿੱਲ-ਮਜ਼ਦੂਰ ਅੰਦੋਲਨ ਕਰਨਗੇ ਤਾਂ ਫੈਕਟਰੀਆਂ ਦੀਆਂ ਮਸ਼ੀਨਾਂ ਖੜ੍ਹੀਆਂ ਹੋ ਜਾਣਗੀਆਂ। ਬਾਊ ਲੋਕ ਹੜਤਾਲ ਤੇ ਜਾਣਗੇ ਤਾਂ ਫ਼ਾਈਲਾਂ ਅੱਗੇ ਸਰਕਨੋਂ ਰੁਕ ਜਾਣਗੀਆਂ। ਅਧਿਆਪਕ ਸਟਰਾਈਕ ਕਰਨਗੇ ਤਾਂ ਪੜ੍ਹਾਈ ਠੱਪ ਹੋਏਗੀ ਹੀ ਹੋਏਗੀ।" "ਮੈਂ ਇਹ ਨਹੀਂ ਕਹਿੰਦਾ ਕਿ ਤੁਸੀਂ ਆਪਣੇ ਹੱਕ ਨਾ ਮੰਗੋ, ਮੈਂ ਤਾਂ ਕਹਿੰਦਾ ਫ਼ਰਜ ਵੀ ਪਛਾਣੋ। ਸਮਾਜਕ ਨਿਆਂ ਤਾਂ ਤਦ ਐ ਜੇ ਤੁਸੀਂ ਸਕੂਲ-ਸਮਾਂ ਹੜਤਾਲ ਤੇ ਰਹੋ, ਪਰ ਸਵੇਰੇ-ਸ਼ਾਮ ਵਾਧੂ ਸਮਾਂ ਲਾ ਕੇ ਬੱਚਿਆਂ ਨੂੰ ਪੜ੍ਹਾਂਦੇ ਵੀ ਰਹੋ।" ਜਾਂ ਅਮਰ ਸਿੰਘ ਕਹਿੰਦਾ, "ਮਾਸਟਰ ਜੀ, ਪਿੰਡਾਂ 'ਚ ਬਹੁਤ ਗਰੀਬੀ ਐ। ਮਾਪੇ ਆਪਣੇ ਬੱਚਿਆਂ ਨੂੰ ਮਸਾਂ ਪੜ੍ਹਾਂਦੇ ਐ। ਉਹਨਾਂ ਦਾ ਈ ਖ਼ਿਆਲ ਕਰੋ।" "ਸਰਦਾਰ ਜੀ, ਮਾਪਿਆਂ ਨਾਲ ਸਾਨੂੰ ਵੀ ਹਮਦਰਦੀ ਐ, ਪਰ ਜੇ ਮੀਡੀਏ 'ਚ ਇਹ ਗੱਲ ਚਲੀ ਜਾਏ ਕਿ ਅਸੀਂ ਸਵੇਰੇ ਸ਼ਾਮ ਬੱਚਿਆਂ ਨੂੰ ਪੜ੍ਹਾਈ ਜਾ ਰਹੇ ਹਾਂ ਤਾਂ ਸਰਕਾਰ ਨਿਸ਼ਚਿੰਤ ਹੋ ਕੇ ਬੈਠ ਜਾਏਗੀ। ਫਿਰ ਉਸਨੇ ਸਾਡੀ ਕਿੱਥੇ ਸੁਣਨੀ ਐ।" "ਜ਼ਰੂਰ ਸੁਣੇਗੀ, ਫਿਰ ਪਬਲਿਕ ਤੁਹਾਡੇ ਨਾਲ ਹੋਵੇਗੀ।" "ਪ੍ਰੈਕਟੀਕਲੀ ਕਿੱਥੇ ਸੰਭਵ ਐ ਇਹ ਗੱਲ, ਕੋਈ ਨ੍ਹੀਂ ਤੁਰਦਾ ਨਾਲ। ਮਾਸਟਰ ਮਸਾਂ ਤੁਰਦੇ ਐ, ਲੋਕ ਕਿੱਥੇ ਤੁਰਨਗੇ।" "ਮੈਂ ਤੁਰਾਂਗਾ। ਮੈਂ ਚੁਕਾਂਗਾ ਤੁਹਾਡੀਆਂ ਮੰਗਾ ਦਾ ਝੰਡਾ, ਸਭ ਤੋਂ ਪਹਿਲਾਂ।" ਹਰ-ਰੋਜ਼ ਇਸੇ ਤਰ੍ਹਾਂ ਦਲੀਲਬਾਜ਼ੀ ਚਲਦੀ। ਇਕ ਦਿਨ ਅਮਰ ਸਿੰਘ ਬਹਿਸ ਕਰਦਾ-ਕਰਦਾ ਖੜ੍ਹਾ ਹੋ ਗਿਆ। ਇਕ ਬਾਂਹ ਉੱਪਰ ਚੁੱਕੀ ਤੇ ਇੰਜ ਬੋਲਣ ਲੱਗਾ ਜਿਵੇਂ ਮੰਤਰੀ ਲੋਕ ਸਹੁੰ ਚੁੱਕਣ ਲੱਗਿਆਂ ਬੋਲਦੈ ਐ, "ਮੈਂ, ਲੁਬਾਣਿਆਂ ਦੇ ਪਿੰਡ ਦਾ ਵਾਸੀ, ਅਮਰ ਸਿੰਘ ਲੁਬਾਣਾ, ਆਪਣੇ ਵੱਡੇ ਬਾਬੇ ਮੱਖਣ ਸ਼ਾਹ ਲੁਬਾਣੇ ਦੀ ਸਹੁੰ ਖਾ ਕੇ ਕਹਿੰਦਾ ਕਿ ਹੇ ਅਧਿਆਪਕੋ! ਤੁਸੀਂ ਬੱਚਿਆਂ ਦਾ ਪੱਖ ਪੂਰੋ, ਮੈਂ ਕੋਠੇ ਤੇ ਚੜ੍ਹ ਕੇ ਕਹਾਂਗਾ— ਅਧਿਆਪਕ ਲਾਧੋ ਰੇ! ਅਧਿਆਪਕ ਲਾਧੋ ਰੇ!!" ਫਿਰ ਉਸ ਨੇ ਜੈਕਾਰਾ ਛੱਡਿਆ ਤੇ ਚਲਾ ਗਿਆ। ਪਿੱਛੇ ਅਧਿਆਪਕ-ਸਾਥੀਆਂ ਨੇ ਬੜੀ ਖੱਚ ਪਾਈ— "ਸਾਲਾ ਝੱਖੀ ਐ," "ਹਾਫ਼-ਮੈਡ ਐ," "ਮੱਖਣ ਸ਼ਾਹ ਲੁਬਾਣੇ ਦੀ ਔਲਾਦ," "ਮੈਂ ਐਲਾਨ ਕਰਦਾ ਹਾਂ ਕਿ ...........," ਮੈਂ ਉੱਥੋਂ ਉੱਠ ਆਇਆ।

ਪਰ ਮੈਂ ਕੀਤਾ ਕੀ? ਆਪਣੀ ਯੂਨੀਅਨ ਦਾ ਬਲਾਕ-ਕਨਵੀਨਰ ਹੋਣ ਦੇ ਨਾਤੇ, ਮੀਟਿੰਗ ਵਿੱਚ ਮੈਂ ਇਹੀ ਰਾਇ ਪ੍ਰਗਟ ਕਰ ਦਿੱਤੀ ਕਿ ਸਾਨੂੰ ਸਵੇਰੇ-ਸ਼ਾਮ ਪੜ੍ਹਾਉਣਾ ਚਾਹੀਦੈ। ਜ਼ਿਲ੍ਹਾ ਕਨਵੀਨਰ ਮੇਰੇ ਗਲ਼ ਪੈ ਗਿਆ, "ਸੋਚ ਕੇ ਗੱਲ ਕਰ, ਬਾਈ। ਅਸੀਂ ਅੰਦੋਲਨ ਚਲਾ ਰਹੇ ਆਂ, ਜਜ਼ਬਾਤੀ ਰਿਸ਼ਤਿਆਂ ਨੂੰ ਨਿਭਾਉਣ ਦਾ ਕੋਈ ਜਗੜ-ਜੁਗਾੜ ਤਾਂ ਨ੍ਹੀਂ ਕਰ ਰਹੇ। ਏਦਾਂ ਦੀ ਸਬਜੈਕਟਿਵ ਸੋਚ ਲੈ ਕੇ ਅਸੀਂ ਅੰਦੋਲਨ ਦਾ ਭੱਠਾ ਨਹੀਂ ਬਠਾਉਣਾ।" ਇਕ ਹੋਰ ਯੂਨੀਅਨਿਸਟ ਬੋਲਿਆ, "ਹੁਣ ਅੰਦੋਲਨ ਐਨ ਭੱਖਿਆ ਹੋਇਐ। ਝੋਟੇ ਦੀ ਇਕ ਸੱਟ ਤੇ ਸਾਰੇ ਸਾਲ ਦੀ ਲੱਸੀ, ਵਾਲੀ ਗੱਲ ਹੋਈ ਪਈ ਐ। ਸਰਕਾਰ ਕੁੱਝ ਦੇਵੇ ਤਾਂ ਸਹੀ, ਬਥੇਰਾ ਪੜ੍ਹਾ ਲਵਾਂਗੇ। ਉਈਂ ਸੁੱਕੀ ਰਗੜਵਾਉਣ ਦਾ ਕੋਈ ਫਾਇਦਾ ਨਹੀਂ।" "ਇਕ ਗੱਲ ਦਾ ਸਾਥੀ ਜੀ ਖਿਆਲ ਰੱਖੀਂ, ਕਿਤੇ ਨਿੱਜੀ ਤੌਰ ਤੇ ਈ ਤਜਰਬਾ ਨਾ ਸ਼ੁਰੂ ਕਰ ਦਈਂ," ਜ਼ਿਲ੍ਹਾ ਕਨਵੀਨਰ ਨੇ ਮੈਨੂੰ ਸਾਵਧਾਨ ਕੀਤਾ। ਮੈਂ ਕੱਚਾ ਜਿਹਾ ਹੋ ਗਿਆ, ਪਰ ਅਮਰ ਸਿੰਘ ਲਈ, ਮੇਰੇ ਮਨ ਵਿੱਚ, ਸੋਚਣ ਦਾ ਇਕ ਜੁਦਾ ਕੋਣ ਬਣ ਗਿਆ। ਇਸੇ ਘਟਨਾ ਕਰਕੇ ਹੀ ਮੇਰਾ ਕਮਜ਼ੋਰ ਜਿਹਾ ਵਿਸ਼ਵਾਸ ਹੋਇਆ ਸੀ ਕਿ ਅਮਰ ਸਿੰਘ ਕੋਈ ਬਖੇੜਾ ਖੜ੍ਹਾ ਨਹੀਂ ਕਰੇਗਾ।



ਇਸ ਘਟਨਾ ਦੀ ਜਾਣਕਾਰੀ ਸਾਰੇ ਪਿੰਡ ਨੂੰ ਸੀ। ਸੋਮਵਾਰ ਨੂੰ ਗੇਟ ਤੇ ਤਮਾਸ਼ਬੀਨਾਂ ਦਾ ਮੇਲਾ ਲੱਗਾ ਹੋਇਆ ਸੀ। ਸਕੂਲ ਵਿੱਚ ਢਾਡੀ ਵੀ ਮੌਜੂਦ ਸੀ, ਭਾਵੇਂ ਮੈਂ ਉਸ ਨੂੰ ਆਵਾਜ਼ ਨਹੀਂ ਸੀ ਮਾਰੀ। ਮੈਂ ਉੱਖੜਿਆਂ-ਉੱਖੜਿਆ ਜਮਾਤਾਂ 'ਚ ਆਂਦਾ-ਜਾਂਦਾ ਰਿਹਾ। ਗਿਆਰਾਂ ਕੁ ਵਜੇ ਗੇਟ ਵਲੋਂ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ ' ਦੀ ਆਵਾਜ਼ ਆਈ। ਮੈਂ ਡਰ ਗਿਆ। ਸਕੂਲ ਦਾ ਸੇਵਾਦਾਰ ਨਰਿੰਦਰ ਮੇਰੇ ਕੋਲ ਆ ਕੇ ਕਹਿਣ ਲੱਗਾ, "ਮਾਸਟਰ ਜੀ, ਝੱਖੀ, ਲਕੀਰ ਕੋਲ ਖੜ੍ਹਾ ਅਰਦਾਸ ਕਰ ਰਿਹੈ।" ਲਗਦਾ ਸੀ, ਕਿ ਅਣਹੋਣੀ ਵਾਪਰਨ ਵਾਲੀ ਸੀ। ਕੁਝ ਮਿੰਟ ਬਾਅਦ ਇਕ ਬੱਚਾ ਆਇਆ ਤੇ ਦੱਸਣ ਲੱਗਾ, "ਓ ਜੀ! ਅਮਰੂ ਝੱਖੀ, ਜੁਆਕਾਂ ਨੂੰ ਦੇਗ ਵਰਤਾ ਕੇ ਚਲਾ ਗਿਐ ਜੀ।" ਮੇਰੇ ਅੰਦਰ ਕੋਈ ਸੋਚ, ਕੋਈ ਵਿਚਾਰ ਨਾ ਉੱਭਰਿਆ ਪਰ ਫਿਰ ਵੀ ਮੈਂ ਗੇਟ ਤੱਕ ਜ਼ਰੂਰ ਗਿਆ। ਉੱਥੇ ਅਮਰ ਸਿੰਘ ਦੀ ਐਸੀ-ਤੈਸੀ ਫੇਰੀ ਜਾ ਰਹੀ ਸੀ। ਮੈਂ ਚੁੱਪ ਚਾਪ ਵਾਪਸ ਆ ਗਿਆ। ਢਾਡੀ, ਬੀਬੀ ਨੂੰ ਕਹਿ ਰਿਹਾ ਸੀ, "ਮੈਂ ਤੁਹਾਨੂੰ ਨਹੀਂ ਸਾਂ ਕਹਿੰਦਾ ਕਿ ਝੱਖੀ ਐ, ਝੱਖ ਮਾਰ ਕੇ ਚਲਾ ਜਾਏਗਾ।"

ਛੁੱਟੀ ਹੋਈ। ਅਮਰ ਸਿੰਘ ਆਪਣੇ ਘਰ ਦੇ ਬਾਹਰ, ਕੱਛ 'ਚ ਸਿਰੀ ਸਾਹਿਬ ਦਬਾਈ ਤੇ ਹੱਥਾਂ 'ਚ ਪ੍ਰਸ਼ਾਦ ਵਾਲਾ ਡੂਨਾ ਫੜ੍ਹੀ ਖੜਾ ਸੀ। ਉਸ ਨੇ ਹੱਥ ਦੇ ਕੇ ਸਾਨੂੰ ਰੁਕਣ ਦਾ ਇਸ਼ਾਰਾ ਕੀਤਾ। ਮੈਂ ਸਾਈਕਲ ਤੋਂ ਉਤਰਨ ਲੱਗਾ ਤਾਂ ਜੈ ਪਾਲ ਨੇ ਹੋਲੀ ਜਿਹੀ ਕਿਹਾ, ਜ਼ਰੂਰਤ ਨ੍ਹੀ, ਚੱਲਿਆ ਚੱਲ। "ਪਰ ਮੈਂ ਉੱਤਰ ਗਿਆ। ਅਮਰ ਸਿੰਘ ਨੇ ਵਾਹਿਗੁਰੂ ਜੀ ਦਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ਕਿਹਾ। ਬੀਬੀ ਵੀ ਨਾਲ ਆ ਰਲੀ। ਅਮਰ ਸਿੰਘ ਨੇ ਸਭ ਨੂੰ ਪ੍ਰਸ਼ਾਦ ਦਿੱਤਾ। ਅਸੀਂ ਲੈ ਲਿਆ "ਮੈਂ ਦਰਬਾਰ ਗਿਆ! ਮਨ ਸ਼ਾਂਤ ਹੋ ਗਿਆ" ਚੰਗੀ ਗੱਲ ਹੈ "ਮੈ ਜੁਆਬ ਦਿੱਤਾ। ਉਸ ਨੇ ਜੇਬ 'ਚੋਂ ਇਕ ਪਤਲੀ ਜਿਹੀ ਕਾਪੀ ਕੱਢ ਕੇ ਮੇਰੇ ਹੱਥ ਫੜਾ ਦਿੱਤੀ। "ਘਰ ਜਾ ਕੇ ਪੜ੍ਹਨਾ, ਵਾਲੀਆ ਜੀ।" "ਠੀਕ ਐ, "ਮੈਂ ਕਿਹਾ ਤੇ ਸਾਈਕਲ ਤੇ ਚੜ੍ਹ ਗਿਆ। ਉਤਸੁਕਤਾ ਨੇ ਮੇਰੇ ਵਜੂਦ ਨੂੰ ਘੇਰ ਲਿਆ। ਦਿਲ ਕੀਤਾ ਸਾਈਕਲ ਰੋਕ ਕੇ ਕਾਪੀ 'ਚ ਲਿਖਿਆ ਪੜ੍ਹਾਂ। ਪਰ ਮੈਂ ਵਾਅਦਾ ਨਿਭਾਇਆ। ਘਰ ਪਹੁੰਚ ਕੇ ਕਾਪੀ ਖੋਲੀ। ਪਹਿਲੇ ਪੰਨੇ ਤੇ ਲਿਖਿਆ ਸੀ -"ਤੇਰੇ ਬਾਜਰੇ ਦੇ ਸਿੱਟੇ, ਹੋਏ ਮੇਰੇ ਹਾਣ ਦੇ। ਮੇਰੀ ਜਾਂਦੀ ਦੀ, ਤੋਰ ਨੇ ਪਛਾਣ ਦੇ।" ਅੱਗੇ ਕਾਪੀ ਖਾਲੀ ਸੀ, ਪਰ ਅਖ਼ੀਰਲੇ ਪੰਨੇ ਦੀ ਅਖ਼ੀਰਲੀ ਲਾਈਨ ਵਿੱਚ ਲਿਖਿਆ ਸੀ- "ਪਰ ਏਥੇ ਤਾਂ ਬੰਦਾ ਬੰਦੇ ਨੂੰ ਨਹੀਂ ਪਛਾਣਦਾ।" ਮੇਰੇ ਮੂੰਹੋਂ ਨਿਕੱਲਿਆ, "ਸਾਲਾ, ਝੱਖੀ।" ਤੇ ਮੇਰਾ ਹਾਸਾ ਨਿਕਲ ਗਿਆ।

*ਮਕਾਨ ਨੰ; 83 ਸ਼ਹੀਦ ਭਗਤ ਸਿੰਘ ਕਾਲੋਨੀ, ਰਾਜਪੁਰਾ, ਟਾਊਨ (ਪਟਿਆਲਾ)*

●●●

**ਫਾਰਮ ਨੰ: 4 ਰੂਲ ਨੰ: 8**

**ਤਿਮਾਹੀ ਚਿਰਾਗ ਬਾਰੇ ਜਾਣਕਾਰੀ**

| | | | |
|---|---|---|---|
| 1. | ਪ੍ਰਕਾਸ਼ਨ ਸਥਾਨ | - | ਜਲੰਧਰ |
| 2. | ਪ੍ਰਕਾਸ਼ਨ ਕਾਲ | - | ਤਿਮਾਹੀ |
| 3. | ਪ੍ਰਕਾਸ਼ਕ ਤੇ ਮਾਲਕ | - | ਡਾ. ਅਨੂਪ ਸਿੰਘ ਭਾਈ ਰਤਨ ਸਿੰਘ ਯਾਦਗਾਰ ਟਰਸਟ ਜਲੰਧਰ। |
| 4. | ਸੰਪਾਦਕ | - | ਹਰਭਜਨ ਸਿੰਘ ਹੁੰਦਲ<br>V. Fatu Chak<br>P.O. Dhitwan<br>Distt. Kapurthala-144804 (Pb.) India.<br>Phone No. 01822-43188 |

5. ਮੈਂ ਅਨੂਪ ਸਿੰਘ ਐਲਾਨ ਕਰਦਾ ਹਾਂ ਕਿ ਉਪਰ ਦਰਜ ਵੇਰਵੇ ਮੇਰੇ ਗਿਆਨ ਤੇ ਵਿਸ਼ਵਾਸ ਅਨੁਸਾਰ ਸਹੀ ਹਨ।

*—ਡਾ. ਅਨੂਪ ਸਿੰਘ ਪ੍ਰਕਾਸ਼ਕ ਦੇ ਹਸਤਾਸ਼ਰ*

# ਸ਼ੇਖ਼ ਅੱਯਾਜ਼ ਦੀ ਸ਼ਾਇਰੀ

(ਮਹਾਨ ਲੋਕ-ਕਵੀ ਸ਼ੇਖ਼ ਅੱਯਾਜ਼ ਦੀਆਂ ਇਹ ਕਵਿਤਾਵਾਂ ਸਿੰਧੀ ਭਾਸ਼ਾ ਵਿਚੋਂ ਪਾਕਿਸਤਾਨੀ, ਪੰਜਾਬੀ ਲੇਖਕ ਇਮਤਿਆਜ਼ ਹੁਸੈਨ ਇਮਤਿਆਜ਼ ਸਾਹਿਬ ਨੇ ਪੰਜਾਬੀ ਵਿਚ ਅਨੁਵਾਦ ਕਰ ਕੇ ਵਰ੍ਹੇ-ਵਾਰ ਸਾਹਿਤ 1998 (ਸੰਪਾਦਕ ਇਲਿਆਸ ਘੁੰਮਣ) ਵਿਚ ਛਪਵਾਈਆਂ ਹਨ। ਪੇਂਹਠ ਕਵਿਤਾਵਾਂ ਵਿਚੋਂ ਅਸੀਂ ਕੁਝ ਚੋਣਵੀਆਂ ਰਚਨਾਵਾਂ ਚਿਰਾਗ਼ ਦੇ ਪਾਠਕਾਂ ਲਈ ਗੁਰਮੁੱਖੀ ਲਿੱਪੀ ਵਿਚ ਰੂਪਾਂਤਰਿਤ ਕੀਤੀਆਂ ਹਨ।) *—ਸੰਪਾਦਕ*

1. "ਸ਼ਾਹ ਲਤੀਫ਼ ਕੌਣ ਏ ?
"ਸ਼ਾਹ ਲਤੀਫ਼ ? ਸ਼ਾਹ ਲਤੀਫ਼ ਹੈ"
"ਸ਼ੇਖ਼ ਅਯਾਜ਼ ਕੌਣ ਏ ?"
"ਸ਼ੇਖ਼ ਅਯਾਜ਼, ਸ਼ੇਖ਼ ਅਯਾਜ਼ ਹੈ।"
"ਸ਼ਾਇਰੀ ਕੀ ਹੈ ?"
"ਸ਼ਾਇਰੀ, ਸ਼ਾਇਰੀ ਹੈ।"

2. ਫੜਕਦੀਆਂ ਹੋਈਆਂ ਮੱਛੀਆਂ ਨੂੰ
ਜਾਲ ਵਿੱਚ ਜਿੰਨੀ ਹਵਾ ਮਿਲਦੀ ਹੈ
ਮੈਨੂੰ ਸਾਹ ਲੈਣ ਲਈ
ਓਨੀ ਵੀ ਨਾ ਲੱਭੀ

3. ਬੁੱਲ੍ਹੇ ਸ਼ਾਹ ਤੋਂ ਭੱਟਾਈ ਤੱਕ
ਸੁਲਤਾਨ ਬਾਹੂ ਤੋਂ ਸੱਚਲ ਸਰਸਮਤ ਤੱਕ
ਇਸ ਕਾਇਨਾਤ ਦਾ ਕੋਈ ਕੋਨਾ ਵੀ
ਮੈਥੋਂ ਲੁਕਿਆ ਹੋਇਆ ਨਹੀਂ
ਜਿਹੜੀ ਮੇਰੀ ਅੰਦਰ ਹੈ।

4. ਕਦੀ ਕਦੀ ਖ਼ਿਆਲ, ਆਉਂਦਾ ਹੈ
ਮੈਂ ਬਾਲਾਂ ਦੀ ਨੀਂਦਰ ਵਿੱਚ ਸਫ਼ਰ ਕਰਾਂ
ਉਹਨਾਂ ਦਿਆਂ ਸੁਫ਼ਨਿਆਂ ਦੀ
ਬੰਦਰਗਾਹ ਤੇ ਲਹਿ ਜਾਵਾਂ
ਓਥੋਂ ਖਡੌਣੇ ਲੈ ਆਵਾਂ
ਜਿਹੜੇ ਹੱਯਾਤੀ ਦੀ ਮਹਿਸੂਮੀਅਤ ਨੂੰ
ਚੰਗੇ ਲਗਦੇ ਨੇ
ਜਿਨ੍ਹਾਂ ਨੂੰ ਹੱਯਾਤੀ ਦੀ ਮੁਸੀਬਤ
ਅੱਖ ਭਰ ਕੇ ਨਹੀਂ ਵੇਖਦੀ।

5. ਮੈਂ ਸ਼ਾਇਰੀ ਦਾ ਮਹਾਨ ਅਕਬਰ ਹਾਂ
ਮੇਰੀ ਸ਼ਾਇਰੀ ਵਿਚ ਦੀਵਾਨੇ-ਆਮ ਵੀ ਹੈ।



ਦੀਵਾਨੇ ਖ਼ਾਸ ਵੀ ਹੈ
ਮੇਰੀ ਹਰ ਨਜ਼ਮ ਤਖ਼ਤੇ-ਤਾਊਸ ਹੈ
ਹਰ ਕਾਫ਼ੀਆਂ ਕੋਹੇ-ਨੂਰ ਵਾਂਗੂੰ ਚਮਕਦਾਰ
ਮੇਰੇ ਦਿਲ ਤੇ ਦਿਮਾਗ਼ ਵਿਚ
ਫ਼ੈਜ਼ੀ ਵੀ ਹੈ, ਅਬੂਉਲ ਫ਼ਜ਼ਲ ਵੀ ਹੈ
ਮੇਰੀ ਕੱਛ ਵਿਚ ਕੋਈ, ਜੋਧ-ਬਾਈ ਵੀ ਹੈ
ਫ਼ਰਕ ਸਿਰਫ਼ ਇਹ ਹੈ
ਕਿ ਮੇਰੀ ਸ਼ਾਇਰੀ ਨੇ ਕਿਸੇ
'ਪਰਤਾਪ' ਨੂੰ ਨਾ ਜਲਾ-ਵਤਨ ਕੀਤਾ ਹੈ
ਤੇ ਨਾ ਕਿਸੇ ਚਿਤੌੜ ਦੇ ਕਿਲ੍ਹੇ ਨੂੰ
ਬਰਬਾਦ ਕੀਤਾ ਹੈ।

6. ਮੁਸਾਫ਼ਰ!
ਮੈਂ ਤੇਰੇ ਪੈਰ ਹੁਧਾਰੇ ਲੇ ਲਵਾਂ
ਬੜੀ ਦੂਰ ਜਾਣਾ ਏ
ਮੈਂ ਥੱਕ ਗਿਆ ਹਾਂ।

7. ਅਜੇ ਤਾਈਂ
ਕਿਸੇ ਕੋਲ ਐਸੀ ਸਾਹਿਤਕ ਘਸਵੱਟੀ ਨਹੀਂ
ਜੋ ਕੋਈ ਦੱਸ ਸਕੇ
ਕਿ ਮੇਰੀ ਸ਼ਾਇਰੀ ਵਿਚ ਕਿੰਨਾ ਖੋਟ ਹੈ।

8. ਹੱਯਾਤੀ ਦੇ ਅਖ਼ੀਰ ਤੇ ਅੱਪੜ ਕੇ
ਮੈਂ ਸੋਚਦਾ ਹਾਂ ਕਿ
ਮੈਂ ਤਾਂ ਅਜੇ
ਹਯਾਤੀ ਦਾ ਮੁੱਢ ਹੀ ਨਹੀਂ ਬੱਧਾ

9. ਜੱਲਾਦ ਨੇ ਦਾਰੇ (ਦਾਰਾ ਸ਼ਿਕੋਹ) ਦਾ ਸਿਰ ਰੁਮਾਲ ਵਿਚ ਵਲੇਟ ਕੇ
ਔਰੰਗਜ਼ੇਬ ਦੇ ਸਾਹਵੇਂ ਰੱਖਿਆ
ਔਰੰਗਜ਼ੇਬ ਨੇ ਤਲਵਾਰ ਦੀ ਨੋਕ ਨਾਲ
ਰੁਮਾਲ ਪਰ੍ਹਾਂ ਕਰ ਕੇ
ਦਾਰੇ ਦਾ ਸਿਰ ਤੱਕ ਕੇ ਆਖਿਆ,
"ਇਹ ਮੇਰਾ ਕਾਤਲ ਹੈ"
ਕਿਉਂ ਜੇ ਇਹ ਜ਼ਿੰਦਾ ਹੈ
ਮਰ ਤੇ ਮੈਂ ਗਿਆ ਹਾਂ।

10. ਪੰਜਾਬੀਆ!
ਅਫ਼ਸੋਸ ਜੇ ਤੂੰ

ਮਾਹੀਆ ਗਾਉਂਦਿਆਂ
ਭਗਤ ਸਿੰਘ ਨੂੰ ਵਿਸਾਰ ਦਿੱਤਾ ਹੈ।

11. ਹਰ ਮੁਟਿਆਰ
ਜਿਹੜੀ ਖੂਹ ਤੇ ਘੜਾ ਲੈ ਕੇ ਆਉਂਦੀ ਹੈ
ਸੋਹਣੀ ਤੇ ਨਹੀਂ ਹੁੰਦੀ।

12. ਇਸ਼ਕ ਕੀ ਹੈ
ਫੁੱਲ ਗਾਵੇ
ਤੇ ਬੁਲਬੁਲ ਵਿਚੋਂ
ਖ਼ੁਸ਼ਬੂ ਆਵੇ

13. ਮੈਂ ਭੱਟਾਈ ਦੇ (ਸਿੰਧੀ ਕਵੀ) ਮੋਢੇ ਤੇ ਹੱਥ ਰੱਖ ਕੇ ਆਖਿਆ
"ਮੀਆਂ, ਮੈਂ ਤੇਰੇ ਵਾਹਦਤ ਅਲ-ਵਜੂਦ ਨੂੰ ਸਮਝ ਲਿਆ ਹੈ।"

14. ਮੇਰੇ ਲਈ
ਏਸ ਤੋਂ ਵੱਧਕੇ ਪੁਰਇਸਰਾਰ
ਦੂਜੀ ਕੋਈ ਸ਼ੈਅ ਨਹੀਂ
ਕਿ ਕੋਇਲ ਕੂਕਦੀ ਕਿਓਂ ਏ
ਅਮਲਤਾਸ ਦੇ ਰੁੱਖ ਤੇ ਬਹਿ ਕੇ
ਆਕਾਸ਼ ਵੱਲ ਕੀ ਤੱਕਦੀ ਹੈ ?

15. ਐਂ ਬਾਹੂ
ਨਾ ਤੂੰ ਨਜ਼ਰ ਆਉਂਦਾ ਏਂ
ਤੇ ਨਾ ਈ ਤੇਰੀ 'ਹੂ' ਨਜ਼ਰ ਆਉਂਦੀ ਹੈ
ਇਕੋ ਬਹਿਰੇ ਬੇਕਿਨਾਰ ਮਜਜ਼ਨ ਹੈ
ਇਕੋ ਬਹਿਰੇ-ਬੇ ਕਿਨਾਰ ਮੌਜਜ਼ਨ ਹੈ

16. ਤੂੰ ਉਹ ਨਵਾਂ ਆਰਟ ਵੇਖਿਆ ਏ
ਇਸ ਵਿਚ ਬੁੱਤ ਗ਼ਰ ਲੋਹੇ ਦੇ ਟੁਕੜੇ
ਸ਼ੀਖਾਂ, ਖਾਲੀ ਬੋਤਲਾਂ ਸ਼ੀਸ਼ਾ ਜੋੜ ਕੇ
ਵੰਨ-ਸੁਵੰਨੀਆਂ ਸ਼ੈਆਂ ਬਣਾ ਲੈਂਦਾ ਹੈ
ਮੈਂ ਵੀ ਓਸ ਤਰਾਂ
ਬੋਲੀ ਦੇ ਕਬਾੜ ਖਾਨੇ ਵਿਚੋਂ
ਕਦੀ ਕਦੀ ਕੋਈ ਨਜ਼ਮ
ਕਾਫੀ, ਵਾਈ ਤੇ ਗੀਤ ਬਣਾ ਲੈਂਦਾ ਹਾਂ



17. ਮੇਰੀ ਸ਼ਾਇਰੀ
ਚਲਦੀ ਰੇਲ ਦੀ ਬੱਤੀ ਵਾਂਗੂੰ
ਪਲੇਟ ਫਾਰਮ ਅੱਗੇ ਜਾ ਰਹੀ ਹੈ
ਤੇ ਤੂੰ ........
ਲਾਈਨਾਂ ਉੱਤੇ ਵਧਦੇ ਚਾਨਣ ਨੂੰ
ਉਦਾਸੀ ਨਾਲ ਵੇਖ ਰਿਹਾ ਏ

18. ਸਰਮਾਇਆਦਾਰ ਪ੍ਰਕਾਸ਼ਕ ਨੇ ਆਖਿਆ
ਤੇਰੀ ਨਵੀਂ ਕਿਤਾਬ ਮੈਂ ਛਾਪਾਂਗਾ
ਮੰਗ ਕਿੰਨੇ ਹਜ਼ਾਰ ਲੈਣੇ ਨੇ ?
ਮੈ ਓਸ ਵੱਲ ਅਫਸੋਸ ਨਾਲ ਤੱਕਿਆ ਤੇ ਆਖਿਆ
"ਮੈਂ ਤੈਨੂੰ ਛਪਾਈ ਵਾਸਤੇ ਸ਼ਾਇਰੀ ਨਾ ਦੇਸਾਂ
ਕਿਉਂ ਤੂੰ ਤੇ 'ਲਾੜੀ' ਏਂ।"
ਉਹਨੇ ਪੁਛਿਆ ਤਾਂ ਮੈਂ ਉੱਤਰ ਦਿੱਤਾ,
ਜੇ ਤੈਨੂੰ ਪਤਾ ਹੋਣਗੇ,
ਕਿ ਲਾੜ ਦੀਆਂ ਕਈ ਕੌਮਾਂ
ਦੁੱਧ ਵੇਚਣਾ ਤੌਹੀਨ ਸਮਝਦੀਆਂ ਨੇ
ਮੇਰੀ ਸ਼ਾਇਰੀ ਸ਼ੀਰ ਮਰੀਅਮ ਹੈ
ਇਹਦਾ ਤਲਬਗਾਰ ਉਹੀ ਹੋ ਸਕਦਾ ਹੈ
ਜਿਸ ਦੇ ਮੁਕੱਦਰ ਵਿਚ
ਸਲੀਬ ਆਈ ਹੋਵੇ
(ਲਾੜ-ਸਿੰਧ ਦਾ ਇੱਕ ਇਲਾਕਾ)

19. ਅਸੀਂ ਉਥੇ ਪਰਤ ਜਾਣਾ ਚਾਹੁੰਦੇ ਹਾਂ
ਜਿੱਥੇ ਸਾਰੀਆਂ ਸਹੇਲੀਆਂ, ਸਾਰੇ ਸੰਗੀ-ਸਾਥੀ
ਸਾਡੀ ਬੋਲੀ ਜਾਣਦੇ ਨੇ
ਜਿੱਥੇ ਸਿਆਲ ਦੀ ਧੁੱਪ ਵਿਚ ਬੈਠੇ ਬਘਿਆੜ
ਸਾਡੀ ਬੋਲੀ ਬੋਲਦੇ ਨੇ
ਅਸੀਂ ਉਥੇ ਪਰਤ ਜਾਣਾ ਚਾਹੁੰਦੇ ਹਾਂ
ਜਿੱਥੇ ਆਜੜੀ ਸਾਡੀ ਬੋਲੀ ਵਿਚ
ਇੱਜੜ ਨੂੰ ਹੱਕਦਾ ਹੈ
ਸਾਡੀ ਮਤਰੇਈ ਮਾਂ ਜੀਹਨੇ ਸਾਨੂੰ
ਘਰੋਂ ਕੱਢਿਆ ਸੀ
ਅਜੇ ਮੋਈ ਨਹੀਂ
ਅਸੀਂ ਉਹਦੀ ਮੌਤ ਨੂੰ ਉਡੀਕ ਰਹੇ ਹਾਂ।

-0-0-

ਵਾਦ-ਵਿਵਾਦ

# ਚੰਡੀਗੜ੍ਹ ਵਿਸ਼ਵ ਪੰਜਾਬੀ ਕਾਨਫਰੰਸ-2000/ਸੂਫ਼ੀ ਅਮਰਜੀਤ

ਦਸੰਬਰ 2000 ਵਿੱਚ ਵਿਸ਼ਵ ਪੰਜਾਬੀ ਕਾਨਫਰੰਸ ਤੋਂ ਪਿਛੇ, ਇਸ ਬਾਰੇ ਅਖਬਾਰਾਂ ਰਿਸਾਲਿਆਂ ਵਿਚ ਕਈ ਤਰਾਂ ਦੀਆਂ ਰਾਵਾਂ-ਟਿੱਪਣੀਆਂ ਛਪੀਆਂ ਇਸ ਦੇ ਸਮਰਥਾਂ ਨਾਲੋਂ ਅਲੋਚਕਾਂ ਦੀ ਗਿਣਤੀ ਵਧੇਰੇ ਜਾਪਦੀ ਸੀ। ਤੱਥਾਂ ਦੇ ਆਧਾਰ ਉਪਰ ਹੋਈ ਅਲੋਚਨਾ ਨੂੰ ਝੁਠਲਾਉਣਾ ਉਲਾਰ ਵਿਰਤੀ ਦਾ ਸੂਚਕ ਹੀ ਕਿਹਾ ਜਾ ਸਕਦਾ ਹੈ। ਕੁਝ ਵਿਚਾਰਵਾਨਾਂ, ਜਿਵੇਂ ਸ੍ਰੀ ਗੁਰਸ਼ਰਨ ਸਿੰਘ ਨੇ ਮਾੜੇ ਚੰਗੇ ਦੋਵਾਂ ਪੱਖਾਂ ਦਾ ਜ਼ਿਕਰ ਕੀਤਾ ਹੈ। ਕਈ ਕਾਲਮ ਨਵੀਸ਼ਾਂ ਨੇ, ਜਿਵੇਂ ਸ੍ਰੀ ਅਵਤਾਰ ਜੌੜਾ, ਨੇ ਸਾਰੀ ਆਲੋਚਨਾ ਨੂੰ ਰੱਦ ਕਰਕੇ ਜਿਹੜਾ ਸਮਰਥਨ ਤੇ ਸ਼ਲਾਘਾ ਇਸ ਕਾਨਫਰੰਸ ਦੀ ਕੀਤੀ ਹੈ, ਉਸ ਨੂੰ ਨਿਰੋਲ ਇਕ ਪਾਸੜ ਤੇ ਪੱਖਪਾਤੀ ਹੀ ਕਿਹਾ ਜਾ ਸਕਦਾ ਹੈ।

ਇਸ ਕਾਂਨਫਰੰਸ ਦੇ ਹਰ ਪੱਖੋਂ ਵੱਡ-ਅਕਾਰੀ ਤੇ ਵੱਡ-ਅੰਡਬਰੀ ਹੋਣ ਦੇ ਬਾਵਜੂਦ ਇਸ ਵਿੱਚ ਬਦੇਸ਼ਾਂ ਵਿਚੋਂ ਪੁੱਜੇ ਸਾਹਿਤਕਾਰਾਂ, ਬੁੱਧੀ ਜੀਵੀਆਂ ਤੇ ਕਲਾਕਾਰਾਂ ਦੀ ਬੜੀ ਥੁੜ ਸੀ। ਪੁੱਜਣ ਵਾਲਿਆਂ ਵਿੱਚ ਉਪਭੋਗਤਾਵਾਦੀ ਸੱਭਿਆਚਾਰ ਦੇ ਅੰਸ਼ ਵਧੇਰੇ ਸਨ। ਖੁਲ੍ਹੇ ਬੇਰੋਕ ਵਪਾਰ ਤੇ ਸਬਸਿਡੀਆਂ ਖ਼ਤਮ ਕਰਨ ਵਾਲੀ ਕੌਮਾਂਤ੍ਰੀ ਵਪਾਰ ਨੀਤੀ ਦੀਆਂ ਕੇਂਦਰੀ ਸਰਕਾਰ ਦੀਆਂ ਨੀਤੀਆਂ ਦਾ ਸਮਰਥਨ ਕਰਨ ਵਾਲੇ, ਪੰਜਾਬ ਦੇ ਬਦੇਸ਼ਾਂ ਵਿੱਚ ਗੌਰਵ ਮੰਨੇ ਜਾਂਦੇ, ਸੰਬੰਧਿਤ ਕਈ ਸੱਜਣ ਸਨ, ਜਿਨ੍ਹਾਂ ਦੀ ਗਿਣਤੀ ਸਾਹਿਤ ਤੇ ਕਲਾ ਖੇਤਰ ਵਾਲਿਆਂ ਨਾਲੋਂ ਕਿਧਰੇ ਜ਼ਿਆਦਾ ਸੀ। ਸਾਹਿਤਕ ਡੈਲੀਗੇਟਾਂ ਦਾ ਅਨੁਪਾਤ ਵਪਾਰਿਕ ਡੈਲੀਗੇਟਾਂ ਦੀਆਂ ਇੱਟਾਂ ਵਿੱਚ ਸੀਮਿੰਟ ਗਾਰੇ ਦੇ ਸਮਾਨ ਹੀ ਕਿਹਾ ਜਾ ਸਕਦਾ ਹੈ। ਮੋਟੇ ਸ਼ਬਦਾਂ ਵਿੱਚ ਰਾਜਸੀ-ਆਰਥਿਕ ਖੇਤਰ ਦੇ ਡੈਲੀਗੇਟਾਂ ਦੀ ਤਆਰ ਸੀ। ਸਾਹਿਤ ਤੇ ਕਲਾ ਨਾਲ ਸੰਬੰਧਿਤ ਭਾਰਤੀ ਡੈਲੀਗੇਟਾਂ ਦੀ ਵੱਡੀ ਗਿਣਤੀ ਦੀ ਦ੍ਰਿਸ਼ਟੀ ਅਤੇ ਸ਼ਾਮਲ ਹੋਣ ਦੇ ਉਦੇਸ਼ ਕਾਨਫਰੰਸ ਦੇ ਸੱਭਿਆਚਾਰਿਕ ਨਾਲੋਂ ਨਿਜੀ ਕਿਸਮ ਦੇ ਬਹੁਤੇ ਜਾਪਦੇ ਸਨ। ਜਿਵੇਂ ਕਿ ਕਾਂਨਫਰੰਸ ਦੇ ਪ੍ਰਬੰਧਿਕਾਂ ਅਤੇ ਸ਼ਾਮਿਲ-ਸਮਰਥਕਾਂ ਨੇ ਕਿਹਾ ਹੈ ਕਿ ਇਹ ਕੇਵਲ ਸਾਹਿਤਕ ਸੱਭਿਆਰਿਕ ਕਾਂਨਫਰੰਸ ਨਹੀਂ ਸੀ, ਆਰਥਿਕ, ਰਾਜਸੀ ਤੇ ਵਪਾਰਕ ਖੇਤਰਾਂ ਨੂੰ ਵੀ ਘੇਰੇ ਵਿੱਚ ਲੈਣ ਵਾਲੀ ਕਾਂਨਫਰੰਸ ਸੀ। ਜੇ ਇਹਨੂੰ ਮੰਨ ਲਈਏ ਤਾਂ ਇਸ ਕਾਂਨਫਰੰਸ ਨੇ ਵਿਸ਼ੇਸ਼ ਹਿੱਤਾ ਵਾਲੇ ਵਪਾਰਕ ਤਬਕੇ ਤੋਂ ਬਿਨਾਂ — ਪੰਜਾਬ ਦੇ ਕਿਸਾਨਾਂ, ਕਿਰਤੀਆਂ ਛੋਟੇ ਘਰੇਲੂ ਉਦੋਯੋਗਾਂ ਦੇ ਬੰਦ ਹੋਣ ਕਾਰਨ ਬੇਰੁਜ਼ਗਾਰ ਹੋਏ ਲੱਖਾਂ ਪਰਵਾਰਾਂ, ਮੁਲਾਜ਼ਮਾਂ ਆਦਿ ਦੀ ਨਾ ਕੋਈ ਗੱਲ ਕੀਤੀ ਅਤੇ ਨਾ ਹੀ ਉਹਨਾਂ ਦੇ ਲਈ ਕੋਈ ਹਮਦਰਦੀ ਦਾ ਹੀ ਇਜ਼ਹਾਰ ਕੀਤਾ।

ਜਦੋਂ ਅਸੀਂ ਇਸ ਕਾਂਨਫਰੰਸ ਦੇ ਆਰਥਿਕ-ਵਪਾਰਿਕ ਪੱਖਾਂ ਵੱਲ ਧਿਆਨ ਮਾਰਦੇ ਹਾਂ ਤਾਂ ਇਹ ਕੇਵਲ ਵਿਸ਼ਵੀਕਰਨ, ਉਦਾਰੀਕਰਨ ਅਤੇ ਨਿਜੀ ਕਰਨ ਦੇ ਨਾਲ ਨਾਲ ਹਿੰਦੂਤਤਵ ਸੱਭਿਆਚਾਰਿਕ ਵਾਲੀਆਂ, ਹਿੰਦੀ ਠੋਸਣ ਦੀਆਂ ਤੇ ਬੇਲਗਾਮ ਖੁਲ੍ਹੀ ਮੰਡੀ ਦੀਆਂ ਨੀਤੀਆਂ ਦਾ ਇਸ ਵਲੋਂ ਸਮਰਥਨ ਵੀ ਕੀਤਾ ਅਤੇ ਉਹਨਾਂ ਦਾ ਜ਼ੋਰਦਾਰ ਪਰਚਾਰ ਵੀ ਕੀਤਾ ਹੈ। ਇਸ ਕਾਨਫਰੰਸ ਨੇ ਇਹਨਾਂ ਮਾਰੂ ਨੀਤੀਆਂ ਤੋਂ ਪ੍ਰਭਾਵਤ ਆਮ ਜਨ-ਸਮੂਹ ਨੂੰ ਪੱਤਝੜ ਵਿੱਚ ਡਿੱਗੇ ਪੱਤਿਆਂ ਵਾਂਗ ਹੀ ਅਣਡਿੱਠ ਕਰ ਕੇ ਲਿਤੜ ਦਿੱਤਾ ਹੈ।

ਅਸੀਂ, ਇਸ ਕਾਂਨਫਰੰਸ ਦੇ ਨਾ ਸਮਰਥਕ ਸਾਂ ਨਾ ਵਿਰੋਧੀ ਸਾਂ, ਅਸੀਂ ਇਸ ਨੂੰ ਇਕ ਦਰਸ਼ਕ ਵਜੋਂ ਦੇਖਣ ਵਾਲਿਆਂ ਵਿਚ ਹੀ ਸਾਂ। ਇਹ ਅਡੰਬਰੀ ਕਾਂਨਫਰੰਸ ਹੋਰਨਾਂ ਅਜਿਹੀਆਂ ਕਾਂਨਫਰੰਸਾਂ ਤੇ ਅਡੰਬਰਾਂ ਵਿੱਚ ਹੀ ਇਕ ਨਾ ਹੋਵੇ ਜਿਨ੍ਹਾਂ ਉਪਰ ਲੱਖਾਂ ਤੇ ਕਰੋੜਾਂ ਖ਼ਰਚ ਕਰਕੇ, ਕੁਝ ਵੀ ਪ੍ਰਾਪਤ ਨਾ ਕਰਨ ਦੇ ਚਮਤਕਾਰ ਦੇਖੇ ਹਨ, ਜਿਨ੍ਹਾਂ ਵਿੱਚ ਕੇਂਦਰੀ ਲੇਖਕ ਸਭਾ (ਰਜਿ) ਦੀ ਚੰਡੀਗੜ੍ਹ ਕਾਂਨਫਰੰਸ ਅਤੇ ਖਾਲਸਾ ਸਿਰਜਣਾ ਦੀ ਤ੍ਰੈਸ਼ਤਾਬਦੀ ਦੇ ਅਨੰਦਪੁਰ ਸਾਹਿਬ ਵਿਚ ਰਚੇ ਗਏ ਸਰਕਾਰੀ ਜਲੌਅ ਸ਼ਾਮਲ ਹਨ।

ਇਸ ਕਾਂਨਫਰੰਸ ਵਿੱਚ ਜਿਹੜਾ ਸੂਚਨਾ-ਪਰਸਾਰ ਦੇ ਖੇਤਰ ਵਿੱਚ ਪੰਜਾਬੀ ਇੰਟਰ ਨੈੱਟ ਕੇਂਦਰ ਆਦਿ ਸਥਾਪਤ ਕਰਨ ਦਾ, ਐਲਾਨ ਕੀਤਾ ਗਿਆ ਹੈ, ਉਹ ਨਿਰਸੰਦਿਹ ਅਜ ਦੇ ਸਮੇਂ ਦੀ ਲੋੜ ਨਾਲੋਂ ਖੁਲ੍ਹੇ ਵਪਾਰ ਦੇ ਲਈ ਵਧੇਰੇ ਲੋੜੀਂਦਾ ਹੈ ਕੀ ਉਸ ਦਾ, 75 ਫੀਸਦੀ ਤੋਂ ਵੱਧ ਪੰਜਾਬੀ ਲੋਕਾਂ ਅਤੇ 46 ਫੀਸਦੀ ਅਨਪੜ੍ਹਾਂ ਲਈ ਤਾਂ ਅਚੰਭੇ ਵਾਲੀ ਅਪਹੁੰਚ ਬੇਕਾਰ ਵਸਤੂ ਤੋਂ ਬਿਨਾਂ ਕੋਈ ਅਰਥ ਨਹੀਂ



ਰਖਾਉਂਦਾ। ਇਸ ਤੋਂ ਅੱਗੇ ਜਦੋਂ ਅਸੀਂ ਪੰਜਾਬੀ ਭਾਸ਼ਾਂ ਅਤੇ ਸੱਭਿਆਚਾਰ ਬਾਰੇ ਕਾਂਨਫਰੰਸ ਦੀਆਂ ਪ੍ਰਾਪਤੀਆਂ ਨੂੰ ਦੇਖਦੇ ਹਾਂ, ਜਿਨ੍ਹਾਂ ਨੂੰ ਅਣਡਿੱਠ ਕਰਕੇ ਵਪਾਰਿਕ ਖੇਤਰ ਵਲੋਂ ਵਧੇਰੇ ਉਲਾਰ ਹੋ ਕੇ ਸੋਚਣ ਲਈ, ਇਸ ਦੇ ਪ੍ਰਬੰਧਿਕ ਅਤੇ ਸਮਰਥਿਕ ਸਾਨੂੰ ਮਜਬੂਰ ਕਰਦੇ ਹਨ ਤਾਂ ਅਸੀਂ ਉਹਨਾਂ ਨਾਲ ਕਦੇ ਵੀ ਸਹਿਮਤ ਨਹੀਂ ਹੋ ਸਕਦੇ। ਸਗੋਂ ਅਸੀਂ ਇਹ ਜਾਣਨਾ ਚਾਹਾਂਗੇ, ਕਿ ਕੀ ਇਸ ਕਾਂਨਫਰੰਸ ਨੇ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਬਾਰੇ ਇਸ ਸਮੇਂ ਅਤੇ ਪੰਜਾਬ ਦੇ ਬੋਲੀ ਦੇ ਆਧਾਰ ਤੇ ਗਠਣ ਤੋਂ ਲੈ ਕੇ ਦਰਪੇਸ਼ ਮਸਲਿਆਂ ਲਈ ਕੀ ਕੀਤਾ ਹੈ:

—ਇਸ ਕਾਂਨਫਰੰਸ ਨੇ ਪੰਜਾਬੀ ਸਰਕਾਰ ਦੇ ਪਹਿਲੀ ਜਮਾਤ ਤੋਂ ਅੰਗ੍ਰੇਜ਼ੀ ਠੋਸਣ ਦੀ ਗ਼ਲਤ ਵਿਦਿਆ ਨੀਤੀ ਅਤੇ ਪੰਜਾਬੀ ਨੂੰ ਦੁਸ਼ਮਣਾਂ ਵਾਂਗੂੰ ਹਾਸ਼ੀਏ ਤੇ ਧੱਕਣ ਦੇ ਯਤਨ ਦਾ ਕਿਉਂ ਕੋਈ ਨੋਟਿਸ ਨਹੀ ਲਿਆ ?

—ਪੰਜਾਬੀ ਭਾਸ਼ਾ ਨੂੰ ਪੰਜਾਬ ਰਾਜ ਭਾਸ਼ਾ ਵਜੋਂ ਲਾਗੂ ਨਾ ਕਰਨ ਦੇ ਗੈਰ ਜ਼ਿੰਮੇਵਾਰ ਕਿਰਦਾਰ ਬਾਰੇ ਕਿਉਂ ਰੋਸ ਪ੍ਰਗਟ ਨਹੀਂ ਕੀਤਾ ?

—ਇਸ ਕਾਂਨਫਰੰਸ ਨੇ ਸਾਰੇ ਪੰਜਾਬੀਆਂ ਦੀ ਅਤੇ ਸਾਹਿਤਕ, ਸੱਭਿਆਚਾਰਕ ਸੰਗਠਨਾਂ ਦੀ ਜਲੰਧਰ ਦੂਰਦਰਸ਼ਨ ਨੂੰ ਨਿਰੋਲ ਪੰਜਾਬੀ ਕੇਂਦਰ ਬਣਾਉਣ ਅਤੇ ਘਟੀਆਂ ਪ੍ਰੋਗਰਾਮਾਂ ਦੀ ਥਾਂ ਉਪਰ ਚੰਗੇ ਪ੍ਰੋਗ੍ਰਾਮ ਦੇਣ ਦੀ ਮੰਗ ਦਾ ਕਿਉਂ ਸਮਰਥਨ ਨਹੀਂ ਕੀਤਾ ? ਅਤੇ ਹਿੰਦੂਤਤਵ ਦੇ ਰਾਜਸੀ ਤੇ ਅਫਸਰਸ਼ਾਹੀ ਸ਼ਕਤੀਆਂ ਵਲੋਂ ਜਲੰਧਰ ਦੂਰ ਦਰਸ਼ਨ ਨੂੰ ਉਲਟੇ ਹਿੰਦੀ ਭਾਸ਼ਾ ਬਣਾਉਣ ਦੀ ਕੇਂਦਰ ਦੀ ਸ਼ਾਜ਼ਸ਼ ਨੂੰ ਬੇਨਕਾਬ ਕਰਨ ਵਿੱਚ ਕਿਉਂ ਸ਼ਰਮ ਮਹਿਸੂਸ ਕੀਤੀ ?

—ਪੰਜਾਬ ਦੇ ਮੁੜ ਗਠਣ ਸਮੇਂ (1967) ਸਮੇਂ ਚੰਡੀਗੜ੍ਹ ਨੂੰ ਪੰਜਾਬ ਦੇ ਹਵਾਲੇ ਕਰਨ, ਬਾਹਰ ਰਹਿ ਗਏ ਪੰਜਾਬੀ ਭਾਸ਼ੀ ਇਲਾਕਿਆਂ ਨੂੰ ਭਾਸ਼ਾਈ ਮਾਹਿਰਾਂ ਦੇ ਕਮਿਸ਼ਨ ਵਲੋਂ ਪਿੰਡ ਨੂੰ ਇਕਾਈ ਮੰਨ ਕੇ ਪੰਜਾਬ ਵਿਚ ਸ਼ਾਮਲ ਕਰਨ ਲਈ ਕਿਉਂ ਆਵਾਜ਼ ਨਹੀਂ ਉਠਾਈ ?

—ਪੰਜਾਬ ਦੇ ਆਰਥਿਕ ਹਿੱਤਾਂ ਨਾਲ ਸੰਬੰਧਿਤ ਦਰਿਆਈ ਪਾਣੀਆਂ ਦੇ ਫੈਸਲੇ ਲਈ ਮਾਹਰਾਂ ਦੇ ਕਮਿਸ਼ਨ ਵਲੋਂ ਫੈਸਲਾ ਦੇਣ ਲਈ ਕਿਉਂ ਚੁਪ ਧਾਰੀ ?

—ਪੰਜਾਬ ਦੀ ਖੇਤੀ ਤੇ ਤੇਜ਼ੀ ਨਾਲ ਹੋਣ ਜਾ ਰਹੇ ਪਤਨ ਨੂੰ ਰੋਕਣ ਲਈ ਐਗਰੋ ਇੰਡਸਟਰੀ ਵਿੱਚ ਛੋਟੀ ਤੇ ਵੱਡੀ ਸੱਨਅਤ ਲਾਉਣ ਲਈ ਕਿਉਂ ਕੁਝ ਨਹੀਂ ਸੋਚਿਆ ? ਕੀ ਇਹ ਅਮਰੀਕਾ, ਕੈਨੇਡਾ ਅਤੇ ਅਸਟਰੇਲੀਆਂ ਦੀਆਂ ਖੇਤੀ ਜਿਨਸਾਂ ਲਈ ਪੰਜਾਬ ਨੂੰ ਮੰਡੀ ਬਣਾ ਕੇ ਪੰਜਾਬ ਦੇ ਕਿਸਾਨਾਂ ਨੂੰ ਤਬਾਹ ਕਰਨ ਵੱਲ ਸੇਧ ਦਾ ਸੂਚਕ ਨਹੀਂ ਹੈ ?

—ਕੀ ਇਸ ਵਿਚ ਸ਼ਾਮਿਲ ਸਮਰਥਕਾਂ ਵੱਲੋਂ ਪੰਜਾਬ ਦੀ ਆਰਥਿਕਤਾ, ਭਾਸ਼ਾ, ਸੱਭਿਆਚਾਰ ਨੂੰ ਉੱਤਰ ਆਧੁਨਿਕਤਾ ਦੀਆਂ ਲੀਹਾਂ ਉਪਰ ਤੋਰਨ ਲਈ ਇਸ ਵਿਸ਼ਵ ਪੰਜਾਬੀ ਕਾਂਨਫਰੰਸ ਦਾ ਯੋਗਦਾਨ ਨਹੀਂ ਕਿਹਾ ਜਾ ਸਕਦਾ ? ਕੀ ਇਸ ਕਾਂਨਫਰੰਸ ਵਿੱਚ ਪੇਸ਼ ਕੀਤੇ ਪੇਪਰ ਤੇ ਉਹਨਾਂ ਉਪਰ ਪੇਤਲੀ ਬਹਿਸ ਤੱਕ ਸੀਮਤ ਰਹਿ ਜਾਣ ਨੂੰ ਕਾਂਨਫਰੰਸ ਦੀ ਸਫਲਤਾ ਮੰਨ ਲਿਆ ਜਾਵੇ ?

—ਇਹ ਅਤੇ ਕੁੱਝ ਹੋਰ ਪੂਰਕ ਸਵਾਲ ਹਨ ਜਿਨ੍ਹਾਂ ਦਾ ਉੱਤਰ ਕਰੋੜਾਂ ਰੁਪਿਆ ਦਾ ਚੂਨਾਂ ਬਣਾਉਣ ਵਾਲਿਆਂ ਨੂੰ ਦੇਣਾ ਬਣਦਾ ਹੈ।

—ਅਸੀਂ ਜਾਣਦੇ ਹਾਂ ਕਿ ਹਰ ਸਮੇਂ ਕੁਝ ਚਤੁਰ ਬੁਧੀਜੀਵੀ ਅਤੇ ਅਖਬਾਰੀ ਕਾਲਮਨਵੀਸ ਜਾਣ ਬੁੱਝ ਕੇ ਮੁੱਖ ਮੁੱਦਿਆਂ ਨੂੰ ਆਏ-ਗਏ ਕਰਨ ਲਈ ਚਤੁਰ ਘੁਣਤਰਾਂ ਘੜ ਲੈਂਦੇ ਹਨ। ਇਸ ਤਰਾਂ ਕਰੋੜਾਂ ਰੁਪਿਆਂ ਦੇ ਖ਼ਰਚ ਦਾ ਕੁਲ ਜੋੜ ਸਹੀ ਬੈਠਾਉਣ ਲਈ ਸਹਿਯੋਗਾ ਦੇਣਾ ਜ਼ਰੂਰੀ ਹੁੰਦਾ ਹੈ। ਇਸ ਤਰਾਂ ਦੀਆਂ ਅਡੰਬਰੀ ਕਾਂਨਫਰੰਸਾਂ ਦੀ ਉੱਚੀ ਸਜਾਵਟ, ਫਿੱਕੇ ਪਕਵਾਨਾਂ ਨੂੰ ਸੁਆਦਲੇ ਬਣਾਉਣ ਤੋਂ ਫਿਰ ਵੀ ਅਸਮਰਥ ਹੀ ਰਹਿੰਦੀ ਹੈ। ਨਾ ਹੀ ਥੁੱਕਾਂ ਨਾਲ ਵੜੇ ਪੱਕਦੇ ਹਨ ਅਤੇ ਨਾ ਹੀ ਡੱਕਿਆਂ ਦੇ ਊਠਾਂ ਉਪਰ ਭਾਰ ਹੀ ਲੱਦਿਆ ਜਾ ਸਕਦਾ ਹੈ। ਅਸੀਂ ਇਸ ਤਰ੍ਹਾਂ ਦੇ ਰਾਜਸੀ ਪੁਸ਼ਤਪਨਾਹੀ ਦੇ ਵਿਸ਼ੇਸ਼ ਹਿੱਤਾਂ ਲਈ ਕੀਤੇ ਅਡੰਬਰੀ ਸਮਾਗਮਾਂ ਨੂੰ ਰੋਕ ਤਾਂ ਨਹੀਂ ਸਕਦੇ ਪ੍ਰੰਤੂ ਇਹਨਾਂ ਉਪਰ ਆਪਣੀ ਰਾਏ ਜ਼ਰੂਰ ਪ੍ਰਗਟ ਕਰ ਸਕਦੇ ਹਾਂ।

—ਇਸ ਵੇਲੇ ਰਾਜ ਕਰਦੀਆਂ ਸ਼੍ਰੇਣੀਆਂ ਵਲੋਂ ਲੋਕ ਸੱਭਿਆਚਾਰ ਨੂੰ, ਉਹਨਾਂ ਦੀ ਭਾਸ਼ਾ ਅਤੇ ਸਾਹਿਤ ਨੂੰ ਢਾਅ ਲਾਉਣ ਲਈ ਕੀਤੀ ਜਾ ਰਹੇ ਯਤਨਾਂ ਨੂੰ ਰੋਕਣ ਲਈ ਲੋਕ ਹਿਤੂ ਬੁਧੀਜੀਵੀਆਂ ਅਤੇ ਸਾਹਿਤਕਾਰਾਂ ਲਈ ਵੰਗਾਰ ਵਜੋਂ ਲੈਣਾ ਚਾਹੀਦਾ ਹੈ।

*

## ਦੋ ਰੰਗ ਇਕ ਸਵੇਰ ਦੇ/*ਜੈ ਪਾਲ*

ਪਾਰਦਰਸ਼ੀ ਸ਼ੀਸ਼ਿਆਂ ਤੋਂ
ਛਣ ਕੇ ਪੈ ਰਹੀਆਂ ਕਿਰਣਾਂ
ਰੇਸ਼ਮੀ ਚਾਦਰ ਤੇ
ਭਾਫ਼ਾਂ ਵਾਲੀ ਚਾਹ
ਤੇ ਪਤਨੀ ਦੀ ਸੱਖਣੀ ਤੱਕਣੀ
ਮੈਲੇ ਦੰਦ ਤੇ ਪੁਰਾਣਾ ਬੁਰਸ਼
ਅਖ਼ਬਾਰ ਤੇ ਸਰਸਰੀ ਨਜ਼ਰ
ਪਾਇਪ ਨਾਲ ਬਗੀਚੀ 'ਚ ਪਾਣੀ
ਦਿਨ ਇਉਂ ਵੀ ਤਾਂ ਚੜ੍ਹਦਾ
ਕਿਸੇ-ਕਿਸੇ ਵਿਹੜੇ 'ਚ!

ਤੇ ਝੁੱਗੀਆਂ 'ਚ ਸਵੇਰ
ਵਿਹੜੇ ਸਮੇਤ ਗੈਰ ਹਾਜ਼ਰ ਹੁੰਦੀ ਹੈ।
ਪੁਰਾਣੀ ਬੋਰੀ ਤੇ ਜੂਠੇ ਬਰਤਨ
ਤੇ ਜੂਠੇ ਬਰਤਨਾ ਸੰਗ ਜੂਝ ਰਹੀ ਸੁਆਣੀ
ਪਿਉ ਤੇ ਭਰਾਵਾਂ ਦੀ
'ਨਾ ਕਮਾਉਣ ਪਿੱਛੇ' ਰੋਜ਼ ਦੀ ਕਿਚ-ਕਿਚ
ਸਭ ਤੋਂ ਨਿੱਕੀ
ਹਨੇਰ ਤੇ ਸਵੇਰ ਦੇ ਅਰਥ ਜਾਨਣ ਤੋਂ ਪਹਿਲਾਂ
ਇਸ ਸਭ ਵਿਚਕਾਰ ਵੱਡੀ ਹੋ ਜਾਵੇਗੀ
ਤੇ ਧੁੰਧਕਾਰ 'ਚ ਗਵਾਚ ਜਾਵੇਗੀ।
ਆਪਣੇ ਭਰਾਵਾਂ ਵਾਂਗ

ਗਵਾਚ ਗਏ ਲੱਭਦੇ ਨਹੀਂ
ਤੇ ਜਦੋਂ ਲੱਭ ਵੀ ਜਾਂਦੇ ਨੇ
ਉਹ 'ਉਹ' ਨਹੀਂ ਹੁੰਦੇ।
ਜਦੋਂ ਗਵਾਚੇ ਸਨ।

*(ਘਰ ਨੰ.71, ਨੇੜੇ ਅਨਾਜ ਮੰਡੀ, ਡੇਰਾ ਬੱਸੀ-140507)*



## ਬੀਜਕ/*ਮਨਦੀਪ ਪੰਧੇਰ*

ਤਪਦੀ ਰੇਤ ਨੂੰ ਗਾਹੁੰਦਾ....

ਜਾ ਰਿਹਾ ਹਾਂ
ਆਪਣੇ ਅੰਗਾਂ 'ਚ
ਉਸਾਰੂ ਸੋਚ ਦਾ ਬੀਜ ਲੈਕੇ

ਬੀਜਕ ਹਾਂ
ਬੀਜਕ ਹਾਂ
ਬੀਜਕ ਹਾਂ

ਬੇਸ਼ਕ ਨਾਂ ਦੇਵੋ ਸਾਹ ਲੈਣ ਨੂੰ
ਆਕਸੀਜਨ!
ਫੈਲਾ ਦੇਵੋ ਭਿਅੰਕਰ ਬੁਰਜੂਆ ਹਨੇਰ
ਮੈਂ ਚੱਲਾਂਗਾ
ਤਲੀਆਂ ਤੇ ਸਾਰੰਗ ਲੈਕੇ

ਸੋਚ ਕਦੇ ਡੱਬਿਆਂ 'ਚ
ਬੰਦ ਨਹੀਂ ਹੁੰਦੀ

ਉਡਾ ਲਵੋ ਵਕਤ ਦੀ ਫਿਰਕੂ ਹਨੇਰੀ
ਪਾ ਦੇਵੋ ਮੇਰੀਆਂ ਅੱਖਾਂ 'ਚ
ਫ਼ਾਸ਼ੀਵਾਦ ਦੀ ਰੇਤ
ਖਿਲਾਰ ਦੇਵੋ ਮੇਰੇ ਰਾਹਾਂ 'ਚ
ਜ਼ਾਰ ਸ਼ਾਹੀ ਚਿਪਚਿਪੀ ਸੋਚ ਦੇ ਕੰਡੇ

ਨਿਪੁੰਸਕ ਨਹੀਂ ਹਾਂ
ਬੀਜਕ ਹਾਂ
ਬੀਜਕ ਹਾਂ
ਬੀਜਕ ਹਾਂ

ਤੁਰਾਂਗਾ....
ਸਮੇਂ ਹੀ ਹਿੱਕ ਤੇ
ਉਸਾਰੂ ਸ਼ਬਦ ਬੀਜਾਂਗਾ
ਲਹਿਲਹਾਉਂਦੀ ਫ਼ਸਲ ਹੋਵੇਗੀ
ਨਿਰਾਲਾ ਗੀਤ ਹੋਵੇਗਾ...।

ਜ਼ਖ਼ਮੀ ਪਰਿੰਦਿਆਂ ਦਾ
ਲਹੂ ਬੀਜਾਂਗਾ
ਚਿੜੀਆਂ ਦੀ ਤੂਫ਼ਾਨੀ
ਸੋਚ ਬੀਜਾਂਗਾ
ਬੰਧੂਆਂ ਲੋਕਾਈ ਦੀ
ਨਜਾਤ ਬੀਜਾਂਗਾ

ਨਪੁੰਸਕ ਨਹੀਂ ਹਾਂ

ਬੀਜਕ ਹਾਂ

*(ਨੇੜੇ ਨਿਰੰਕਾਰੀ ਭਵਨ, ਹੀਰਾ ਮਹੱਲ ਕਾਲੋਨੀ, ਨਾਭਾ)*

## ਫਿਲਰ ਮੈਟੀਰੀਅਲ / *ਯੁਵਰਾਜ ਸ਼ਰਮਾ*

ਛਪ ਹੀ ਜਾਂਦੀ ਏ ਮੇਰੀ ਕਵਿਤਾ
ਕਦੇ ਕਦਾਂਈ
ਅਖਬਾਰ ਦੇ ਕਿਸੇ ਨਾ ਕਿਸੇ ਕੋਨੇ ਵਿਚ
ਇਕ 'ਫਿਲਰ ਮੈਟੀਰੀਅਲ' ਦੀ ਤਰ੍ਹਾਂ।

ਖੁਸ਼ ਹੁੰਦੇ ਨੇ ਸਾਰੇ
ਖੁਸ਼ ਹੁੰਦੀ ਏ ਮੇਰੀ ਮਾਂ
ਮੇਰੀਆਂ ਭੈਣਾਂ, ਮੇਰੇ ਭਰਾ
ਤੇ ਦੇ ਹੀ ਦਿੰਦੇ ਨੇ ਵਧਾਈ
ਕਿ ਉਹਨਾਂ ਲਈ ਇਸ ਤੋਂ ਵੱਧ ਕੁਝ ਨਹੀਂ
ਕਿ ਧਰਤੀ ਟਿਕੀ ਹੋਈ ਏ
ਕਿਸੇ ਬੱਲਦ ਦੇ ਸਿੰਗਾਂ ਦੇ ਸਹਾਰੇ,
ਕਿ ਘੱਮਣੀ ਵਾਲੇ ਡੱਬਲੀ ਪੈਸੇ ਦੇ ਕਾਰਨ ਹੀ
ਗਿਰਨੋਂ ਬਚ ਜਾਂਦੀ ਹੈ ਹਰ ਬਰਸਾਤ ਵਿਚ
ਘਰ ਦੀ ਛੱਤ
ਕਿ ਨਲਕੇ ਦੇ ਪੈਰਾਂ ਵਿਚ ਦੀਵਾ ਬਾਲਣਾ
ਕੋਈ ਵਹਿਮ ਨਹੀਂ।

ਕਿੰਨੇ ਖੁਸ਼ ਨੇ ਸਾਰੇ
ਸਭ ਯਾਰ ਦੋਸਤ, ਸਭ ਰਿਸ਼ਤੇਦਾਰ
ਬੜੇ ਖੁਸ਼ ਨੇ ਸਾਰੇ
ਮੇਰੀ ਮਾਂ, ਮੇਰੀਆਂ ਭੈਣਾਂ ਤੇ ਮੇਰੇ ਭਰਾ
ਪਰ ਉਹ ਬੇਖਬਰ ਇਹ ਨਹੀਂ ਜਾਣਦੇ
ਕਿ ਉਹਨਾਂ ਦਾ ਪੁੱਤਰ,
ਉਹਨਾਂ ਦਾ ਭਰਾ
ਕੁਝ ਨਹੀਂ ਸਿਵਾਏ ਇੱਕ 'ਫਿਲਰ ਮੈਟੀਰੀਅਲ' ਦੇ।





## ਨੋਬਲ ਪੁਰਸਕਾਰ / *ਪਾਬਲੋ ਨੇਰੂਦਾ*

ਮੇਰੇ ਨੋਬਲ ਪੁਰਸਕਾਰ ਪਿੱਛੇ ਲੰਮੀ ਕਹਾਣੀ ਹੈ। ਕਈ ਸਾਲ ਮੇਰੇ ਨਾਂ ਦੀ ਇਕ ਉਮੀਦਵਾਰ ਵਜੋਂ ਚਰਚਾ ਚੱਲਦੀ ਰਹੀ, ਪਰ ਕੁਝ ਨਾ ਵਾਪਰਿਆ।

1963 ਵਿਚ ਹਾਲਾਤ ਗੰਭੀਰ ਹੋ ਗਏ। ਕਈ ਰੇਡੀਓ ਸਟੇਸ਼ਨ ਬਾਰ ਬਾਰ ਕਹਿੰਦੇ ਰਹੇ ਕਿ ਸਟਾਕ ਹੋਮ ਵਿਚ ਵੋਟਾਂ ਪੈਣ ਸਮੇਂ ਮੇਰਾ ਨਾਂ ਦੀ ਤਗੜੀ ਹਿਮਾਇਤ ਸੀ ਤੇ ਸੰਭਵ ਹੈ ਕਿ ਮੈਂ ਪੁਰਸਕਾਰ ਜਿੱਤ ਜਾਵਾਂ। ਇਸ ਲਈ ਮੈਂ ਤੇ ਮੇਰੀ ਪਤਨੀ ਮਾਤਿਲਦੇ ਨੇ ਘਰ ਦੀ ਸੁਰੱਖਿਆ ਲਈ ਯੋਜਨਾ ਨੰਬਰ 3 ਅਮਲ ਵਿਚ ਲਿਆਂਦੀ। ਅਸੀਂ ਖੁਰਾਕ ਤੇ ਲਾਲ ਵਾਈਨ ਜਮ੍ਹਾਂ ਕੀਤੀ, ਤੇ ਆਈਸਲਾ ਨੇਗਰਾ ਦੇ ਪੁਰਾਣੇ ਗੇਟ ਤੇ ਇੱਕ ਵੱਡਾ ਜਿੰਦਰਾ ਲਟਕਾ ਦਿੱਤਾ। ਮੈਂ ਸਾਈਮੇਨਾਨ ਦੀਆਂ ਕੁਝ ਭੇਦ-ਭਰੀਆਂ ਗੱਲਾਂ ਕੀਤੀਆਂ ਤੇ ਆਸ ਕਰਦਾ ਰਿਹਾ ਕਿ ਮੇਰੇ ਘਰ ਦਾ ਘੇਰਾ ਕੁਝ ਦੇਰ ਚੱਲੇਗਾ।

ਪੱਤਰਕਾਰ ਕਾਹਲੀ ਕਾਹਲੀ ਆ ਪਹੁੰਚੇ ਪਰ ਅਸੀਂ ਉਹਨਾਂ ਨੂੰ ਨੇੜੇ ਨਹੀਂ ਢੁੱਕਣ ਦਿੱਤਾ। ਉਹ ਗੇਟ ਤੋਂ ਅੰਦਰ ਨਾ ਆ ਸਕੇ, ਕਿਉਂਕਿ ਬੂਹੇ ਤੇ ਪਿੱਤਲ ਦਾ ਵੱਡਾ ਜਿੰਦਰਾ ਲੱਗਾ ਹੋਇਆ ਸੀ, ਜਿਹੜਾ ਜਿੰਨਾ ਸੁੰਦਰ ਸੀ, ਓਨਾ ਹੀ ਸ਼ਕਤੀਸ਼ਾਲੀ। ਉਹ ਸ਼ੇਰ ਵਾਂਗ ਬਾਹਰਲੀ ਕੰਧ ਦੇ ਨਾਲ ਨਾਲ ਸ਼ਹਿ ਲਾ ਕੇ ਘੁੰਮਦੇ ਰਹਿੰਦੇ। ਆਖਰ ਉਹ ਕੀ ਕਰਨ ਦੀ ਕੋਸ਼ਿਸ਼ ਕਰਦੇ ਪਏ ਸੀ ? ਮੈਂ ਉਸ ਵਿਚਾਰ ਵਟਾਂਦਰੇ ਬਾਰੇ ਕੀ ਕਹਿ ਸਕਦਾ ਸੀ, ਜਿਸ ਵਿਚ ਸੰਸਾਰ ਦੇ ਦੂਜੇ ਪਾਸੇ ਸਿਰਫ ਸਵੀਡਿਸ਼ ਅਕਾਡਮੀ ਦੇ ਮੈਂਬਰ ਹੀ ਭਾਗ ਲੈ ਰਹੇ ਸਨ ? ਫੇਰ ਵੀ ਪੱਤਰਕਾਰ ਗੋਂਗਲੂ ਵਿਚੋਂ ਲਹੂ ਨਿਚੋੜਨ ਦੇ ਆਪਣੇ ਇਰਾਦਿਆਂ ਨੂੰ ਲੁਕਾ ਨਾ ਸਕੇ।

ਬਹਾਰ ਦੱਖਣੀ ਪੈਸੀਫਿਕ ਸਮੁੰਦਰੀ ਕੰਢੇ ਤੇ ਕੁਝ ਦੇਰ ਨਾਲ ਆਈ ਸੀ। ਇਕੱਲਤਾ ਦੇ ਉਨ੍ਹਾਂ ਦਿਨਾਂ ਨੇ ਸਮੁੰਦਰ ਕੰਢੇ ਆਈ ਬਹਾਰ ਨਾਲ ਮੈਨੂੰ ਜੋੜਨ ਵਿਚ ਮਦਦ ਕੀਤੀ, ਜਿਹੜੀ ਕਿ ਭਾਵੇਂ ਕੁਝ ਦੇਰ ਨਾਲ ਹੀ ਆਈ ਸੀ, ਪਰ ਫੇਰ ਵੀ ਆਪਣੀਆਂ ਰੌਣਕਾਂ ਨਾਲ ਲੈ ਕੇ ਆਈ ਸੀ। ਗਰਮੀਆਂ ਵਿਚ ਮੀਂਹ ਦੀ ਕਣੀ ਨਹੀਂ ਪੈਂਦੀ, ਧਰਤੀ ਚੀਕਨੀ, ਖੁਰਦਰੀ ਪਥਰੀਲੀ ਹੁੰਦੀ ਹੈ ਤੇ ਘਾਹ ਦੀ ਹਰੀ ਇਕ ਤਿੜ ਵੀ ਨਜ਼ਰੀ ਨਹੀਂ ਪੈਂਦੀ। ਸਿਆਲ ਵਿਚ ਸਮੁੰਦਰੀ ਪੌਣ ਭਿਅੰਕਰ ਕ੍ਰੋਧ ਲੂਣ ਤੇ ਵੱਡੀਆਂ ਛੱਲਾਂ ਨਾਲ ਝੱਗ ਵੀ ਲੈ ਕੇ ਆਉਂਦਾ ਹੈ, ਤੇ ਪ੍ਰਕਿਰਤੀ ਇਹਨਾਂ ਭਿਆਨਕ ਤਾਕਤਾਂ ਦੇ ਸਾਹਮਣੇ ਦਬਾਈ ਤੇ ਕੁਚਲੀ ਨਜ਼ਰ ਆਉਂਦੀ ਹੈ।

ਬਹਾਰ ਵੱਡੀ ਫੈਲੀ ਹੋਈ ਪੀਲੀ ਮੁਹਿਮ ਨਾਲ ਆਰੰਭ ਹੁੰਦੀ ਹੈ। ਹਰ ਚੀਜ਼ ਅਣਗਿਣਤ ਨਿੱਕੇ ਸੁਨਹਿਰੀ ਫੁੱਲਾਂ ਨਾਲ ਢੱਕੀ ਜਾਂਦੀ ਹੈ। ਇਹ ਨਿੱਕੀ, ਸ਼ਕਤੀਸ਼ਾਲੀ ਫਸਲ, ਪਹਾੜੀ ਥਾਵਾਂ ਤੇ ਫੈਲ ਜਾਂਦੀ ਹੈ, ਪੱਥਰਾਂ ਨੂੰ ਘੇਰਾ ਪਾ ਲੈਂਦੀ ਹੈ। ਸਮੁੰਦਰ ਵੱਲ ਪਸਰਨ ਲੱਗਦੀ ਹੈ ਤੇ ਸਾਡੇ ਰੋਜ਼ਾਨਾ ਤੁਰਨ ਵਾਲੀਆਂ ਪਗ ਡੰਡੀਆਂ ਦੇ ਵਿਚਕਾਰ ਜਾ ਫੁੱਟਦੀ ਹੈ। ਇੰਝ ਪ੍ਰਤੀਤ ਹੁੰਦਾ ਹੈ ਜਿਵੇਂ ਇਹ ਸਾਨੂੰ ਵੰਗਾਰ ਪਾ ਰਹੀ ਹੋਵੇ ਕਿ ਮੈਂ ਏਥੇ ਵੀ ਆ ਪਹੁੰਚੀ ਹਾਂ। ਇਹਨਾਂ ਫੁੱਲਾਂ ਨੂੰ ਏਨੀ ਦੇਰ ਤੀਕ, ਅਦਿੱਖ ਜੀਵਨ ਬਤੀਤ ਕਰਨਾ ਪਿਆ ਹੈ, ਉਜੜੀ ਹੋਈ ਵੀਰਾਨ ਧਰਤੀ ਨੇ ਕਿੰਨੀ ਦੇਰ ਤੀਕ ਇਹਨਾਂ ਨੂੰ ਥੱਲੇ ਦਬਾਈ ਰੱਖਿਆ ਕਿ ਹੁਣ ਇਹ ਆਪਣੀ ਪੀਲੀ ਰੰਗਤ ਨੂੰ ਵਿਖਾਉਣ ਲਈ ਕਾਫੀ ਜਗ੍ਹਾ ਮਿਲਦੀ ਪ੍ਰਤੀਤ ਨਹੀਂ ਕਰਦੇ।

ਫਿਰ ਇਹ ਨਿਕ-ਨਿੱਕੇ ਪੀਲੇ ਫੁੱਲ ਝੁਲਸੇ ਜਾਂਦੇ ਹਨ ਤੇ ਹਰ ਚੀਜ਼ ਤਿੱਖੇ ਜਾਮਨੀ ਖਿੜਾਅ ਨਾਲ ਢੱਕੀ ਜਾਂਦੀ ਹੈ। ਬਹਾਰ ਦਾ ਦਿਲ ਪੀਲੇ ਤੋਂ ਨੀਲਾ ਤੇ ਫਿਰ ਲਾਲ ਹੋ ਜਾਂਦਾ ਹੈ। ਭਲਾ ਕਿਵੇਂ ਨਿੱਕੇ, ਬੇਨਾਮੇ, ਅਣਗਿਣਤ ਫੁੱਲ, ਪੱਤੀਆਂ ਇਕ ਦੂਜੇ ਦਾ ਥਾਂ ਲੈ ਲੈਂਦੀਆਂ ਹਨ। ਹਵਾ ਨੇ ਪਹਿਲੇ ਦਿਨ ਇੱਕ ਰੰਗ ਨੂੰ ਛੂਹਿਆ ਤੇ ਅਗਲੇ ਦਿਨ ਕਿਸੇ ਦੂਸਰੇ ਨੂੰ ਜਿਵੇਂ ਕਿ ਬਹਾਰ ਦੇ ਕੌਮੀ ਰੰਗ ਉਜਾੜ

ਪਹਾੜੀਆਂ ਤੇ ਲਗਾਤਾਰ ਬਦਲਦੇ ਰਹੇ ਤੇ ਕਈ ਲੋਕ-ਰਾਜ ਆਪਣੇ ਹਮਲਾ-ਕਰੂ ਝੰਡਿਆਂ ਨਾਲ ਖੇਡਾਂ ਖੇਡਦੇ ਵਾਰੀ ਦਿੰਦੇ ਰਹੇ।

ਸਾਲ ਦੇ ਇਸ ਸਮੇਂ ਸਮੁੰਦਰੀ ਤੱਟ ਤੇ ਕੈਕਟਸ ਖਿੜਨ ਲਗਦਾ ਹੈ। ਇਸ ਖਿੱਤੇ ਤੋਂ ਦੂਰ, ਐਂਡੀਨ ਪ੍ਰਬਤ-ਮਾਲਾ ਦੀਆਂ ਚੋਟੀਆਂ ਤੇ ਕੈਕਟੀ ਦੈਂਤਾਂ ਵਾਂਗ ਕਤਾਰਾਂ ਵਿਚ ਦੁਸ਼ਮਣ ਦੀਆਂ ਫੌਜਾਂ ਵਾਂਗ ਕੰਡਿਆਲੇ ਰੂਪ ਵਿਚ ਖਿੜਦਾ ਹੈ। ਪਰ ਸਮੁੰਦਰੀ ਤੱਟ ਤੇ ਇਸ ਦੇ ਉਲਟ ਛੋਟਾ ਤੇ ਗੋਲ ਹੁੰਦਾ ਹੈ। ਮੈਂ ਵੇਖਿਆ ਹੈ ਕਿ ਉਨ੍ਹਾਂ ਨੂੰ ਸੰਧੂਰੀ ਰੰਗ ਦੀਆਂ ਵੀਹ ਵੀਹ ਡੋਡੀਆਂ ਨਿਕਲਦੀਆਂ ਹਨ, ਜਿਵੇਂ ਕਿਸੇ ਨੇ ਜਜ਼ਬਾਤੀ ਸ਼ਰਧਾ ਵਜੋਂ ਉਥੇ ਲਹੂ ਦੇ ਤੁਪਕੇ ਛਿੜਕੇ ਹੋਣ। ਫਿਰ ਉਹ ਪਾਟ ਕੇ ਖਿੜਦੇ ਹਨ। ਸਮੁੰਦਰ ਦੀਆਂ ਚਿੱਟ-ਟੋਪੀਆਂ ਵਾਂਗ ਹਜ਼ਾਰਾਂ ਹੀ ਕੈਕਟਸ ਖਿੜ ਕੇ ਭਰਪੂਰ ਫੁੱਲ ਬਣ ਜਾਂਦੇ ਹਨ।

ਮੇਰੇ ਘਰ ਦਾ ਇਕ ਸਦੀ ਪੁਰਾਣਾ ਬੂਟਾ ਆਪਣੇ ਆਤਮ-ਘਾਤੀ ਖੇੜੇ ਕਾਰਨ, ਵਿਚੋਂ ਹੀ ਫੁੱਲ ਨਿਕਲਿਆ। ਇਹ ਬੂਟਾ ਜੋ ਨੀਲਾ ਤੇ ਪੀਲਾ ਹੈ ਬਹੁਤ ਵੱਡਾ ਤੇ ਮੋਟਾ ਮੇਰੇ ਬੂਹੇ ਲਾਗੇ ਪਿਛਲੇ ਦਸਾਂ ਸਾਲਾਂ ਤੋਂ ਖੜਾ ਹੈ ਤੇ ਵੱਧ ਕੇ ਮੇਰੇ ਨਾਲੋਂ ਉੱਚਾ ਨਿਕਲ ਗਿਆ ਹੈ। ਇਹ ਹੁਣ ਖਤਮ ਹੋਣ ਲਈ ਖਿੜ ਰਿਹਾ ਹੈ। ਇਹ ਦੀ ਤਕੜੀ ਹਰੀ ਬਰਛੀ ਬਣ ਗਈ ਜਿਹੜੀ ਸੱਤ ਮੀਟਰ ਤੀਕ ਚਲੀ ਗਈ। ਤੇ ਵਿਚ ਵਿਚ ਖਿੜਦਾ ਵੀ ਗਿਆ। ਜਿਸ ਤੇ ਸੁਨਹਿਰੀ ਧੂੜ ਜਿਹੀ ਜੰਮੀ ਗਈ। ਫਿਰ ਇਸ ਅਗਾਵੇ ਅਮੇਰਿਨਨ ਬੂਟੇ ਦੇ ਸਾਰੇ ਵੱਡੇ ਪੱਤੇ ਝੜ ਗਏ ਤੇ ਇਹ ਸੁੱਕ ਗਿਆ।

ਏਥੇ ਇਸ ਸੁੱਕ ਰਹੇ ਫੁੱਲ ਦੇ ਲਾਗੇ, ਇੱਕ ਹੋਰ ਵੱਡਾ ਬੂਟਾ ਖਿੜ ਰਿਹਾ ਸੀ। ਮੇਰੇ ਦੇਸ਼ ਤੋਂ ਬਾਹਰ ਇਸ ਨੂੰ ਕੋਈ ਨਹੀਂ ਜਾਣ ਸਕਦਾ। ਇਹ ਸਾਡੇ ਅਣਟਾਰਕਟਿਕ ਤੱਟਾਂ ਤੇ ਹੀ ਉਗਦਾ ਹੈ। ਇਸ ਦਾ ਨਾਂ ਛੂ ਹੋਲ ਹੈ। ਇਸ ਪੁਰਾਤਨ ਫੁੱਲ ਦੀ ਆਰਾਕਾਨੀਅਨਜ਼ ਲੋਕ ਪੂਜਾ ਕਰਦੇ ਹੁੰਦੇ ਹਨ। ਪੁਰਾਣਾ ਮਰਾਊਕੋ ਹੁਣ ਨਹੀਂ ਮਿਲਦਾ। ਲਹੂ, ਮੌਤ, ਵਕਤ ਅਤੇ ਮਗਰੋਂ ਅਸਲੋਂ-ਡੀ-ਅਰਸੀਲਾ ਦੇ ਐਪਿਕ ਗੀਤਾਂ ਨੇ ਮਿੱਟੀ 'ਚੋਂ ਉੱਗੀ ਨਸਲ ਦੇ ਪੁਰਾਤਨ ਇਤਿਹਾਸ ਨੂੰ ਖਤਮ ਕਰ ਦਿੱਤਾ, ਜਿਹੜੀ ਕਿ ਜੀਵ-ਵਿਗਿਆਨ ਸੁਪਨੇ 'ਚੋਂ ਆਪਣੇ ਦੇਸ਼ ਉੱਤੇ ਹੋਏ ਹਮਲੇ ਤੋਂ ਰਾਖੀ ਕਰਨ ਲਈ ਜਾਗੀ ਸੀ। ਕਦੋਂ ਮੈਂ ਇਸ ਦੇ ਦੁਬਾਰਾ ਖਿੜੇ ਹੋਏ ਫੁੱਲਾਂ ਨੂੰ ਵੇਖਦਾ ਹਾਂ। ਸਦੀਆਂ ਦੇ ਅਣਗੌਲੇ ਮੁਰਦਿਆਂ, ਲਹੂ-ਲਿਬੜੇ ਵਿਸਰੇ ਲੋਕਾਂ ਨੂੰ, ਤਾਂ ਮੈਨੂੰ ਵਿਸ਼ਵਾਸ ਹੋ ਜਾਂਦਾ ਹੈ ਕਿ ਧਰਤੀ ਦਾ ਭੂਤਕਾਲ, ਇਸ ਦੇ ਬਾਵਜੂਦ ਕਿ ਅਸੀਂ ਕੀ ਹਾਂ, ਖਿੜਦਾ ਹੈ। ਭਾਵੇਂ ਅਸੀਂ ਹੁਣ ਕੀ ਦਾ ਕੀ ਬਣ ਗਏ। ਹਾਂ ਆਪਣੀ ਪ੍ਰਕਿਰਤੀ ਨੂੰ ਸੰਭਾਲਦੀ ਹੋਈ, ਸਿਰਫ ਧਰਤੀ ਹੀ ਜੀਊਂਦੀ ਰਹਿ ਰਹੀ ਹੈ।

ਪਰ ਮੈਂ ਇਸ ਫੁੱਲ ਦਾ ਵਰਨਣ ਕਰਨਾ ਭੁੱਲ ਗਿਆ ਸੀ। ਇਹ ਬਰੋਮੀਲੀਆਕਾਂ ਫੁੱਲ ਹੈ, ਤਿੱਖਾ ਤੇ ਆਰੇ ਦੇ ਦੰਦਿਆਂ ਵਰਗੇ ਪੱਤਿਆਂ ਵਾਲਾ। ਇਹ ਹਰੀ ਅੱਗ ਵਾਂਗ ਰਾਹਾਂ ਤੇ ਫੁੱਟ ਨਿਕਲਦਾ ਹੈ, ਹਰੇ ਰੰਗ ਦੀਆਂ ਅੱਧਭੁੱਤ ਤਲਵਾਰਾਂ ਦੀ ਸੰਜੋਅ ਨੂੰ ਸ਼ਿੰਗਾਰੀ ਖਲੋਤਾ। ਤੇ ਅਚਾਨਕ ਹੀ ਇਕ ਬਹੁਤ ਵੱਡਾ ਫੁੱਲ, ਇਕ ਗੁੱਛਾ ਇਸ ਦੀ ਢਾਕ ਤੇ ਖਿੜ ਉੱਠਦਾ ਹੈ, ਆਦਮੀ ਦੇ ਕੱਦ ਜੇਡਾ ਵੱਡਾ ਹਰਾ ਗੁਲਾਬ ਜਿਹਾ। ਇਹ ਇਕੱਲਾ ਫੁੱਲ, ਜੋ ਕਈ ਨਿੱਕੇ ਫੁੱਲਾਂ ਦਾ ਬਣਿਆ ਹੁੰਦਾ ਹੈ, ਤੇ ਗਿਰਜਾ ਘਰ ਦੇ ਤਖਤ ਵਾਂਗ ਲਗਦਾ ਹੈ। ਸਮੁੰਦਰ ਵੱਲੋਂ ਆ ਰਹੀ ਰੌਸ਼ਨੀ 'ਚ ਦਮਕਾਂ ਮਾਰਦਾ ਹੈ। ਇਹੀ ਇਕ ਹਰਾ ਤੇ ਏਡਾ ਵੱਡਾ ਫੁੱਲ ਹੈ, ਜਿਹੜਾ ਮੈਂ ਕਦੇ ਘੱਟ ਹੀ ਵੇਖਿਆ ਹੈ। ਇਹ ਇਕੱਲਾ ਹੀ ਲਹਿਰਾਂ ਦੀ ਇਕ ਯਾਦਗਾਰ ਹੈ।

ਮੇਰੇ ਦੇਸ਼ ਦੇ ਮਛੇਰੇ ਤੇ ਕਿਸਾਨਾਂ ਨੂੰ ਇਹਨਾਂ ਨਿੱਕੇ ਬੂਟਿਆਂ ਦੇ ਨਾਮ ਦੇਰ ਹੋਏ ਭੁੱਲ ਗਏ ਹਨ ਤੇ ਨਿੱਕਿਆਂ ਫੁੱਲਾਂ ਦੇ ਹੁਣ ਕੋਈ ਵੀ ਨਾਮ ਨਹੀਂ ਹਨ। ਉਹਨਾਂ ਨੂੰ ਇਹ ਹੌਲੀ ਹੌਲੀ ਭੁੱਲੇ ਤੇ ਫੁੱਲ ਆਪਣੀ ਸ਼ਾਨ ਨੂੰ ਵੀ ਆਖੀਰ ਭੁਲਾ ਬੈਠੇ। ਉਹ ਸਾਰੇ ਰਲ ਮਿਲ ਗਏ ਤੇ ਗੁੰਮਨਾਮ ਹੋ ਗਏ, ਜਿਵੇਂ ਉਹ ਪੱਥਰ, ਜਿਹੜੇ ਐਨਡੀਨ ਪਹਾੜ ਦੀ ਬਰਫੀਲੀ ਚੋਟੀ ਤੋਂ ਰਿੜਦੇ, ਦਰਿਆਵਾਂ ਰਾਹੀਂ ਇਥੇ ਤੱਟ ਦੇ ਗੁੰਮਨਾਮ ਹਿੱਸਿਆਂ ਵਿਚ ਆ ਟਿਕੇ। ਕਿਸਾਨਾਂ ਤੇ ਮਾਹੀਗੀਰ, ਖਾਣ-ਕਾਮੇਂ ਤੇ ਸਮਗਲਰ ਆਪਣੀ ਸਾਦੀ



ਜ਼ਿੰਦਗੀ ਪ੍ਰਤੀ ਸੱਚੇ ਰਹੇ। ਨਿਰੰਤਰ ਮੌਤ, ਆਪਣੀਆਂ ਹਾਰਾਂ ਤੇ ਫਰਜ਼ਾਂ ਪ੍ਰਤੀ ਹਮੇਸ਼ਾਂ ਹੀ ਪੁਨਰ-ਜੀਵੰਤ ਰਹੇ। ਅਣ ਪਛਾਤੇ ਇਲਾਕਿਆਂ ਵਿਚ ਨਾਇਕ ਹੋਣਾ, ਧੁੰਧਲਾ ਹੋਣਾ ਹੈ। ਇਹ ਇਲਾਕੇ ਤੇ ਇਹਨਾਂ ਦੇ ਗੀਤ ਬਹੁਤ ਹੀ ਗੁੰਮਨਾਮ ਲਹੂ ਨਾਲ ਰੌਸ਼ਨ ਹੁੰਦੇ ਹਨ, ਤੇ ਉਹਨਾਂ ਫੁੱਲਾਂ ਨਾਲ ਜਿਹਨਾਂ ਦਾ ਕੋਈ ਨਾਮ ਨਹੀਂ ਜਾਣਦਾ ਹੁੰਦਾ।

ਇਹਨਾਂ ਫੁੱਲਾਂ ਵਿਚੋਂ ਇਕ ਹੋਰ ਫੁੱਲ ਹੈ, ਜਿਸਨੇ ਮੇਰੇ ਸਾਰੇ ਘਰ ਤੇ ਹੱਲਾ ਬੋਲਿਆ ਹੋਇਆ ਹੈ। ਇਹ ਨੀਲਾ ਫੁੱਲ ਹੈ। ਜਿਸ ਦਾ ਲੰਮਾ ਮਾਣ-ਮੱਤਾ ਦਮਕਦਾਰ ਤੇ ਸਖਤ ਤਣਾ ਹੈ। ਇਸ ਦੇ ਅਖੀਰਲੇ ਸਿਰੇ ਤੇ ਅਰਧ-ਨੀਲੇ, ਗੂੜੇ-ਨੀਲੇ ਨਿੱਕੇ ਫੁੱਲਾਂ ਦਾ ਝੁੰਡ ਖਿੜਦਾ ਹੈ। ਮੈਨੂੰ ਨਹੀਂ ਪਤਾ ਕਿ ਕੀ ਸਾਰੇ ਮਨੁੱਖੀ ਜੀਵਾਂ ਨੂੰ ਇਸ ਗੌਰਵਮਈ ਨੀਲੇ ਫੁੱਲ ਨੂੰ ਤੱਕਣ ਦਾ ਮਾਣ ਮਿਲਦਾ ਹੈ। ਜਾਂ ਨਹੀਂ, ਕੀ ਇਹ ਕੁਝ ਚੋਣਵੇਂ ਗਿਣਵੇ ਬੰਦਿਆਂ ਨੂੰ ਹੀ ਆਪਣੇ ਰਾਜ਼ ਖੋਲ੍ਹਦਾ ਹੈ ? ਕੀ ਇਹ ਦੂਸਰਿਆਂ ਲਈ ਅਦਿੱਖ ਤੇ ਲੁਕਿਆ ਰਹਿੰਦਾ ਹੈ ? ਕੀ ਕਿਸੇ ਨੀਲੇ ਦੇਵਤੇ ਨੇ ਉਹਨਾਂ ਲਈ ਇਸ ਫੁੱਲ ਦੀ ਆਰਾਧਨਾ ਤੋਂ ਇਨਕਾਰ ਕੀਤਾ ਹੈ ? ਜਾਂ ਕੀ ਇਹ ਮੇਰੀ ਆਪਣੀ ਖੁਸ਼ੀ ਹੈ। ਜਿਹੜੀ ਇਕੱਲਤਾ ਨੇ ਮਾਣ ਵਿਚ ਬਦਲ ਦਿੱਤੀ ਹੈ। ਮੇਰੀ ਖੁਸ਼ੀ ਲਲਚਾਉਂਦੀ ਹੈ ਕਿ ਇਸ ਨੂੰ ਇਹ ਨੀਲਾ, ਇਹ ਨੀਲੀ ਲਹਿਰ, ਬਹਾਰ ਦਾ ਇਹ ਹੱਲੇ ਗੁੱਲੇ ਵਾਲਾ ਨੀਲਾ ਸਿਤਾਰਾ ਪ੍ਰਾਪਤ ਹੋ ਗਿਆ ਹੈ।

ਅਖੀਰ ਤੇ ਮੈਂ ਡੋਕਾਸ ਦਾ ਜ਼ਿਕਰ ਕਰਾਂਗਾ। ਮੈਨੂੰ ਨਹੀਂ ਪਤਾ ਕਿ ਇਹ ਬੂਟੇ ਕਿਤੇ ਹੋਰ ਵੀ ਮਿਲਦੇ ਹਨ ਜਾਂ ਨਹੀਂ। ਲੱਖਾਂ ਨਾਲ ਗੁਣਾਂ ਕਰਦੇ ਹੋਏ, ਉਹ ਆਪਣੀਆਂ ਤਿਕੋਨੀਆਂ ਉਂਗਲਾਂ ਰੇਤ ਤੇ ਫੇਰਦੇ ਹਨ। ਬਸੰਤ ਰੁੱਤ ਨੇ, ਇਹਨਾਂ ਹਰਿਆਲੇ ਹੱਥਾਂ ਨੂੰ ਅਦੁੱਤੀ ਜਾਮਨੀ ਹੀਰਿਆਂ ਨਾਲ ਭਰ ਦਿੱਤਾ ਹੈ।

ਡੋਕਾਸ ਦਾ ਯੂਨਾਨੀ ਨਾਂ ਹੈ, ਆਈ ਜ਼ੋਆਸੀਆ 'ਆਈਸਾ ਨੇਹਾਰਾ' ਦੀ ਸ਼ਾਨ। ਇਹਨਾਂ ਬਹਾਰ ਦੇ ਪਿਛਲੇਰੇ ਦਿਨਾਂ ਵਿਚ ਇਹ ਆਈ ਜ਼ੋਆਸੀਆ ਫੁੱਲ ਹੀ ਹਨ, ਜਿਹੜੇ ਇਸ ਤੇ ਸਮੁੰਦਰ ਵਲੋਂ ਦੀ ਹੱਲਾ ਕਰਦੇ ਹਨ। ਸਮੁੰਦਰ ਦੀ ਹਰੀ ਗੁਫਾ ਦੀ ਉਤਪਤੀ ਵਾਂਗ ਉਸ ਰਸ ਵਾਂਗ ਜਿਹੜਾ ਜਾਮਨੀ ਰੰਗ ਦੇ ਝੁੰਡਾਂ ਵਿਚ 'ਨੈਪਟੀਊਨ' ਦੇਵਤੇ ਨੇ ਆਪਣੇ ਵਾਈਨ ਦੇ ਭੋਰੇ ਵਿਚ ਦੁਰਾਡੇ ਲੁਕਾ ਕੇ ਰੱਖੀ ਹੋਈ ਹੋਵੇ।

ਹੁਣੇ ਹੁਣੇ ਹੀ ਰੇਡੀਓ ਨੇ ਐਲਾਨ ਕੀਤਾ ਹੈ ਕਿ ਇਹ ਪ੍ਰਸਿੱਧ ਪੁਰਸਕਾਰ ਯੂਨਾਨੀ ਕਵੀ ਨੂੰ ਦਿੱਤਾ ਗਿਆ ਹੈ। ਪੱਤਰਕਾਰ ਵਾਪਸ ਪਰਤ ਗਏ ਹਨ। ਮੈਂ ਤੇ ਮਾਤਿਲਦੇ ਆਖਰ ਤੇ ਸ਼ਾਂਤੀ ਵਿਚ ਛੱਡ ਦਿੱਤੇ ਗਏ ਹਾਂ। ਅਸੀਂ ਪੁਰਾਣੇ ਗੇਟ ਵਾਲਾ ਵੱਡਾ ਜਿੰਦਰਾ ਆਰਾਮ ਨਾਲ ਲਾਹ ਲਿਆਉਂਦੇ ਹਾਂ ਤਾਂ ਕਿ ਪਹਿਲਾਂ ਵਾਂਗ ਕੋਈ ਵੀ ਬਿਨਾਂ ਆਵਾਜ਼ ਮਾਰੇ ਮੇਰੇ ਬੂਹੇ ਤੇ ਆ ਸਕੇ। ਬਹਾਰ ਵਾਂਗ।

ਸ਼ਾਮ ਨੂੰ ਸਵੀਡਨ ਦਾ ਸਫੀਰ ਤੇ ਉਸ ਦੀ ਪਤਨੀ ਸਾਡੇ ਪਾਸ ਆਉਂਦੇ ਹਨ। ਉਹ ਇਕ ਟੋਕਰੀ ਲਿਆਉਂਦੇ ਹਨ, ਜਿਹੜੀ ਬੋਤਲਾਂ ਤੇ ਹੋਰ ਸਵਾਦੀ ਖਾਣ ਦੀਆਂ ਚੀਜ਼ਾਂ ਨਾਲ ਭਰੀ ਪਈ ਹੈ। ਇਹ ਉਹਨਾਂ ਨੇ ਨੋਬਲ ਪੁਰਸਕਾਰ ਦਾ ਜਸ਼ਨ ਮਨਾਉਣ ਲਈ ਤਿਆਰ ਕੀਤੀ ਰੱਖੀ ਸੀ, ਜਿਸ ਪੁਰਸਕਾਰ ਦੇ ਮੈਨੂੰ ਮਿਲਣ ਦਾ ਉਹਨਾਂ ਨੂੰ ਪੂਰਾ ਯਕੀਨ ਸੀ। ਸਾਨੂੰ ਇਸ ਬਾਰੇ ਕੋਈ ਅਫਸੋਸ ਨਹੀਂ ਸੀ ਤੇ ਅਸੀ ਯੂਨਾਨੀ ਕਵੀ ਸੀਫੀਰਿਸ ਦੀ ਸਿਹਤ ਦਾ ਜਾਮ ਪੀਤਾ, ਜਿਸ ਨੇ ਇਹ ਪੁਰਸਕਾਰ ਜਿੱਤਿਆ ਸੀ। ਜਦੋਂ ਸਫੀਰ ਵਾਪਸ ਜਾਣ ਲੱਗਾ ਤਾਂ ਪਾਸੇ ਕਰਕੇ, ਮੈਨੂੰ ਕਹਿਣ ਲੱਗਾ, "ਮੈਨੂੰ ਪੱਕਾ ਯਕੀਨ ਹੈ ਕਿ ਪ੍ਰੈੱਸ ਵਾਲੇ ਮੇਰਾ ਇੰਟਰਵੀਊ ਲੈਣਗੇ, ਤੇ ਮੈਨੂੰ ਉਸ ਦੇ ਬਾਰੇ ਵਿਚ ਕੋਈ ਪਤਾ ਨਹੀਂ। ਕੀ ਤੁਸੀਂ ਮੈਨੂੰ ਦੱਸ ਸਕਦੇ ਹੋ ਕਿ ਸੀਫੀਰੀਸ ਕੌਣ ਹੈ ?"

"ਮੈਨੂੰ ਵੀ ਪਤਾ ਨਹੀਂ ਕਿ ਉਹ ਕੌਣ ਹੈ" ਮੈਂ ਪੂਰੀ ਈਮਾਨਦਾਰੀ ਨਾਲ ਜਵਾਬ ਦਿੱਤਾ। ਧਰਤੀ ਦੇ ਇਸ ਉਪ-ਗ੍ਰਹਿ ਤੇ ਹਰ ਲੇਖਕ ਕਿਸੇ ਨਾ ਕਿਸੇ ਸਮੇਂ ਨੋਬਲ ਪੁਰਸਕਾਰ ਲੈਣਾ ਚਾਹੁੰਦਾ ਹੈ। ਭਾਵੇਂ ਉਹ ਇਹ ਗੱਲ ਮੰਨੇ ਜਾਂ ਨਾ।

ਦੱਖਣੀ ਅਮਰੀਕਾ ਵਿਚ, ਵਿਸ਼ੇਸ਼ ਤੌਰ ਤੇ ਕਈ ਦੇਸ਼ਾਂ ਦੇ ਆਪਣੇ ਉਮੀਦਵਾਰ ਹੁੰਦੇ ਹਨ, ਉਹ

ਆਪਣੀਆਂ ਮਹਿਮਾ ਦੀ ਯੋਜਨਾਬੰਦੀ ਕਰਦੇ ਹਨ ਤੇ ਆਪਣੀ ਯੁੱਧ-ਨੀਤੀ ਘੜਦੇ ਹਨ। ਇਸ ਤਰ੍ਹਾਂ ਕਰਦਿਆਂ ਉਹਨਾਂ ਨੇ ਐਸੇ ਕਈ ਲੇਖਕਾਂ ਦੇ ਇਨਾਮ ਗਵਾ ਲਏ ਹਨ, ਜਿਹਨਾਂ ਨੂੰ ਇਹ ਮਿਲਣੇ ਚਾਹੀਦੇ ਸਨ। ਰੋਮੂਲੋ ਗੈਲੀਗੋਸ ਅਜੇਹਾ ਹੀ ਇਕ ਕੇਸ ਹੈ। ਉਸ ਦਾ ਕੰਮ ਬਹੁਤ ਜ਼ਿਆਦਾ ਤੇ ਗੌਰਵਸ਼ਾਲੀ ਹੈ। ਪਰ ਵੈਨਜ਼ੂਏਲਾ ਇਕ ਤੇਲ ਵਾਲਾ ਦੇਸ਼ ਹੈ, ਦੂਜੇ ਸ਼ਬਦਾਂ ਵਿਚ ਇਕ ਦੇਸ਼ ਜਿਸ ਕੋਲ ਪੈਸਾ ਹੈ, ਤੇ ਇਹ ਫੈਸਲਾ ਕੀਤਾ ਗਿਆ ਸੀ ਕਿ ਇਹ ਪੈਸਾ ਇਨਾਮ ਦੀ ਪ੍ਰਾਪਤੀ ਲਈ ਵਰਤਿਆ ਜਾਵੇ। ਸਵੀਡਨ ਵਿਚ ਇਕ ਸਫੀਰ ਨਿਯੁਕਤ ਕੀਤਾ ਗਿਆ। ਜਿਸ ਦਾ ਅੰਤਮ ਉਦੇਸ਼ ਗਾਲੀਗੋਸ ਨੂੰ ਇਹ ਸਨਮਾਨ ਦਿਵਾਉਣਾ ਸੀ। ਉਸ ਨੂੰ ਪ੍ਰੀਤੀ-ਭੋਜਨ ਕਰਨ ਦੀ ਖੁੱਲ੍ਹ ਸੀ। ਉਸ ਨੇ ਸਵੀਡਨ ਦੀ ਅਕਾਡਮੀ ਦੇ ਮੈਂਬਰਾਂ ਦੀਆਂ ਪੁਸਤਕਾਂ ਸਟਾਕਹੋਮ ਵਿਚ ਪ੍ਰਕਾਸ਼ਨ ਘਰਾਂ ਤੋਂ ਸਪੇਨੀ ਬੋਲੀ ਵਿਚ ਛਪਵਾਈਆਂ। ਇਹ ਸਾਰਾ ਕੁਝ ਇਹਨਾਂ ਸੰਵੇਦਨਸ਼ੀਲ ਤੇ ਸੰਕੋਚਵਾਨ ਬੰਦਿਆਂ ਨੂੰ ਲੋੜੋਂ ਕੁਝ ਵੱਧ ਪ੍ਰਤੀਤ ਹੋਇਆ ਹੋਵੇਗਾ। ਰੋਮੂਲੋ ਗੈਲੀਗੋਸ ਨੂੰ ਕਦੇ ਵੀ ਪਤਾ ਨਹੀਂ ਲੱਗਿਆ ਹੋਣਾ ਕਿ ਵੈਨਜ਼ੂ ਏਲੀ ਸਫੀਰ ਦੀਆਂ ਵੱਧ ਚੜ੍ਹ ਕੇ ਕੀਤੀਆਂ ਕੋਸ਼ਿਸ਼ਾਂ ਨੇ ਉਸ ਨੂੰ ਉਹ ਸਨਮਾਨ ਦਿਵਾਉਣ ਤੋਂ ਵਿਰਵਾ ਰੱਖਿਆ ਜਿਸ ਦਾ ਕਿ ਉਹ ਪੂਰੀ ਤਰ੍ਹਾਂ ਹੱਕਦਾਰ ਸੀ।

ਪੈਰਿਸ ਵਿਚ ਮੈਨੂੰ ਇਕ ਉਦਾਸੀ ਭਰੀ ਕਹਾਣੀ ਸੁਣਾਈ ਗਈ, ਜਿਸ ਵਿਚ ਹਾਸ ਰਸ ਤਿੱਖੀ ਤਰ੍ਹਾਂ ਮਿਲਾਇਆ ਹੋਇਆ ਸੀ। ਇਸ ਵਾਰੀ ਇਹ ਪਾਲ ਵਲੇਰੀ ਬਾਰੇ ਸੀ। ਉਸ ਦੇ ਨਾਂ ਦੀ ਫਰਾਂਸ ਵਿਚ ਚਰਚਾ ਸੀ। ਉਸ ਬਾਰੇ ਖਬਰਾਂ ਵੀ ਛਪੀਆਂ ਉਹ ਇਸ ਸਾਲ ਨੋਬਲ ਪੁਰਸਕਾਰ ਲਈ ਸਭ ਤੋਂ ਸ਼ਕਤੀਸ਼ਾਲੀ ਉਮੀਦਵਾਰ ਸੀ। ਪੱਕੀਆਂ ਠੱਕੀਆਂ ਖਬਰਾਂ ਦੇ ਪੈਦਾ ਕੀਤੇ ਮਾਨਸਿਕ ਖਿਚਾਅ ਨੂੰ ਘੱਟ ਕਰਨ ਲਈ, ਫੈਸਲੇ ਦੇ ਦਿਨ ਵੀ ਸਵੇਰ ਨੂੰ ਜਦ ਸਟਾਕ ਹੋਮ ਵਿਚ ਵਿਚਾਰ ਹੋਣੀ ਸੀ, ਵਲੇਰੀ ਆਪਣੇ ਪੇਂਡੂ ਘਰ ਤੋਂ ਸਵੱਖਤੇ ਹੀ ਨਿਕਲ ਤੁਰਿਆ। ਉਸ ਦੇ ਹੱਥ ਵਿਚ ਸੋਟੀ ਸੀ ਤੇ ਨਾਲ ਉਸ ਦਾ ਕੁੱਤਾ।

ਸੈਰ ਕਰਕੇ, ਉਹ ਦੁਪਹਿਰਾਂ ਨੂੰ ਲੰਚ ਵਾਸਤੇ ਘਰ ਪਰਤਿਆ। ਬੂਹਾ ਖੋਲ੍ਹਦੇ ਹੀ, ਉਸ ਨੇ ਆਪਣੇ ਸਕੱਤਰ ਨੂੰ ਪੁੱਛਿਆ "ਕੀ ਕੋਈ ਫੋਨ ਆਏ ਸਨ ?"

"ਹਾਂ ਸ੍ਰੀਮਾਨ ਜੀ। ਤੁਹਾਨੂੰ ਕੁਝ ਮਿੰਟ ਪਹਿਲਾਂ ਸਟਾਕ ਹੋਮ ਤੋਂ ਫੋਨ ਆਇਆ ਸੀ।"

"ਉਹਨਾਂ ਕੀ ਕਿਹਾ ਸੀ ?" ਸਪੱਸ਼ਟ ਉਤਸਕ ਹੁੰਦਿਆਂ ਉਸ ਪੁੱਛਿਆ।

ਇਹ ਇਕ ਸਵੀਡਨ ਦੀ ਪੱਤਰਕਾਰ ਔਰਤ ਵਲੋਂ ਸੀ, ਜੋ ਕਿ ਔਰਤਾਂ ਦੇ ਵੋਟ-ਅਧਿਕਾਰ ਬਾਰੇ ਤੁਹਾਡੀ ਰਾਇ ਲੈਣੀ ਚਾਹੁੰਦੀ ਸੀ।"

ਵਲੇਰੀ ਇਹ ਚੁਟਕਲਾ ਖੁਦ ਹੀ ਕੁਝ ਵਿਅੰਗ ਨਾਲ ਸੁਣਾਇਆ ਕਰਦਾ ਸੀ। ਸੱਚ ਤਾਂ ਇਹ ਹੈ ਕਿ ਇਹ ਬੇਐਬ ਮਹਾਨ ਕਵੀ ਨੂੰ ਇਹ ਪ੍ਰਸਿੱਧ ਸਨਮਾਨ ਕਦੇ ਵੀ ਨਾ ਮਿਲ ਸਕਿਆ।

ਜਿੱਥੋਂ ਤੀਕ ਮੇਰੀ ਗੱਲ ਹੈ, ਕੋਈ ਨਹੀਂ ਕਹਿ ਸਕਦਾ ਕਿ ਮੈਂ ਬਹੁਤ ਫਿਕਰਮੰਦ ਨਹੀਂ ਸੀ। ਚਿੱਲੀ ਵਾਸੀ ਵਿਦਵਾਨ ਦੀ ਗੈਬਰਿਲ ਮਿਸਤਰਾਲ ਬਾਰੇ ਲਿਖੀ ਪ੍ਰਸੰਸਾਮਈ ਪੁਸਤਕ ਵਿਚ ਮੈਂ ਉਹਨਾਂ ਚਿੱਠੀਆਂ ਬਾਰੇ ਪੜ੍ਹਿਆ ਸੀ। ਜਿਹੜੀਆਂ ਇਸ ਸੰਜਮੀ ਤੇ ਮੇਰੇ ਦੇਸ਼ ਦੀ ਵਾਸੀ ਔਰਤ ਨੇ ਕਈ ਪਾਸਿਆਂ ਨੂੰ ਭੇਜੀਆਂ ਸਨ। ਤੇ ਜਿਸ ਵਿਚ ਆਪਣੀ ਗੰਭੀਰਤਾ ਨਾਲ ਭਾਵੇਂ ਸਮਝੌਤਾ ਨਹੀਂ ਸੀ ਕੀਤਾ, ਪਰ ਪੁਰਸਕਾਰ ਲੈਣ ਦੇ ਆਪਣੇ ਮੌਕਿਆਂ ਨੂੰ ਬਿਹਤਰ ਬਣਾਉਣ ਦੀ ਕੁਦਰਤੀ ਤਾਂਘ ਨੂੰ ਹੀ ਪ੍ਰਗਟ ਕੀਤਾ ਸੀ। ਇਸ ਨਾਲ ਮੈਂ ਹੋਰ ਖਾਮੋਸ਼ ਹੋ ਗਿਆ। ਮੈਨੂੰ ਜਦੋਂ ਪਤਾ ਲੱਗਾ ਕਿ ਮੇਰਾ ਨਾਂ ਇਕ ਉਮੀਦਵਾਰ ਵਜੋਂ ਵਿਚਾਰਿਆ ਜਾ ਰਿਹਾ ਹੈ, ਮੈਨੂੰ ਯਾਦ ਨਹੀਂ ਰਿਹਾ ਕਿ ਕਿੰਨੀ ਵਾਰ ਇਹ ਨਾਂ ਲਿਆ ਗਿਆ। ਤਾਂ ਮੈਂ ਫੈਸਲਾ ਕਰ ਲਿਆ ਕਿ ਮੈਂ ਸਵੀਡਨ ਸੈਰ ਕਰਨ ਨਹੀਂ ਜਾਵਾਂਗਾ। ਸਵੀਡਨ ਮੈਨੂੰ ਜਵਾਨੀ ਵੇਲੇ ਤੋਂ ਹੀ ਖਿੱਚ ਪਾਉਂਦਾ ਰਿਹਾ ਹੈ। ਜਦੋਂ 'ਟੋਮਾਸ ਲੋਗੋ' ਤੇ ਮੈਂ ਸਮਾਜ ਦੇ ਛੇਕੇ ਹੋਏ ਤੇ ਸ਼ਰਾਬੀ ਪ੍ਰੋਟੈਸਟੈਂਟ ਵਜ਼ੀਰ ਜਿਸ ਦਾ ਨਾਂ ਗੋਸਟਾ ਬਰਸਿੰਗ ਸੀ, ਦੇ ਚੇਲੇ ਬਣ ਗਏ ਸੀ।

ਨਾਲ ਹੀ ਮੈਂ ਇਸ ਗੱਲ ਤੋਂ ਅੱਕ ਗਿਆ ਸੀ ਕਿ ਮੇਰਾ ਨਾਂ ਹਰ ਸਾਲ ਹੀ ਲਿਆ ਜਾਂਦਾ ਸੀ ਤੇ



ਗੱਲ ਕਿਸੇ ਪਾਸੇ ਨਹੀਂ ਸੀ ਲੱਗਦੀ। ਮੈਂ ਇਹ ਗੱਲ ਸੁਣ ਕੇ ਚਿੜਚਿੜਾ ਹੋ ਜਾਂਦਾ ਸੀ। ਜਿਵੇਂ ਕਿ ਇਹ ਘੋੜਿਆਂ ਦੀ ਦੌੜ ਹੋਵੇ। ਦੂਜੇ ਪਾਸੇ ਕੁਝ ਸਾਹਿਤਕ ਤੇ ਹਰ-ਮਨ-ਪਿਆਰੇ ਚਿੱਲੀ-ਲੇਖਕ ਸਵੀਡਿਸ਼ ਅਕਾਡਮੀ ਦੀ ਉਹਨਾਂ ਪ੍ਰਤੀ ਬੇਰੁਖੀ ਤੋਂ ਹੇਠੀ ਅਨੁਭਵ ਕਰਦੇ ਸਨ। ਇਹ ਅਵਸਥਾ ਖਤਰਨਾਕ ਹੱਦ ਤੀਕ ਹਾਸੋਹੀਣੀ ਸੀ।

ਅਖੀਰ ਜਿਵੇਂ ਹਰ ਇਕ ਨੂੰ ਪਤਾ ਹੈ ਮੈਨੂੰ ਨੋਬਲ ਪੁਰਸਕਾਰ ਦੇ ਦਿੱਤਾ ਗਿਆ। 1971 ਵਿਚ ਮੈਂ ਪੈਰਿਸ ਵਿਚ ਸੀ, ਜਿੱਥੇ ਮੈਂ ਚਿੱਲੀ ਦੇ ਸਫੀਰ ਵਜੋਂ ਆਪਣੀ ਪਦਵੀ ਪ੍ਰਾਪਤ ਕਰਨ ਲਈ ਆਇਆ ਹੀ ਸੀ, ਜਦ ਮੇਰਾ ਨਾਂ ਇਕ ਵਾਰ ਫੇਰ ਖਬਰਾਂ ਵਿਚ ਆਉਣ ਲੱਗ ਪਿਆ। 'ਮਾਤਿਲਦੇ' ਤੇ ਮੈਂ ਨੱਕ ਚੜ੍ਹਾਇਆ ਅਸੀਂ ਵਾਰਸ਼ਿਕ ਨਿਰਾਸਤਾ ਦੇ ਆਦੀ ਹੋ ਚੁੱਕੇ ਸੀ ਤੇ ਸਖਤ ਚਮੜੀ ਵਾਲੇ ਬਣ ਗਏ ਸੀ। ਉਸ ਸਾਲ ਦੀ ਅਕਤੂਬਰ ਦੀ ਇਕ ਰਾਤ ਨੂੰ ਸਫਾਰਤ ਖਾਨੇ ਦਾ ਕੌਂਸਲਰ ਤੇ ਲੇਖਕ, ਜਾਰਜ ਐਂਡ ਵਲਡਜ਼ ਮੇਰੇ ਘਰ ਦੇ ਖਾਣੇ ਵਾਲੇ ਕਮਰੇ ਵਿਚ ਆਇਆ। ਆਦਤ ਵਜੋਂ ਸੰਕੋਚਵਾਨ, ਉਸ ਨੇ ਮੇਰੇ ਨਾਲ ਬੜੀ ਸਾਦੀ ਜਹੀ ਸ਼ਰਤ ਲਾਈ, ਜੇ ਉਸ ਸਾਲ ਮੈਨੂੰ ਨੋਬਲ ਪੁਰਸਕਾਰ ਮਿਲ ਜਾਵੇ, ਤਾਂ ਮੈਂ ਉਸ ਨੂੰ ਤੇ ਉਸ ਦੀ ਪਤਨੀ ਨੂੰ ਪੈਰਿਸ ਦੇ ਸਭ ਤੋਂ ਵਧੀਆ ਰੈਸਟੋਰੈਂਟ ਵਿਚ ਰਾਤ ਦਾ ਖਾਣਾ ਖੁਆਵਾਂਗਾ, ਜੇ ਮੈਨੂੰ ਇਹ ਨਾ ਮਿਲਿਆ, ਤਾਂ ਉਹ ਮੈਨੂੰ ਤੇ ਮੇਰੀ ਪਤਨੀ ਮਾਤਿਲਦੇ ਨੂੰ ਖਾਣਾ ਖੁਆਵੇਗਾ।

'ਪ੍ਰਵਾਨ ਹੈ' ਮੈਂ ਕਿਹਾ। "ਅਸੀਂ ਤੇਰੇ ਖਰਚ ਤੇ ਵਧੀਆ ਭੋਜਨ ਖਾਵਾਂਗੇ। ਜਾਰਜ ਐਂਡ ਵਾਲਡਜ਼ ਦੀ ਖ਼ਤਰਨਾਕ ਸ਼ਰਤ ਦਾ ਕੁਝ ਹਿੱਸਾ ਅਗਲੇ ਦਿਨ ਤੋਂ ਨੰਗਾ ਹੋਣ ਲੱਗ ਪਿਆ। ਮੈਨੂੰ ਪਤਾ ਲੱਗਾ ਕਿ ਉਸ ਦੇ ਸਟਾਕ ਹੋਮ ਵਿਚਲੇ ਕਿਸੇ ਮਿੱਤਰ ਨੇ ਉਸ ਨੂੰ ਗੱਲ ਦੱਸੀ ਸੀ। ਇਕ ਲੇਖਕ ਤੇ ਪੱਤਰਕਾਰ ਹੋਣ ਦੇ ਨਾਤੇ ਉਸ ਨੇ ਦੱਸਿਆ ਸੀ ਕਿ ਇਸ ਵਾਰ ਪਾਬਲੋ ਨੇਰੂਦਾ ਨੂੰ ਨੋਬਲ ਪੁਰਸਕਾਰ ਮਿਲਣ ਦੀ ਹਰ ਸੰਭਾਵਨਾ ਸੀ।

ਦੂਰ-ਦੁਰਾਡੇ ਤੋਂ ਪੱਤਰਕਾਰ ਫੋਨ ਕਰਨ ਲੱਗੇ। ਮੈਕਸੀਕੋ ਦੇ ਬੁਆਨੋਸ ਏਅਰਜ਼ ਤੋਂ ਤੇ ਅਖੀਰ ਤੇ ਸਪੇਨ ਤੋਂ ਵੀ। ਉਹਨਾਂ ਪੱਕਾ ਸਿੱਟਾ ਕੱਢਿਆ ਹੋਇਆ ਸੀ। ਕੁਦਰਤੀ ਤੌਰ ਤੇ ਮੈਂ ਕੋਈ ਵੀ ਬਿਆਨ ਦੇਣ ਤੋਂ ਇਨਕਾਰ ਕਰ ਦਿੱਤਾ ਤੇ ਮੇਰੇ ਸ਼ੰਕੇ ਇਕ ਵਾਰ ਫਿਰ ਸਿਰ ਚੁੱਕਣ ਲੱਗੇ।

ਉਸ ਸ਼ਾਮ ਆਰਥਰ ਲੁੰਡ ਕਵਿਸਟ ਮੇਰਾ ਇੱਕ ਇਕ ਸਵੀਡਿਸ਼ ਮਿੱਤਰ, ਜੋ ਕਿ ਲੇਖਕ ਸੀ, ਮੈਨੂੰ ਮਿਲਣ ਆਇਆ। ਲੁੰਡ ਕਵਿਸਟ ਤਿੰਨ ਚਾਰ ਸਾਲ ਅਕਾਡਮੀ ਵਿਚ ਕੰਮ ਕਰ ਚੁੱਕਾ ਸੀ। ਉਹ ਸਵੀਡਨ ਤੋਂ ਫਰਾਂਸ ਦੇ ਦੱਖਣੀ ਭਾਗ ਦੀ ਸੈਰ ਲਈ ਆਇਆ ਹੋਇਆ ਸੀ। ਰਾਤ ਦੇ ਖਾਣੇ ਤੋਂ ਬਾਅਦ ਮੈਂ ਉਸ ਨੂੰ ਆਪਣੀ ਦੁਬਿਧਾ ਬਾਰੇ ਦੱਸਿਆ ਕਿ ਕਿਵੇਂ ਦੂਰ-ਦੁਰਾਡੇ ਪੱਤਰਕਾਰਾਂ ਦੇ ਪ੍ਰਸ਼ਨਾਂ ਦੇ ਮੈਨੂੰ ਉੱਤਰ ਦੇਣੇ ਪੈਂਦੇ ਹਨ, ਜਿਹੜੇ ਕਿ ਮੈਨੂੰ ਪਹਿਲਾਂ ਹੀ ਪੁਰਸਕਾਰ ਦੇ ਚੁੱਕੇ ਹਨ।

"ਆਰਤੁਰ, ਮੈਂ ਤੇਰੇ' ਕੋਲੋਂ ਇਕ ਲਾਭ ਲੈਣਾ ਚਾਹੁੰਦਾ ਹਾਂ" ਮੈਂ ਆਖਿਆ "ਜੇ ਇਹ ਖਬਰ ਸੱਚੀ ਹੈ ਮੈਂ ਸੱਚੀਂ ਹੀ ਅਖਬਾਰਾਂ ਵਿਚ ਆਉਣ ਤੋਂ ਪਹਿਲਾਂ ਇਸ ਬਾਰੇ ਜਾਨਣ ਲਈ ਉਤਸਕ ਹਾਂ। ਮੈਂ ਸਲਵਾਡੋਰ ਅਲੈਂਡੇ ਨੂੰ ਸਭ ਤੋਂ ਪਹਿਲਾਂ ਦੱਸਣਾ ਚਾਹੁੰਦਾ ਹਾਂ, ਜਿਸ ਨਾਲ ਰਲ ਕੇ ਮੈਂ ਕਈ ਲੜਾਈਆਂ ਲੜੀਆਂ ਹਨ। ਉਹ ਸਭ ਤੋਂ ਪਹਿਲਾਂ ਇਹ ਖ਼ਬਰ ਸੁਣ ਕੇ ਬੜਾ ਖੁਸ਼ ਹੋਵੇਗਾ।

ਲੁੰਡ ਕਵਿਸਟ, ਜੋ ਕਿ ਅਕਾਡਮੀ ਦਾ ਮੈਂਬਰ ਤੇ ਕਵੀ ਸੀ, ਮੇਰੇ ਵੱਲ ਸਵੀਡੈਂਸ ਅੱਖਾਂ ਨਾਲ ਬੜੀ ਗੰਭੀਰਤਾ ਨਾਲ ਝਾਕਿਆ "ਮੈਂ ਤੈਨੂੰ ਕੋਈ ਗੱਲ ਨਹੀਂ ਦੱਸ ਸਕਦਾ। ਜੇ ਇਸ ਬਾਰੇ ਕੋਈ ਗੱਲ ਹੋਈ ਤਾਂ ਸਵੀਡਨ ਦਾ ਬਾਦਸ਼ਾਹ ਤੈਨੂੰ ਤਾਰ ਰਾਹੀਂ ਦੱਸੇਗਾ, ਜਾਂ ਫਿਰ ਪੈਰਿਸ ਵਿਚਲਾ ਸਵੀਡਨ ਦਾ ਸਫੀਰ ਕੁਝ ਦੱਸੇਗਾ।"

ਇਹ ਅਕਤੂਬਰ ਦੀ ਉੱਨੀ ਜਾਂ ਵੀਹ ਤਾਰੀਖ ਸੀ। ਇੱਕੀ ਦੀ ਸਵੇਰ ਨੂੰ ਸਫਾਰਤ ਖਾਨੇ ਦੀ ਡਿਉੜੀ ਪੱਤਰਕਾਰਾਂ ਨਾਲ ਭਰੀ ਜਾਣ ਲੱਗੀ। ਸਵੀਡਨ, ਜਰਮਨੀ, ਫਰਾਂਸ ਤੇ ਲਾਤੀਨੀ ਅਮਰੀਕਾ ਦੀਆਂ ਟੀ.ਵੀ. ਟੋਲੀਆਂ ਮੇਰੀ ਚੁੱਪ ਤੇ ਬੜੀ ਬੇਸਬਰੀ ਵਿਖਾ ਰਹੀਆਂ ਸਨ, ਕਿਉਂਕਿ ਮੇਰੇ ਕੋਲ ਤਾਂ

ਕੋਈ ਸੂਚਨਾ ਹੀ ਨਹੀਂ ਸੀ। ਤੇ ਜਿਵੇਂ ਗਦਰ ਫੈਲਣ ਲੱਗਾ ਹੋਵੇ। ਸਾਢੇ ਗਿਆਰਾਂ ਵਜੇ ਸਵੀਡਨ ਦੇ ਸਫੀਰ ਨੇ ਮੈਨੂੰ ਬੁਲਾਇਆ ਤੇ ਕਿਹਾ ਕਿ ਕੀ ਮੈਂ ਉਹਨਾਂ ਦਾ ਸਵਾਗਤ ਕਰਾਂਗਾ ? ਪਰ ਉਸ ਨੇ ਇਹ ਨਾਂ ਦੱਸਿਆ ਕਿ ਕਾਹਦੇ ਲਈ। ਇਸ ਨਾਲ ਖਿਚਾਅ ਭੋਰਾ ਵੀ ਘੱਟ ਨਾ ਹੋਇਆ। ਕਿਉਂਕਿ ਇੰਟਰਵਿਊ ਦੋ ਘੰਟੇ ਬਾਅਦ ਹੋਣਾ ਸੀ। ਟੈਲੀਫੋਨ ਲਗਾਤਾਰ ਬੇਸਬਰੀ ਨਾਲ ਚੀਕਦਾ ਰਿਹਾ।

ਫਿਰ ਪੈਰਿਸ ਦੇ ਰੇਡੀਓ ਸਟੇਸ਼ਨਾਂ ਵਿਚੋਂ ਇਕ ਨੇ ਇਹ ਖਬਰ ਚਮਕਾ ਕੇ ਨਸ਼ਰ ਕੀਤੀ ਤੇ ਆਖਰੀ ਘੜੀ ਤੇ ਖ਼ਬਰ ਸੁਣਾਈ ਕਿ 1971 ਦਾ ਨੋਬਲ ਪੁਰਸਕਾਰ ਚਿੱਲੀ-ਕਵੀ ਪਾਬਲੋ ਨੇਰੂਦਾ ਨੂੰ ਦਿੱਤਾ ਗਿਆ ਹੈ। ਮੈਂ ਤੁਰੰਤ ਖਬਰਾਂ ਦੇ ਮੀਡੀਆ ਦੀ ਸ਼ੋਰੀਲੀ ਭੀੜ ਨੂੰ ਮਿਲਣ ਲਈ ਹੇਠਾਂ ਉਤਰਿਆ। ਖੁਸ਼ਕਿਸਮਤੀ ਨਾਲ ਉਸ ਘੜੀ ਮੇਰੇ ਪੁਰਾਣੇ ਮਿੱਤਰ ਜੀਨ ਮਰਸੀ ਨਾਰ ਤੇ ਅੰਰਾਗਾਨ ਆ ਪਹੁੰਚੇ। ਮਰਸੀਨਾਕ, ਵਧੀਆ ਕਵੀ ਤੇ ਫਰਾਂਸ ਵਿਚ ਮੇਰਾ ਭਰਾ ਖੁਸ਼ੀ ਵਿਚ ਉਛਲ ਪਿਆ। ਉਸ ਦੇ ਪੱਖ. ਅਰਾਗਾਨ ਨੂੰ ਮੇਰੇ ਨਾਲੋਂ ਵੀ ਵੱਧ ਖੁਸ਼ੀ ਹੋਈ ਪ੍ਰਤੀਤ ਹੁੰਦੀ ਸੀ। ਦੋਵਾਂ ਨੇ ਪੱਤਰਕਾਰਾਂ ਦੇ ਹਮਲਿਆ ਤੋਂ ਬਚਾਅ ਦੀ ਕਠਨ ਪ੍ਰੀਖਿਆ 'ਚੋਂ ਮੇਰੀ ਮਦਦ ਕੀਤੀ।

ਮੈਂ ਹਾਲੀ ਉਪਰੇਸ਼ਨ ਤੋਂ ਬਾਅਦ ਉੱਠ ਕੇ ਤੁਰਿਆ ਹੀ ਸੀ। ਕਮਜ਼ੋਰ ਤੇ ਤੁਰਦੇ ਹੋਏ ਡੋਲਦੇ ਨੂੰ, ਮੈਨੂੰ ਇਧਰ ਉਧਰ ਭੱਜਣ ਦੀ ਤਾਂਘ ਨਹੀਂ ਸੀ। ਉਸ ਸ਼ਾਮ ਮਿੱਤਰ ਮੇਰੇ ਘਰ ਰਾਤ ਦਾ ਖਾਣਾ ਖਾਣ ਪਧਾਰੇ। ਇਟਲੀ ਤੋਂ ਮਾਟਾ ਬਰਸੇਲੋਨਾ ਤੇ ਗਾਰਸ਼ੀਆ ਮਾਰਕਵੇਜ਼ ਸੀ ਕੁਵੀਰੋਸ ਮੈਕਸੀਕੋ ਤੋਂ, ਕਾਰਾਕਾਸ ਤੋਂ ਮੀ ਗੁ ਅਲ ਓਟੀਰੋ ਸਿਲਂਵਾ, ਪੈਰਿਸ ਤੋਂ ਅਰਤੂਰਾ ਕਮਾਚੋ ਰਾਮੀਰੇਜ਼, ਕਾਰ 21 ਜ਼ਾਰ, ਆਪਣੀ ਪਨਾਹਗਾਹ ਤੋਂ ਕਾਰਲੋਸ ਵਸਾਲੋ, ਚਿਲੀਅਨ ਲੇਖਕ ਜੋ ਰੋਮ ਤੋਂ ਮੇਰੇ ਨਾਲ ਸਟਾਕ ਹੋਮ ਤੀਕ ਗਿਆ ਸੀ।

ਤਾਰਾਂ ਦਾ ਏਡਾ ਤਾਂਤਾ ਲੱਗ ਗਿਆ ਕਿ ਮੈਂ ਅਜੇ ਤੀਕ ਵੀ ਉਹਨਾਂ ਸਾਰੀਆਂ ਨੂੰ ਪੜ੍ਹ ਜਾਂ ਉਹਨਾਂ ਦਾ ਉੱਤਰ ਨਹੀਂ ਦੇ ਸਕਿਆ। ਅਣਗਿਣਤ ਖਤਾਂ ਵਿਚੋਂ ਇਕ ਖ਼ਤ ਬੜਾ ਵਿਚਿੱਤਰ ਤੇ ਧਮਕੀ ਭਰਿਆ ਸੀ। ਇਹ ਹਾਲੈਂਡ ਤੋਂ ਇਕ ਕਾਲੇ ਤੇ ਤਗੜੇ ਵਿਅਕਤੀ ਨੇ ਲਿਖਿਆ ਸੀ। ਇਹ ਉਸ ਅਖਬਾਰੀ ਕਾਤਰ ਤੋਂ ਸਪੱਸ਼ਟ ਹੁੰਦਾ ਸੀ, ਜਿਹੜੀ ਕਿ ਉਸ ਨਾਲ ਭੇਜੀ ਸੀ। ਚਿੱਠੀ ਵਿਚ ਕੁਝ ਇੰਝ ਲਿਖਿਆ ਸੀ, "ਮੈਂ ਬ੍ਰਿਟਿਸ਼ ਕੋਲੰਬੀਆ ਦੇ ਜਾਰਜ ਟਾਊਨ ਦੀ ਸਾਮਰਾਜ ਵਿਰੋਧੀ ਲਹਿਰ ਦੀ ਪ੍ਰਤੀਨਿਧਤਾ ਕਰਦਾ ਹਾਂ। ਮੈਂ ਨੋਬਲ ਪੁਰਸਕਾਰ ਦੇ ਸਟਾਕ ਹੋਮ ਸਮਾਗਮ ਵਿਚ ਨੋਬਲ ਪੁਰਸਕਾਰ ਦੇਣ ਦੇ ਮੌਕੇ ਤੇ ਹਾਜ਼ਰ ਹੋਣ ਲਈ ਪਾਸ ਲੈਣ ਲਈ ਬੇਨਤੀ ਕੀਤੀ ਸੀ। ਮੈਨੂੰ ਸਵੀਡਿਸ਼ ਸਫਾਰਤਖਾਨੇ ਨੇ ਦੱਸਿਆ ਹੈ ਕਿ ਸ਼ਾਮ ਦੀ ਪੁਸ਼ਾਕ ਜ਼ਰੂਰੀ ਲੋੜ ਹੈ। ਇਸ ਮੌਕੇ ਤੇ ਇਹ ਅਤੀ ਆਵਸ਼ੱਕ ਹੈ। ਮੇਰੇ ਕੋਲ ਨਿਸ਼ਚਿਤ ਕੋਟ ਖਰੀਦਣ ਲਈ ਪੈਸੇ ਨਹੀਂ ਹਨ। ਤੇ ਨਾ ਹੀ ਮੈਂ ਕਿਰਾਏ ਤੇ ਕੋਟ ਲਵਾਂਗਾ। ਅਮਰੀਕਾ ਤੋਂ ਇਕ ਆਜ਼ਾਦ ਵਿਅਕਤੀ ਲਈ ਪੁਰਾਣੀ ਪੁਸ਼ਾਕ ਪਾਉਣੀ ਹੱਤਕ-ਭਰੀ ਗੱਲ ਹੈ। ਇਸ ਲਈ ਮੈਂ ਤੁਹਾਨੂੰ ਇਤਲਾਹ ਦੇ ਰਿਹਾ ਹਾਂ ਕਿ ਜੋ ਵੀ ਥੋੜ੍ਹੀ ਬਹੁਤੀ ਰਕਮ ਦਾ ਮੈਂ ਸਰਫਾ ਕਰ ਸਕਦਾ ਹਾਂ, ਉਸ ਨਾਲ ਮੈਂ ਇਸ ਰਸਮ ਦੇ ਸਾਮਰਾਜ-ਵਿਰੋਧੀ ਖਾਸੇ ਤੇ ਲੋਕ-ਵਿਰੋਧੀ ਸਰੂਪ ਦੇ ਖਿਲਾਫ ਰੋਸ ਪ੍ਰਗਟ ਕਰਨ ਮੈਂ ਸਟਾਕ ਹੋਮ ਦੀ ਯਾਤਰਾ ਕਰਾਂਗਾ ਤੇ ਇਕ ਰੋਸ ਵਜੋਂ ਪ੍ਰੈਸ ਕਾਨਫਰੰਸ ਕਰਾਂਗਾ। ਭਾਵੇਂ ਕਿ ਪੁਰਸਕਾਰ ਦੀ ਰਸਮ ਦੁਨੀਆਂ ਦੇ ਸਭ ਤੋਂ ਵੱਧ ਹਰਮਨ-ਪਿਆਰੇ ਕਵੀਆਂ 'ਚੋਂ ਇੱਕ ਤੇ ਸਭ ਤੋਂ ਵੱਧ ਸਾਮਰਾਜ ਵਿਰੋਧੀ ਲੇਖਕ ਦੇ ਮਾਣ ਵਿਚ ਹੀ ਕੀਤੀ ਜਾ ਰਹੀ ਹੈ।"

ਨਵੰਬਰ ਵਿਚ ਮੈਂ ਤੇ ਮਾਤਿਲਦੇ ਸਟਾਕ ਹੋਮ ਦੀ ਯਾਤਰਾ ਤੇ ਗਏ। ਸਾਨੂੰ ਗਰੈਂਡ ਹੋਟਲ ਦੇ ਸ਼ਾਨਦਾਰ ਕਮਰਿਆਂ ਵਿਚ ਥਾਂ ਦਿੱਤੀ ਗਈ, ਜਿਥੋਂ ਕਿ ਆਪਣੀਆਂ ਬਾਰੀਆਂ ਖੋਲ੍ਹ ਕੇ ਅਸੀਂ ਸੁੰਦਰ ਠੰਢਾ ਸ਼ਹਿਰ ਤੇ ਸ਼ਾਹੀ-ਮਹੱਲ ਵੇਖ ਸਕਦੇ ਸੀ। ਉਸੇ ਹੋਟਲ ਵਿਚ ਇਸ ਸਾਲ ਦੇ ਫਿਜ਼ਿਕਸ, ਕੈਮਿਸਟਰੀ ਤੇ ਮੈਡੀਸਨ ਦੇ ਇਨਾਮ-ਜੇਤੂ ਵੀ ਠਹਿਰੇ ਹੋਏ ਸਨ, ਜਿਹਨਾਂ ਵਿਚੋਂ ਕੁਝ ਬਹੁਤ ਸਪੱਸ਼ਟ ਤੇ ਵਧੀਆ-ਵਰਤਾਅ ਵਾਲੇ ਸਨ ਤੇ ਕੁਝ ਬਹੁਤ ਸਾਦੇ ਤੇ ਸਿੱਧੜ ਸੁਭਾਅ ਦੇ ਸਨ, ਜਿਵੇਂ ਕੋਈ ਮਕੈਨਿਕ ਹਣ,



ਜਿਨ੍ਹਾਂ ਨੂੰ ਕਿਸਮਤ ਨੇ ਉਨ੍ਹਾਂ ਦੀਆਂ ਵਰਕਸ਼ਾਪਾਂ ਤੋਂ ਫੜਕੇ ਲੈ ਆਂਦਾ ਹੋਵੇ। ਫਿਲੀਬਰੈਂਡ ਇਕ ਜਰਮਨ ਸੀ ਜੋ ਹੋਟਲ ਵਿਚ ਨਹੀਂ ਸੀ ਠਹਿਰਿਆ ਤੇ ਉਸ ਨੂੰ ਇਹ ਨੋਬਲ ਅਮਨ ਪੁਰਸਕਾਰ ਨਾਰਵੇ ਵਿਚ ਦਿੱਤਾ ਜਾਣਾ ਸੀ। ਇਹ ਬੜੀ ਤਰਸਯੋਗ ਗੱਲ ਸੀ ਕਿ ਕਿਉਂਕਿ ਇਨਾਮ ਜਿੱਤਣ ਵਾਲਿਆਂ ਵਿਚੋਂ, ਉਹ ਇੱਕ ਵਿਅਕਤੀ ਸੀ, ਜਿਸ ਨੂੰ ਮਿਲਣ ਤੇ ਉਸ ਨਾਲ ਗੱਲਾਂ ਕਰਨ ਵਿਚ ਮੈਨੂੰ ਸਭ ਤੋਂ ਵੱਧ ਦਿਲਚਸਪੀ ਸੀ। ਮੈਂ ਉਸ ਨੂੰ ਸਵਾਗਤ ਕਰਤਾ ਕੋਲ ਬਾਅਦ ਵਿਚ ਮਿਲਣ ਦਾ ਪ੍ਰਬੰਧ ਕੀਤਾ, ਜਿਥੇ ਕਿ ਸਾਡੇ ਵਿਚਕਾਰ ਸਦਾ ਹੀ ਤਿੰਨ ਜਾਂ ਚਾਰ ਬੰਦੇ ਬੈਠੇ ਹੁੰਦੇ ਸੀ।

ਸ਼ਾਨਦਾਰ ਸਮਾਗਮ ਲਈ ਸਾਡੀ ਰੀਹਰਸਲ ਦਾ ਸਮਾਗਮ ਵੀ ਹੋਣਾ ਸੀ ਤੇ ਸਵੀਡਿਸ਼ ਸ਼ਿਸ਼ਟਾਚਾਰ ਵਿਭਾਗ ਇਹ ਉਸੇ ਥਾਂ ਤੇ ਕਰਨੀ ਸੀ, ਜਿਥੇ ਅਸਲ ਸਮਾਰੋਹ ਹੋਣਾ ਸੀ। ਇਹ ਸੱਚ ਮੁੱਚ ਹਾਸੋਹੀਣੀ ਗੱਲ ਸੀ ਕਿ ਏਨੇ ਗੰਭੀਰ ਵਿਖਾਈ ਦੇਣ ਵਾਲੇ ਵਿਅਕਤੀਆਂ ਨੂੰ ਖਾਸ ਸਮੇਂ ਤੇ ਹੋਟਲ ਤੇ ਬਿਸਤਰਿਆਂ ਨੂੰ ਛੱਡ, ਇਕ ਖਾਲੀ ਪਈ ਇਮਾਰਤ ਵਿਚ ਠੀਕ ਸਮੇਂ ਤੇ ਜਾਣਾ ਪੈਣਾ ਸੀ। ਜਿਥੇ ਪਹੁੰਚਣ ਲਈ ਕਈ ਪੌੜੀਆਂ ਚੜ੍ਹਨੀਆਂ ਪੈਣੀਆਂ ਸਨ, ਤੇ ਇਕ ਪੈਰ ਵੀ ਉਖੜਨਾ ਨਹੀਂ ਸੀ ਚਾਹੀਦਾ। ਕਦੇ ਸੱਜੇ ਕਦੇ ਖੱਬੇ ਤੇ ਖਾਸ ਤਰੀਕੇ ਨਾਲ ਤੁਰਦੇ ਹੋਏ ਉਹਨਾਂ ਹੀ ਕੁਰਸੀਆਂ ਤੇ ਬੈਠਣਾ ਸੀ, ਜ਼ਿਥੇ ਕਿ ਰਸਮ

ਵਾਲੇ ਦਿਨ ਬੈਠਣਾ ਸੀ, ਟੈਲੀਵਿਜ਼ੀਅਨ ਕੈਮਰਿਆਂ ਦੇ ਸਾਹਮਣੇ ਬੈਠਿਆਂ ਇਕ ਵੱਡੇ ਖਾਲੀ ਹਾਲ ਵਿਚ ਜਿੱਥੇ ਕਿ ਬਾਦਸ਼ਾਹ ਤੇ ਸ਼ਾਹੀ ਪਰਿਵਾਰ ਦੀਆਂ ਸਤਿਕਾਰ-ਵਾਲੀਆਂ ਕੁਰਸੀਆਂ ਖਾਲੀ ਪਈਆਂ ਸਨ। ਇਹ ਸਭ ਕੁਝ ਅਜੀਬ ਲੱਗਦਾ ਸੀ, ਮੈਨੂੰ ਕਦੇ ਵੀ ਸਮਝ ਨਹੀਂ ਆਇਆ ਕਿ ਸਵੀਡਨ ਦੇ ਟੀ.ਵੀ. ਵਲੋਂ ਬਣਾਈ ਫਿਲਮ ਨਾਲ ਕਿਸੇ ਖ਼ਬਤ ਦੀ ਪੂਰਤੀ ਹੁੰਦੀ ਸੀ। ਜਿੱਥੇ ਕਿ ਉਸ ਫਿਲਮ ਲਈ ਇਹ ਭਿਆਨਕ ਅਦਾਕਾਰ ਬੈਠੇ ਸਨ।

ਪੁਰਸਕਾਰ ਦਿੱਤੇ ਜਾਣ ਦਾ ਦਿਨ ਆਰੰਭ ਸੇਂਟ ਲੂਸੀਆਂ ਰੌਣਕਾਂ ਨਾਲ ਹੋਇਆ। ਹੋਟਲ ਦੇ ਬਰਾਂਡੇ ਵਿਚ ਮਿਠੀਆਂ ਆਵਾਜ਼ਾਂ ਦੇ ਉਚਾਰਨ ਨਾਲ ਮੈਂ ਨੀਂਦ 'ਚੋਂ ਜਾਗਿਆ। ਫਿਰ ਗੋਰੀਆਂ ਕੰਵਾਰੀਆਂ ਸਕੈਂਡੇਨੇਵੀਅਨ ਸੁੰਦਰੀਆਂ, ਫੁੱਲਾਂ ਨਾਲ ਸਜਾਈਆਂ ਤੇ ਜਿਹਨਾਂ ਦੇ ਚਿਹਰੇ ਜਲਦੀਆਂ ਮੋਮਬੱਤੀਆਂ ਨਾਲ ਜਗਮਗਾ ਰਹੇ ਸਨ। ਮੇਰੇ ਕਮਰੇ ਵਿਚ ਆ ਵੜੀਆਂ। ਉਹਨਾਂ ਮੇਰੇ ਲਈ ਛਾਹ ਵੇਲਾ ਤੇ ਨਾਲ ਹੀ ਸਮੁੰਦਰ ਦੀ ਸੁੰਦਰ ਤੇ ਵੱਡੀ ਪੇਂਟਿੰਗ ਦਾ ਤੁਹਫਾ ਵੀ ਲਿਆਂਦੇ।

ਥੋੜ੍ਹਾ ਚਿਰ ਬਾਅਦ ਕੋਈ ਐਸੀ ਘਟਨਾ ਵਾਪਰੀ ਜਿਸ ਨੇ ਸਟਾਕ ਹੋਮ ਦੀ ਪੁਲਸ ਨੂੰ ਹਰਕਤ ਵਿਚ ਲੈ ਆਂਦਾ। ਮੇਰੇ ਲਈ ਇਕ ਚਿੱਠੀ ਹੋਟਲ ਦੇ ਸੁਆਗਤ-ਕਰਤਾ ਦਫਤਰ ਵਿਚ ਲਿਆ ਕੇ ਦਿੱਤੀ ਗਈ। ਇਸ ਤੇ ਬ੍ਰਿਟਿਸ਼ ਗਿਆਨਾ ਦੇ ਜੰਗਲੀ ਸਾਮਰਾਜ ਵਿਰੋਧੀ ਦੇ ਦਸਤਖਤ ਸਨ। ਇਸ ਵਿਚ ਲਿਖਿਆ ਸੀ। "ਮੈਂ ਹੁਣੇ ਹੀ ਸਟਾਕ ਹੋਮ ਵਿਚ ਪਹੁੰਚਿਆ ਹਾਂ।" ਪ੍ਰੈਸ ਕਾਨਫਰੰਸ ਸੱਦਣ ਦਾ ਉਸ ਦਾ ਯਤਨ ਸਫਲ ਨਹੀਂ ਸੀ ਹੋਇਆ। ਪਰ ਕ੍ਰਾਂਤੀਕਾਰੀ ਕਾਰਜ ਦਾ ਹਾਮੀ ਹੋਣ ਕਾਰਨ ਉਹ ਕੁਝ ਕਦਮ ਚੁੱਕ ਰਿਹਾ ਸੀ। ਇਹ ਤੇ ਸੰਭਵ ਨਹੀਂ ਸੀ ਕਿ ਅਪਮਾਨਿਤ ਤੇ ਲਿਤਾੜੇ ਲੋਕਾਂ ਦਾ ਕਵੀ ਪਾਬਲੋ ਨੇਰੂਦਾ ਨੋਬਲ ਪੁਰਸਕਾਰ ਦੁਮਾਲਾ ਪਹਿਨ ਕੇ ਪ੍ਰਾਪਤ ਕਰੇਗਾ। ਸਿੱਟੇ ਵਜੋਂ ਉਹ ਹਰੀਆਂ ਕੈਂਚੀਆਂ ਦਾ ਇਕ ਜੋੜਾ ਲੈ ਕੇ ਆਇਆ ਸੀ, ਜਿਹੜੀਆਂ ਉਹ ਦੁਮਾਲਿਆ ਨੂੰ ਕੱਟਣ ਤੇ ਹੋਰ ਬੰਧਨ ਕੱਟਣ ਲਈ ਵਰਤੇਗਾ "... ਇਸ ਲਈ ਮੈਂ ਆਪਣੀ ਡੀਊਟੀ ਨਿਭਾਵਾਂਗਾ। ਤੇ ਤੁਹਾਨੂੰ ਚਿਤਾਵਨੀ ਦਿੰਦਾ ਹਾਂ। ਜਦੋਂ ਹਾਲ ਦੇ ਪਿਛਲੇ ਪਾਸੇ ਤੁਸੀਂ ਇਕ ਕਾਲੇ ਆਦਮੀ ਨੂੰ ਉਠਕੇ ਖਲੋਂਦਿਆਂ ਵੇਖੋ, ਜਿਸ ਦੇ ਹੱਥ ਵਿਚ ਵੱਡੀਆਂ ਕੈਂਚੀਆਂ ਦਾ ਜੋੜਾ ਹੋਵੇਗਾ, ਤੁਸੀਂ ਅਨੁਮਾਨ ਲਾ ਲਵੋਗੇ ਕੀ ਵਾਪਰਨ ਵਾਲਾ ਹੈ।"

ਮੈਂ ਇਹ ਅਜੀਬ ਚਿੱਠੀ ਉਸ ਨੌਜਵਾਨ ਰਾਜਦੂਤ ਨੂੰ ਫੜਾ ਦਿੱਤੀ, ਜਿਹੜੀ ਕਿ ਸਵੀਡਿਸ਼ ਸ਼ਿਸ਼ਟਾਚਾਰ ਵਜੋਂ ਮੇਰੇ ਨਾਲ ਲਾਇਆ ਗਿਆ ਸੀ ਤੇ ਜਿਹੜਾ ਮੇਰੇ ਨਾਲ ਨਾਲ ਹੀ ਤੁਰਦਾ ਫਿਰਦਾ ਸੀ। ਮੁਸਕਰਾਉਂਦੇ ਹੋਏ ਮੈਂ ਕਿਹਾ, ਮੈਨੂੰ ਪੈਰਸ ਵਿਚ ਏਸੇ ਹੀ ਝੱਲੇ ਦਾ ਇਕ ਹੋਰ ਖਤ ਮਿਲਿਆ ਸੀ, ਤੇ ਮੇਰਾ ਨਹੀਂ ਖਿਆਲ ਕਿ ਸਾਨੂੰ ਇਸ ਦੀ ਕੋਈ ਚਿੰਤਾ ਕਰਨੀ ਚਾਹੀਦੀ ਹੈ। ਪਰ ਨੌਜਵਾਨ ਸਵੀਡਨਵਾਸੀ

ਮੇਰੇ ਨਾਲ ਸਹਿਮਤ ਨਾ ਹੋਇਆ "ਸਭ ਅਸਹਿਮਤ ਵਿਅਕਤੀਆਂ ਦੇ ਏਥੇ ਹੋਣ ਕਾਰਨ ਕਝ ਵੀ ਵਾਪਰ ਸਕਦਾ ਹੈ। ਮੇਰਾ ਫਰਜ਼ ਹੈ ਕਿ ਮੈਂ ਸਟਾਕ ਹੋਮ ਦੀ ਪੁਲਸ ਨੂੰ ਇਤਲਾਹ ਦੇਵਾਂ।" ਤੇ ਉਹ ਕਾਹਲੀ ਨਾਲ ਉਸ ਫਰਜ਼ ਦੀ ਪੂਰਤੀ ਲਈ ਦੌੜ ਗਿਆ, ਜੋ ਉਸ ਦੇ ਜ਼ੁੰਮੇ ਸੀ।

ਮੈਂ ਦੱਸ ਦਿਆਂ ਕਿ ਮੇਰੇ ਨਾਲ ਸਟਾਕ ਹੋਮ ਜਾਣ ਵਾਲਿਆਂ 'ਚੋਂ ਮੀ ਗੁਇਲ ਓਟੀਰੋ ਸਿਲਵਾ ਵੀ ਸੀ, ਜੋ ਇੱਕ ਪ੍ਰਸਿੱਧ ਨਾਵਲਕਾਰ ਤੇ ਵਧੀਆ ਕਵੀ ਸੀ। ਉਹ ਸਿਰਫ ਅਮਰੀਕੀ ਆਤਮਾ ਦਾ ਸੰਪੂਰਨ ਪ੍ਰਤੀਨਿਧ ਹੀ ਨਹੀਂ, ਸਗੋਂ ਇਕ ਲਾਸਾਨੀ ਮਿੱਤਰ ਵੀ ਹੈ, ਰਸਮ ਵਿਚ ਕੁਝ ਘੰਟੇ ਹੀ ਰਹਿ ਗਏ ਸਨ। ਦੁਪਹਿਰ ਦੇ ਭੋਜਨ ਸਮੇਂ ਮੈਂ ਦੱਸਿਆ ਕਿ ਸਵੀਡਨ ਸਰਕਾਰ ਨੇ ਰੋਸ ਦੀ ਚਿੱਠੀ ਵਾਲੀ ਘਟਨਾ ਨੂੰ ਕਾਫੀ ਗੰਭੀਰਤਾ ਨਾਲ ਲਿਆ ਹੈ।

ਉਤੀਰੋ ਸਿਲਵਾ, ਜੋ ਸਾਡੇ ਨਾਲ ਹੀ ਲੰਚ ਖਾ ਰਿਹਾ ਸੀ, ਨੇ ਮੱਥੇ ਤੇ ਹੱਥ ਮਾਰਦਿਆਂ ਕਿਹਾ, "ਕਿਉਂ। ਉਹ ਖ਼ਤ ਤੇ ਮੈਂ ਆਪਣੇ ਹੱਥੀਂ ਲਿਖਿਆ ਸੀ। ਪਾਬਲੋ ਮੈਂ ਤਾਂ ਐਵੇਂ ਤੇਰੀਆਂ ਲੱਤਾਂ ਖਿੱਚ ਰਿਹਾ ਸੀ। ਹੁਣ ਤੁਸੀਂ ਕੀ ਕਰ ਲਵੋਂਗੇ। ਪੁਲਸ ਉਸ ਚਿੱਠੀ ਲੇਖਕ ਨੂੰ ਲੱਭ ਰਹੀ ਹੈ, ਜਿਸ ਦੀ ਹੋਂਦ ਹੀ ਨਹੀਂ।

"ਤੈਨੂੰ ਜੇਲ੍ਹ ਜਾਣਾ ਪਵੇਗਾ, ਕਮਲੇ ਕੈਰੇਬੀਅਨ ਦੇ ਮਖੌਲ ਬਦੇਲੇ "ਮੈਂ ਉਸ ਨੂੰ ਕਿਹਾ।" ਜਾਰਜ ਟਾਊਨ ਦੇ ਵਿਅਕਤੀ ਦੀ ਥਾਂ ਸਜ਼ਾ ਤੈਨੂੰ ਮਿਲੇਗੀ।"

ਉਸੇ ਸਮੇਂ ਹੀ ਮੇਰਾ ਸਵੀਡਿਸ਼ ਸਹਾਇਕ ਜੋ ਅਧਿਕਾਰੀਆਂ ਨੂੰ ਚੌਕਿਸ ਕਰਨ ਗਿਆ ਸੀ, ਵਾਪਸ ਮੁੜਿਆ ਤੇ ਸਾਡੇ ਨਾਲ ਮੇਜ਼ ਤੇ ਆ ਸ਼ਾਮਿਲ ਹੋਇਆ। ਮੈਂ ਉਸ ਨੂੰ ਜੋ ਵਾਪਰਿਆ ਸੀ, ਦੱਸ ਦਿੱਤਾ। "ਇਹ ਐਵੇਂ ਮਖੌਲ ਹੀ ਸੀ। ਇਸ ਦਾ ਲੇਖਕ ਹੁਣੇ ਹੀ ਸਾਡੇ ਨਾਲ ਭੋਜਨ ਖਾਣ ਵਾਲਾ ਹੈ।"

ਉਹ ਫੇਰ ਭੱਜ ਉਠਿਆ। ਪੁਲੀਸ ਪਹਿਲਾਂ ਹੀ ਸਟਾਕ ਹੋਮ ਦੇ ਸਾਰੇ ਹੋਟਲਾਂ ਵਿਚ ਜਾਰਜ ਟਾਊਨ ਦੇ ਕਾਲੇ ਵਿਅਕਤੀ ਦੀ ਭਾਲ ਵਿਚ ਸਰਗਰਮ ਹੋ ਚੁੱਕੀ ਸੀ। ਤੇ ਉਹਨਾਂ ਆਪਣੀ ਚੌਕਸੀ ਵਿਚ ਢਿੱਲ ਨਾ ਵਿਖਾਈ। ਜਦੋਂ ਅਸੀਂ ਪੁਰਸਕਾਰ ਰਸਮ ਲਈ ਤੁਰੇ ਤੇ ਉਥੇ ਰਸਮ ਤੋਂ ਬਾਅਦ ਵਾਪਸ ਮੁੜੇ ਤਾਂ 'ਮਾਤਿਲਦੇ' ਅਤੇ ਮੈਂ ਵੇਖਿਆ ਕਿ ਸਾਧਾਰਨ ਦਰਬਾਨਾਂ ਦੀ ਥਾਂ ਪੰਜ ਤਗੜੇ ਨੌਜਵਾਨ ਸਾਥੀ ਸਾਡੀ ਸੁਰੱਖਿਆ ਲਈ ਭੱਜੇ ਆਉਂਦੇ, ਜਿਹੜੇ ਠੋਸ, ਪੀਲੇ ਰੰਗ ਦੇ ਵਾਲਾਂ ਵਾਲੇ ਤੇ ਕੈਂਚੀ ਤੋਂ ਬਚਾ ਕਰਨ ਵਾਲੇ ਬਾਡੀ-ਗਾਰਡ ਸਨ।

ਨੋਬਲ ਪੁਰਸਕਾਰ ਦੀ ਰਸਮ, ਅਨੁਸਾਸ਼ਨ-ਬੱਧ, ਸ਼ਾਂਤ ਸਰੋਤਿਆਂ ਦਾ ਇਕੱਠ ਸੀ, ਜਿਹੜਾ ਢੁੱਕਵੇਂ ਸਮੇਂ ਤੇ ਤਾੜੀਆਂ ਮਾਰਦਾ ਸੀ। ਬੁੱਢੇ ਬਾਦਸ਼ਾਹ ਨੇ ਸਾਡੇ ਸਭਨਾਂ ਨਾਲ ਹੱਥ ਮਿਲਾਏ, ਪ੍ਰਮਾਣ-ਪੱਤਰ, ਤਗਮਾਂ ਤੇ ਚੈੱਕ ਪ੍ਰਦਾਨ ਕੀਤੇ ਤੇ ਵਾਪਸ ਮੁੜ ਕੇ ਸਟੇਜ ਤੇ ਆਪਣੀਆਂ ਕੁਰਸੀਆਂ ਤੇ ਆ ਬੈਠੇ, ਜਿਹੜੀਆਂ ਅੱਜ ਰੀਹਰਸਲ ਵਾਲੇ ਦਿਨ ਵਰਗੀਆਂ ਨਿਖਿੱਧ ਨਹੀਂ ਸਨ, ਸਗੋਂ ਫੁੱਲਾਂ ਨਾਲ ਸੱਜੀਆਂ ਹੋਈਆਂ ਸਨ। ਉਹਨਾਂ ਦੱਸਿਆ, (ਜਾਂ ਸ਼ਾਇਦ ਮਾਤਿਲਦੇ ਨੂੰ ਪ੍ਰਭਾਵਤ ਕਰਨ ਲਈ ਕਿਹਾ) ਕਿ ਬਾਦਸ਼ਾਹ ਨੇ ਦੂਸਰੇ ਇਨਾਮ-ਜੇਤੂਆਂ ਦੇ ਟਾਕਰੇ ਤੇ ਮੇਰੇ ਨਾਲ ਵੱਧ ਸਮਾਂ ਬਤੀਤ ਕੀਤਾ ਅਤੇ ਮੇਰੇ ਹੱਥ ਨੂੰ ਦੇਰ ਤੀਕ ਘੁੱਟਿਆ ਤੇ ਇੰਝ ਪ੍ਰਗਟ ਤੌਰ ਤੇ ਮਿਤਰਤਾ-ਭਰਿਆ ਵਿਹਾਰ ਕੀਤਾ। ਸ਼ਾਇਦ ਇਹ ਰਾਜ ਮਹੱਲਾਂ ਵੱਲੋਂ ਢਾਡੀਆਂ ਪ੍ਰਤੀ ਪੁਰਾਣੀ ਨੇੜਤਾ ਦੀ ਯਾਦ ਤਾਜ਼ਾ ਕਰਾਉਣ ਵਰਗੀ ਗੱਲ ਸੀ। ਕਿਸੇ ਵੀ ਹਾਲਤ ਵਿਚ ਕਿਸੇ ਵੀ ਹੋਰ ਬਾਦਸ਼ਾਹ ਨੇ ਥੋੜ੍ਹੇ ਜਾਂ ਬਹੁਤੇ ਸਮੇਂ ਲਈ ਕਦੇ ਮੇਰੇ ਨਾਲ ਹੱਥ ਨਹੀਂ ਮਿਲਾਇਆ ਸੀ।

ਨਿਰਸੰਦੇਹ ਇਹ ਰਸਮ ਪੂਰੇ ਸਰਕਾਰੀ ਅਨੁਸਾਸ਼ਨ ਅਨੁਸਾਰ ਢੁਕਵੀ ਸੰਜੀਦਗੀ ਸਹਿਤ ਸਿਰ ਚਾੜ੍ਹੀ ਗਈ ਸੀ। ਸ਼ਾਇਦ ਅਜਿਹੇ ਅਵਸਰਾਂ ਦੀ ਸੰਜੀਦਗੀ ਦੀ ਸੰਸਾਰ ਵਿਚ ਹਮੇਸ਼ਾਂ ਲੋੜ ਰਹੇਗੀ। ਮਨੁੱਖੀ ਜੀਵਾਂ ਨੂੰ ਇਸ ਦੀ ਜ਼ਰੂਰਤ ਪ੍ਰਤੀਤ ਹੁੰਦੀ ਹੈ। ਪਰ ਮੈਂ ਸਨਮਾਨਿਤ ਜੇਤੂਆਂ ਦੀ ਪ੍ਰਦਰਸ਼ਨੀ ਤੇ ਛੋਟੇ ਪੇਂਡੂ ਸਕੂਲਾਂ ਵਿਚ ਇਨਾਮ ਵੰਡਣ ਦੀ ਰਸਮ ਵਿਚ ਮਨਮੋਹਨ ਸਮਾਨਤਾ ਪ੍ਰਤੀਤ ਕੀਤੀ।

●



ਵਿਚਾਰ-ਚਰਚਾ

# ਪੰਜਾਬੀ ਮਾਂ ਬੋਲੀ, ਸਭਿਆਚਾਰ ਤੇ ਨਵੇਂ ਆਰਥਿਕ ਪਰਿਪੇਖ

*—ਅਮਨ ਪਾਲ ਸਾਰਾ*

ਆਪਣਾ ਪੇਟ ਭਰਨ ਦਾ ਆਕਾਰ ਤੇ ਆਪਣੀ ਨਸਲ ਦਾ ਪ੍ਰਜਣਨ ਕਰਨਾ ਕੁਦਰਤ ਦੇ ਹਰ ਜੀਵ ਦੀਆਂ ਮੂਲ ਪ੍ਰਵਿਰਤੀਆਂ ਵਿੱਚੋਂ ਪ੍ਰਮੁੱਖ ਹਨ। ਮਨੁੱਖ ਵੀ ਕੁਦਰਤ ਦੇ ਇਸ ਅਦਭੁਤ ਵਰਤਾਰੇ ਵਿੱਚ ਬਾਕੀ ਜੀਵਾਂ ਵਾਂਗ ਇਹਨਾਂ ਹੀ ਮੂਲ ਪ੍ਰਵਿਰਤੀਆਂ ਨੂੰ ਸੰਤੁਸ਼ਟ ਕਰਨ ਲਈ ਭਰਪੂਰ ਯਤਨ ਕਰਦਾ ਹੈ। ਸਗੋਂ ਇਹ ਕਹਿਣਾ ਅਤਿ-ਕਥਨੀ ਨਹੀਂ ਹੋਵੇਗਾ ਕਿ ਮਨੁੱਖ ਸ੍ਰਿਸ਼ਟੀ ਦੇ ਸਭ ਜੀਵਾਂ ਤੋਂ ਵੱਧ ਆਪਣੀਆਂ ਇਨ੍ਹਾਂ ਹੀ ਮੂਲ ਪ੍ਰਵਿਰਤੀਆਂ ਦੀ ਪੂਰਤੀ ਲਈ ਯਤਨਸ਼ੀਲ ਰਹਿੰਦਾ ਹੈ। ਸ਼ਾਇਦ ਇਸੇ ਕਾਰਨ ਹੀ ਮਨੁੱਖ ਨੇ ਭਾਸ਼ਾ ਦਾ ਆਵਿਸ਼ਕਾਰ ਕੀਤਾ ਹੈ।

ਭਾਸ਼ਾ ਦੀ ਵਰਤੋਂ ਤਾਂ ਉਂਝ ਹੋਰ ਜੀਵ ਵੀ ਆਪਣੀਆਂ ਮੂਲ-ਪ੍ਰਵਿਰਤੀਆਂ ਦੀ ਪੂਰਤੀ ਲਈ ਕਰਦੇ ਹਨ ਤਾਂ ਕਿ ਉਨ੍ਹਾਂ ਦੀ ਉੱਤਰਜੀਵਤਾ (Survival ) ਬਣੀ ਰਹੇ ਕਿੰਤੂ ਉਨ੍ਹਾਂ ਦੀ ਭਾਸ਼ਾ ਆਮ ਤੌਰ ਤੇ ਸਰੀਰਕ ਸੰਕੇਤਾਂ (Body Language) ਤੋਂ ਲੈਂ ਕੇ ਕੁਝ ਇਕ ਸਾਧਾਰਨ ਆਵਾਜ਼ਾਂ ਦੇ ਉਚਾਰਣ ਤੱਕ ਸੀਮਤ ਰਹਿੰਦੀ ਹੈ। ਜਿਵੇਂ ਕਿ ਇੱਕ ਕੁਕੜੀ ਚੁਗਣ ਵਾਸਤੇ ਦਾਣੇ ਲੱਭਣ ਤੇ 'ਕੁੱਕ' 'ਕੁੱਕ' 'ਕੁੱਕ' ਕਰਕੇ ਆਪਣੇ ਚੂਚਿਆਂ ਨੂੰ ਆਪਣੇ ਕੋਲ ਸੱਦ ਲੈਂਦੀ ਹੈ ਜਾਂ ਬਿੱਲੀ ਆਦਿ ਦਿਖਾਈ ਦੇ ਜਾਣ ਤੇ ਕੁੱਕੜ 'ਕੌਂ' 'ਕੌਂ' 'ਕੌਂ' ਕਰਕੇ ਖਤਰੇ ਦੀ ਸੂਚਨਾ ਦਾ ਇਜ਼ਹਾਰ ਕਰਦਾ ਹੈ। ਜਾਂ ਫਿਰ ਸੰਯੋਜਨ (Mating) ਵੇਲੇ ਇਕ ਖਾਸ ਕਿਸਮ ਦੀ ਸਰੀਰਕ ਹਰਕਤ ਕੁੱਕੜ ਦੇ ਮਨੋਭਾਵਾਂ ਦੀ ਬਿਆਨੀ ਕਰਦੀਆਂ ਹਨ। ਇਸੇ ਤਰ੍ਹਾਂ ਹੋਰਨਾਂ ਜੀਵਾਂ ਦੀ ਉਦਾਹਰਣ ਦਿੱਤੀ ਜਾ ਸਕਦੀ ਹੈ ਕਿ ਉਹ ਕਿਵੇਂ ਕੁੱਝ ਕੁ ਸੰਕੇਤਾਂ ਜਾਂ ਸਰੀਰਕ ਹਰਕਤਾਂ ਆਦਿ ਨਾਲ ਆਪਣੇ ਮਨੋਭਾਵਾਂ ਨੂੰ ਆਪਣੀ ਨਸਲ ਦੇ ਹੋਰਨਾਂ ਮੈਂਬਰਾਂ ਤੱਕ ਪ੍ਰਸ਼ਾਰਿਤ ਕਰਦੇ ਹਨ। ਇਹੋਂ ਉਨ੍ਹਾਂ ਦੀ ਭਾਸ਼ਾ ਕਹੀ ਜਾ ਸਕਦੀ ਹੈ ਜੋ ਪੀੜ੍ਹੀ ਦਰ ਪੀੜ੍ਹੀ ਉਹ ਇੱਕ ਦੂਜੇ ਨੂੰ ਵਿਰਾਸਤ ਵਿੱਚ ਦਿੰਦੇ ਆ ਰਹੇ ਹਨ।

ਮਨੁੱਖ ਇਸ ਸੰਚਾਰ ਕਿਰਿਆ ਵਿੱਚ ਬਾਕੀ ਜੀਵਾਂ ਨੂੰ ਸ਼ਾਇਦ ਬਹੁਤ ਪਿੱਛੇ ਛੱਡ ਗਿਆ ਹੈ ਕਿਉਂਕਿ ਉਸਨੇ ਆਪਣੇ ਮਨੋਭਾਵਾਂ ਦੇ ਪ੍ਰਸਾਰਨ ਲਈ ਸਰੀਰਕ ਸੰਕੇਤਾਂ ਤੋਂ ਇਲਾਵਾ ਬੋਲੀ ਜਾਣ ਤੇ ਫਿਰ ਲਿਖੀ ਤੇ ਪੜ੍ਹੀ ਜਾਣ ਵਾਲੀ ਭਾਸ਼ਾ (ਅਨੇਕਾਂ ਭਾਸ਼ਾਵਾਂ) ਦਾ ਇੱਕ ਅਤਿ ਜਟਿਲ ਸਿਸਟਮ ਈਜਾਦ ਕਰ ਲਿਆ ਹੈ। ਭਾਸ਼ਾ ਦੇ ਇਸ ਜਟਿਲ ਸਿਸਟਮ ਦਾ ਸਦਕਾ ਹੀ ਉਸਨੇ ਨਾ ਸਿਰਫ ਆਪ ਤੋਂ ਵੱਡੇ ਤੇ ਖਤਰਨਾਕ ਜੀਵਾਂ ਉਪਰ ਕਾਬੂ ਪਾਉਣਾ ਸਿੱਖ ਲਿਆ ਬਲਕਿ ਅੱਜ ਉਹ ਧਰਤੀ ਤੋਂ ਹਜ਼ਾਰਾਂ ਲੱਖਾਂ ਮੀਲਾਂ ਦੂਰ ਹੋਰਨਾਂ ਗ੍ਰਹਿਆਂ ਉਪਰ ਵੀ ਆਪਣੀ ਸਰਦਾਰੀ ਜਮਾਉਣ ਲਈ ਕਰਮਕੱਸ ਕਰ ਰਿਹਾ ਹੈ।

ਆਪਣੀਆਂ ਮੂਲ ਪ੍ਰਵਿਰਤੀਆਂ ਦੀ ਪੂਰਤੀ ਦੇ ਸੰਕਲਪ ਵਿੱਚੋਂ ਹੀ ਪਦਾਰਥਿਕ ਖੁਸ਼ਹਾਲੀ ਦੀ ਦੌੜ ਤੇ ਤਰ੍ਹਾਂ ਤਰ੍ਹਾਂ ਦੀਆਂ ਕਾਮ ਕ੍ਰੀੜਾਵਾਂ ਤੇ ਹੋਰ ਸਬੰਧਿਤ ਵਰਤਾਰਿਆਂ ਦਾ ਜਨਮ ਹੋਇਆ ਹੈ। ਇੱਕ ਸਧਾਰਨ ਨਜ਼ਰੇ ਹੀ ਇਨ੍ਹਾਂ ਦੋਹਾਂ ਦਾ ਪ੍ਰਸਪਰ ਸਬੰਧ ਤੇ ਇਨ੍ਹਾਂ ਖੇਤਰਾਂ ਵਿੱਚ ਆਦਿ ਕਾਲ ਤੋਂ ਹੁਣ ਤਕ ਹੈਰਾਨਕੁੰਨ ਪ੍ਰਾਪਤੀਆਂ ਕਰ ਸਕਣ ਦੀ ਉਤਕ੍ਰਿਸ਼ਟਾ (Superiority) ਅਤੇ ਸਾਧਨਾਂ ਦੀ ਉਪਲਭਦੀ ਦੇ ਯੋਗਦਾਨ ਦਾ ਸਹਿਜੇ ਅਹਿਸਾਸ ਹੋ ਜਾਂਦਾ ਹੈ।

ਪ੍ਰਦਾਰਥਿਕ ਖੁਸ਼ਹਾਲੀ ਦੀ ਦੌੜ ਵਿੱਚ ਇੱਥੋਂ ਤੱਕ ਅੱਗੇ ਵੱਧ ਗਿਆ ਹੈ ਕਿ ਦੂਸਰੇ ਮਨੁੱਖਾਂ ਦਾ ਕਿਸੇ ਕਿਸਮ ਦਾ ਵੀ ਮਸ਼ਣ ਕਰਨ ਤੋਂ ਪ੍ਰਹੇਜ਼ ਨਹੀਂ ਕਰਦਾ ਜਾਪਦਾ। ਏਥੇ ਹੀ ਬੱਸ ਨਹੀਂ, ਆਪਣੇ ਦਿਮਾਗ ਵਿਚਲੀਆਂ ਸੂਖ਼ਮ ਜਟਿਲਤਾਵਾਂ ਸਦਕਾ ਮਨੁੱਖ ਆਪਣੇ ਦੁਆਰਾ ਕੀਤੇ ਜਾ ਰਹੇ ਹਰ ਕਿਸਮ ਦੇ ਅਨਿਆਂ ਨੂੰ ਜਾਇਜ਼ ਠਹਿਰਾਉਣ ਦੇ ਸਮਰੱਥ ਹੋ ਗਿਆ ਜਾਪਦਾ ਹੈ। ਇਸੇ ਪ੍ਰਕਿਰਿਆ ਵਿੱਚੋਂ ਹੀ

ਇਤਹਾਸ ਵਿੱਚ ਪੂੰਜੀਵਾਦ, ਸਮਾਜਵਾਦ, ਉਦਯੋਗਿਕ ਕ੍ਰਾਂਤੀ, ਅਧੁਨਿਕਤਾਵਾਦ, ਉਤਰਅਧੁਨਿਕਤਾਵਾਦ, ਤਰ੍ਹਾਂ ਤਰ੍ਹਾਂ ਦੀਆਂ ਹੋਰ ਲਹਿਰਾਂ ਅਤੇ ਮਨੁੱਖੀ ਵਿਕਾਸ ਦੇ ਪੜਾਵਾ ਤੇ ਸਭਿਆਚਾਰਾਂ ਨੂੰ ਜਨਮ ਦਿੱਤਾ ਹੈ। ਗੱਲ ਕੀ ਅੱਜ ਅਸੀਂ ਜੋ ਕੁਝ ਵੀ ਆਪਣੇ ਆਲੇ ਦਵਾਲੇ ਵਾਪਰਦਾ ਦੇਖਦੇ ਹਾਂ ਉਸ ਵਿੱਚ ਭਾਸ਼ਾ ਦੀ ਪ੍ਰਮੁੱਖਤਾ ਦਾ ਸਥਾਨ ਸਾਫ਼ ਨਜ਼ਰ ਆਉਂਦਾ ਹੈ। ਇਸ ਭਾਸ਼ਾ ਦੇ ਮਾਧਿਅਮ ਰਾਹੀਂ ਹੀ ਮਨੁੱਖ ਦੀਆਂ ਪਹਿਲੀਆਂ ਪੀੜ੍ਹੀਆਂ ਵਲੋਂ ਘਾਲਣਾਵਾਂ ਘਾਲ ਕੇ ਪ੍ਰਾਪਤ ਕੀਤਾ ਗਿਆ ਗਿਆਨ ਉਸਦੀਆਂ ਅਗਾਂਹ ਦੀਆਂ ਨਸਲਾਂ ਤੱਕ ਪਹੁੰਚਦਾ ਹੈ ਤੇ ਉਸ ਪ੍ਰਾਪਤ ਹੋਏ ਗਿਆਨ ਦੇ ਆਧਾਰ ਤੇ ਹੀ ਇਹ ਪੀੜ੍ਹੀਆਂ ਅਗਾਂਹ ਹੋਰ ਖੋਜਾਂ ਖੋਜਦੀਆਂ ਤੇ ਭਾਂਤ ਭਾਂਤ ਦੀਆਂ ਪ੍ਰਾਪਤੀਆ ਕਰਦੀਆਂ ਹਨ। ਭਾਸ਼ਾ ਦੇ ਹੋਂਦ ਵਿੱਚ ਆਉਣ ਸਦਕਾ ਇਹ ਸਿਲਸਿਲਾ ਨਿਰੰਤਰ ਜਾਰੀ ਰਹਿੰਦਾ ਹੈ।

ਭਾਸ਼ਾ ਦਾ ਮਨੁੱਖੀ ਜੀਵਨ ਵਿੱਚ ਅਜਿਹਾ ਮਹੱਤਵਪੂਰਨ ਸਥਾਨ ਹੋਣ ਕਾਰਨ ਅਜੋਕੇ ਵਰਤਾਰਿਆਂ ਨੂੰ ਸਮਝ ਸਕਣ ਲਈ ਮਨੁੱਖ ਵੱਲੋਂ ਈਜਾਦ ਕੀਤੇ ਗਏ ਇਸ ਭਾਸ਼ਾ ਨਾਮੀ ਜੁੱਟ ਤੇ ਜਟਿਲ ਸਿਸਟਮ ਨੂੰ ਸਮਝ ਸਕਣਾ ਤੇ ਮਨੁੱਖੀ ਸਮਾਜਾਂ ਦੀਆਂ ਵੱਖ ਵੱਖ ਇਕਾਈਆਂ ਦੇ ਸਭਿਆਚਾਰਾਂ ਉਪਰ ਪੈਂਦੇ ਇਸ ਦੇ ਸਿੱਧੇ ਜਾਂ ਅਸਿੱਧੇ ਪ੍ਰਭਾਵਾਂ ਨੂੰ ਜਾਣ ਸਕਣਾ ਬਹੁਤ ਜ਼ਰੂਰੀ ਹੈ। ਸ੍ਰਿਸ਼ਟੀ ਅਤੇ ਮਨੁੱਖ ਦੀ ਉਤਪਤੀ ਅਤੇ ਉਸਦੇ ਸਭਿਆਚਾਰਕ ਵਿਕਾਸ ਬਾਰੇ ਖੋਜ ਵਿਗਿਆਨੀਆਂ ਤੇ ਧਾਰਮਿਕ ਕਟੜ ਪੰਥੀਆਂ ਦੇ ਵਿਚਾਰਾਂ ਵਿੱਚ ਭਾਵੇਂ ਜ਼ਮੀਨ ਅਸਮਾਨ ਦਾ ਅੰਤਰ ਹੈ ਕਿੰਤੂ ਮਨੁੱਖੀ ਜੀਵਨ ਵਿੱਚ ਭਾਸ਼ਾ ਦੀ ਮਹੱਤਤਾ ਤੋਂ ਕੱਟੜ ਪੰਥੀ ਵੀ ਇਨਕਾਰੀ ਨਹੀਂ ਹਨ। ਯਹੂਦੀਆਂ ਦੀ ਬਾਈਬਲ ਅਨੁਸਾਰ ਬਾਬਾ ਆਦਮ ਵੱਲੋਂ ਰੱਬ ਦੀ ਦੇਖ ਰੇਖ ਅਧੀਨ ਸ੍ਰਿਸ਼ਟੀ ਦੀ ਸਿਰਜਣਾ ਵੇਲੇ ਇਸ ਦੇ ਹਰ ਜੀਵ ਦਾ ਨਾਮਕਰਣ ਦਾ ਬਿਰਤਾਂਤ ਇਉਂ ਕਰਜਾ ਹੈ-

"ਸੋ ਮਿੱਟੀ ਦੇ ਜ਼ੋਰਿਆਂ ਵਿੱਚੋਂ ਰੱਬ ਨੇ ਧਰਤੀ ਉਪਰਲੇ ਹਰ ਜੀਵ ਦੀ ਤੇ ਹਵਾ ਵਿਚਲੇ ਹਰ ਪੰਛੀ ਦੀ ਸਿਰਜਣਾ ਕੀਤੀ ਅਤੇ ਉਹਨਾਂ ਨੂੰ ਇਨਸਾਨ ਦੇ ਸਾਹਮਣੇ ਲਿਆ ਖੜਾ ਕੀਤਾ ਕਿ ਉਹ ਉਹਨਾਂ ਦਾ ਕੋਈ ਨਾ ਕੋਈ ਨਾਮ ਰੱਖੇ। ਇਨਸਾਨ ਨੇ ਉਹਨਾਂ ਜੀਵਾਂ ਨੂੰ ਜੋ ਵੀ ਪੁਕਾਰਿਆ ਉਹੀ ਉਹਨਾਂ ਦਾ ਨਾਮ ਰੱਖਿਆ ਗਿਆ।" (GEN 2.19)

ਇਸੇ ਤਰ੍ਹਾਂ ਨੌਰਸ ਮਿਥੋਲਜੀ ਅਨੁਸਾਰ ਰੱਬ ਨੇ ਹੀ ਮਨੁੱਖ ਲਈ ਭਾਸ਼ਾ ਦੀ ਰਚਨਾ ਕੀਤੀ। ਪੁਰਾਤਨ ਭਾਰਤੀ ਮਿਥੋਲਜੀ ਅਨੁਸਾਰ ਇੰਦਰ ਦੇਵਤਾ ਨੇ ਮਨੁੱਖ ਲਈ ਭਾਸ਼ਾ ਦਾ ਆਵਿਸ਼ਕਾਰ ਕੀਤਾ। ਯੂਨਾਨੀ ਦਾਰਸ਼ਨਿਕ ਅਰਸਤੂ ਨੇ ਬੋਲੀ ਨੂੰ ਮਨੁੱਖੀ ਮਨ ਦੇ ਤਜ਼ੁਰਬਿਆਂ ਦਾ ਪ੍ਰਤੀਨਿੱਧ ਕਿਹਾ ਹੈ। ਮੁੱਕਦੀ ਗੱਲ ਕਿ ਭਾਸ਼ਾ ਹੀ ਅਸਲ ਵਿੱਚ ਮਨੁੱਖ ਨੂੰ ਮਨੁੱਖ ਬਣਾਉਂਦੀ ਹੈ। ਮਨੁੱਖ ਕਿਉਂਕਿ ਇੱਕ ਸਮਾਜਿਕ ਜੀਵ ਹੈ ਤੇ ਹਰ ਸਮਾਜ ਆਪਣਾ ਇੱਕ ਵਿਸ਼ੇਸ਼ ਸਭਿਆਚਾਰ ਸਿਰਜਦਾ ਹੈ। ਇਸ ਲਈ ਭਾਸ਼ਾ ਤੇ ਸਭਿਆਚਾਰ ਦਾ ਵੀ ਨਹੁੰ ਮਾਸ ਵਾਲਾ ਰਿਸ਼ਤਾ ਬਣ ਜਾਂਦਾ ਹੈ।

ਡਾ ਗੁਰਬਖਸ਼ ਸਿੰਘ ਫਰੈਂਕ ਅਨੁਸਾਰ, "ਜਦੋਂ ਤੋਂ ਮਨੁੱਖ ਨੇ ਵੱਖਰੀ ਸ਼ਨਾਖਤ ਪੈਦਾ ਕੀਤੀ ਹੈ, ਭਾਸ਼ਾ ਉਸਦੇ ਨਾਲ ਰਹੀ ਹੈ ਤੇ ਉਸਦੀ ਸ਼ਨਾਖ਼ਤ ਦਾ ਅਨਿੱਖੜ ਹਿੱਸਾ ਬਣੀ ਰਹੀ ਹੈ। ਇਸੇ ਤਰ੍ਹਾਂ ਜਨ-ਸਮੂਹ ਦੇ ਇਤਹਾਸ ਵਿੱਚ ਜੋ ਕੁੱਝ ਵਾਪਰਦਾ ਹੈ, ਉਸਦਾ ਪ੍ਰਤਿਬਿੰਬ ਉਸਦੀ ਭਾਸ਼ਾ ਵਿੱਚੋਂ ਲੱਭਿਆ ਜਾ ਸਕਦਾ ਹੈ। ਇਸੇ ਲਈ ਭਾਸ਼ਾ ਨੂੰ ਸਬੰਧਿਤ ਸਭਿਆਚਾਰ ਦਾ ਮੁਹਾਫਜ਼ਖਾਨਾ ਕਿਹਾ ਜਾਂਦਾ ਹੈ। ਪ੍ਰਕਿਰਤੀ ਤੇ ਸਮਾਜ ਵਿੱਚ ਲਗਾਤਾਰ ਹੋ ਰਹੀਆਂ ਤਬਦੀਲੀਆਂ ਦੇ ਫਲਸਰੂਪ ਸਭਿਆਚਾਰ ਵਿੱਚ ਪ੍ਰੀਵਰਤਨ ਆਉਂਦਾ ਹੈ। ਸਭਿਆਚਾਰ ਦੇ ਕਿਸੇ ਵੀ ਪਦਾਰਥਕ, ਪ੍ਰਤਿਮਾਨਿਕ ਅਤੇ ਬੌਧਿਕ ਖੇਤਰ ਵਿੱਚ ਸ਼ਾਮਲ ਹੋਇਆ ਨਵਾਂ ਅੰਸ਼ ਉਚਿਤ ਵਰਨਣ, ਵਿਆਖਿਆ ਤੇ ਪ੍ਰਗਟਾਅ ਲਈ ਭਾਸ਼ਾ ਉਪਰ ਦਬਾਅ ਪਾਉਂਦਾ ਹੈ। ਇਸ ਸਥਿਤੀ ਨਾਲ ਨਿਪਟਣ ਲਈ ਜੇਕਰ ਭਾਸ਼ਾ ਦੇ ਆਪਣੇ ਵਸੀਲੇ ਕਾਫੀ ਨਾ ਹੋਣ ਤਾਂ ਇਹ ਆਸ ਪਾਸ ਦੀਆਂ ਭਾਸ਼ਾਵਾਂ ਤੋਂ ਸ਼ਬਦ ਲੈ ਕੇ ਉਸ ਸ਼ਬਦ ਨੂੰ ਆਪਣੀ ਪ੍ਰਕਿਰਤੀ ਅਨੁਸਾਰ ਢਾਲ ਲੈਂਦੀ ਹੈ। ........ ਭਾਸ਼ਾ ਉਹ ਕੁਝ ਵਰਨਣ ਕਰਦੀ ਹੈ ਜੋ ਕੁਝ ਉਸ ਦੇ ਸਭਿਆਚਾਰਕ ਖੇਤਰ ਵਿੱਚ ਮਿਲਦਾ



ਹੈ। ਸਭਿਆਚਾਰਕ ਤਬਦੀਲੀ ਭਾਸ਼ਾਈ ਤਬਦੀਲੀ ਦਾ ਉਤੇਜਕ ਬਣਦੀ ਹੈ। ਖੜ੍ਹੋਤ ਦਾ ਸ਼ਿਕਾਰ ਹੋਏ ਸਭਿਆਚਾਰਾਂ ਦੀ ਭਾਸ਼ਾ ਵਿੱਚ ਵੀ ਖੜ੍ਹੋਤ ਆ ਜਾਂਦੀ ਹੈ। ਜਦੋਂ ਕੋਈ ਸਭਿਆਚਾਰ ਖਤਮ ਹੋ ਜਾਂਦਾ ਹੈ ਤਾਂ ਨਾਲ ਹੀ ਉਸਦੀ ਭਾਸ਼ਾ ਵੀ ਖ਼ਤਮ ਹੋ ਜਾਂਦੀ ਹੈ। ਪੁਰਾਣੇ ਖਤਮ ਹੋਏ ਸਭਿਆਚਾਰਾਂ ਦੇ ਪਦਾਰਥਕ ਅੰਸ਼ ਤਾਂ ਮਿਲ ਜਾਂਦੇ ਹਨ ਪਰ ਉਹਨਾਂ ਦੀਆਂ ਮਿਲਦੀਆਂ ਉਕਰਾਈਆਂ ਦੇ ਅਰਥ ਉਠਾਲਣੇ ਕਈ ਵਾਰੀ ਅਸੰਭਵ ਹੋ ਜਾਂਦੇ ਹਨ।"

ਹੁਣ ਜ਼ਰਾ ਇਨਸਾਨ ਦੇ ਜਨਮ ਤੋਂ ਲੈ ਕੇ ਭਾਸ਼ਾ ਦਾ ਗੁਣ ਗ੍ਰਹਿਣ ਕਰਨ ਦੀ ਪ੍ਰਣਾਲੀ ਉਪਰ ਨਜ਼ਰ ਮਾਰੀਏ ਤਾਂ ਇੱਕ ਤੱਥ ਸਹਿਜੇ ਹੀ ਨਿਸਚਿਤ ਹੋ ਜਾਂਦਾ ਹੈ ਕਿ ਬੱਚਾ ਜਨਮ ਤੋਂ ਬਾਅਦ ਸੱਭ ਤੋਂ ਪਹਿਲਾਂ ਆਪਣੀ ਮਾਂ ਨਾਲ ਹੀ ਸੰਵਾਦ ਰਚਾਉਂਦਾ ਹੈ, ਭਾਵੇ ਉਹ ਸੰਕੇਤਕ ਭਾਸ਼ਾ, ਰੋਣਾ-ਹੱਸਣਾ। ਜਾਂ ਮਾਂ ਦੀ ਛਾਤੀ ਨਾਲ ਚਿੰਬੜਨਾ ਆਦਿ ਹੋਵੇ ਤੇ ਜਾਂ ਬਾਲ ਅਵਸਥਾ ਦੇ ਮੁਢਲੇ ਸਾਲਾਂ ਦੌਰਾਨ ਮਾਂ ਤੋਂ ਸੁਣ ਸੁਣ ਕੁਝ ਧੁਨੀਆਂ, ਸ਼ਬਦ ਜਾਂ ਪੂਰੀ ਗੱਲ ਕਹਿ ਸਕਣ ਦੀ ਪ੍ਰਕਿਰਿਆ ਹੋਵੇ। ਇਸੇ ਲਈ ਇਨਸਾਨ ਦੇ ਜੀਵਨ ਦੇ ਮੁਢਲੇ ਸਮੇਂ ਦੌਰਾਨ ਸਿੱਖੀ ਇਸ ਸੰਵਾਦ ਰਚਾਉਣ ਦੀ ਪ੍ਰਕਿਰਿਆ ਨੂੰ ਮਾਂ ਬੋਲੀ ਕਹਿੰਦੇ ਹਨ।

ਉਂਞ ਤਾਂ ਜਿਵੇਂ ਵਿਗਿਆਨ ਨੇ ਸਿੱਧ ਕਰ ਦਿੱਤਾ ਹੈ ਕਿ ਇਨਸਾਨ ਦੀ ਪੈਦਾਇਸ਼ ਪਿੱਛੇ ਉਸਦੀ ਮਾਂ ਅਤੇ ਬਾਪ ਦੋਨਾਂ ਦਾ ਇੱਕੋ ਜਿਹਾ ਹੱਥ ਹੁੰਦਾ ਹੈ (ਅੰਡੇ ਤੇ ਸ਼ੁਕਰਾਣੂ ਦਾ ਸੰਯੋਗ)। ਮਾਂ ਕਿਉਂਕਿ ਬੱਚੇ ਨੂੰ ਜਨਮ ਦੇਣ ਤੋਂ ਇਲਾਵਾ ਉਸਦੀ ਸਭ ਤੋਂ ਪਹਿਲੀ ਅਧਿਆਪਕ ਵੀ ਹੁੰਦੀ ਹੈ, ਇਸੇ ਲਈ ਇਨਸਾਨ ਦੀ ਜ਼ਿੰਦਗੀ ਵਿੱਚ ਉਸਦੀ ਮਾਂ ਦਾ ਦਰਜਾ ਉਸਦੇ ਬਾਪ ਤੋਂ ਪਹਿਲਾਂ ਗਿਣਿਆ ਜਾਂਦਾ ਹੈ। ਜਿਸ ਤਰ੍ਹਾਂ ਜੰਗਲੀ ਜੀਵਾਂ ਵਿੱਚੋਂ ਮਾਸ ਖਾਣ ਵਾਲੇ ਜੀਵਾਂ ਦੀ ਮਾਦਾ ਆਪਣੇ ਬੱਚਿਆਂ ਨੂੰ ਸ਼ਿਕਾਰ ਮਾਰਨਾ ਵੀ ਸਿਖਾਲਦੀ ਹੈ ਤੇ ਮਾਰੇ ਹੋਏ ਸ਼ਿਕਾਰ ਨੂੰ ਚੀਰ ਫਾੜ ਕੇ ਖਾਣ ਦਾ ਵੱਲ ਵੀ ਸਿਖਾਉਂਦੀ ਹੈ। ਇਸੇ ਤਰ੍ਹਾਂ ਇਨਸਾਨੀ ਜ਼ਿੰਦਗੀ ਦੌਰਾਨ ਬਚਪਨ ਵਿੱਚ ਆਮ ਤੌਰ ਤੇ ਮਾਂ ਹੀ ਮੂੰਹ ਵਿਚ ਬੁਰਕੀ ਪਾਉਣ ਤੋਂ ਇਲਾਵਾ ਸੋਚ ਕਿਰਿਆ ਉਪਰੰਤ ਸਫਾਈ ਤੋਂ ਲੈ ਕੇ ਪਜਾਮੇ ਦਾ ਨਾਲਾ ਬੰਨ੍ਹਣ ਵਰਗੀਆਂ ਅਨੇਕਾਂ ਛੋਟੀਆਂ ਤੇ ਵੱਡੀਆਂ ਗੱਲਾਂ ਮਾਂ ਹੀ ਬੱਚੇ ਨੂੰ ਸਿਖਾਉਂਦੀ ਹੈ। ਅਕਸਰ ਮਾਂ ਦੀ ਬੋਲ ਚਾਲ ਜਾਂ ਹੋਰ ਕੰਮ ਕਰਨ ਦਾ ਢੰਗ ਸਾਰੀ ਉਮਰ ਹੀ ਇਨਸਾਨ ਦੀ ਸਖਸ਼ੀਅਤ ਵਿੱਚੋਂ ਝਲਕਦਾ ਰਹਿੰਦਾ ਹੈ। ਇਹਨਾਂ ਸਤਰਾਂ ਦੇ ਲੇਖਕ ਨੇ ਵੀ ਪਤਾ ਨਹੀਂ ਕਦੋਂ ਤੇ ਕਿੱਥੇ ਆਪਣੀ ਮਾਂ ਤੋਂ ਕੁਝ ਅਜਿਹੀਆਂ ਗੱਲਾਂ ਸੁਣ ਲਈਆਂ ਜਿਨ੍ਹਾਂ ਦੀ ਮਹੱਤਤਾ ਦਾ ਅੰਦਾਜ਼ਾ ਅਗਾਂਹ ਜਾ ਕੇ ਹੀ ਹੋਇਆ। ਉਦਾਹਰਣ ਵਜੋਂ, "ਚੰਦ ਉਪਰ ਥੁੱਕਿਆ ਮੂੰਹ ਉਪਰ ਹੀ ਪੈਂਦਾ, "ਦੁਨੀਆਂ ਖੂਹ ਦੀ ਆਵਾਜ਼ ਹੈ, ਜਿਹੋ ਜਿਹਾ ਬੋਲੋਗੇ ਤਿਹੋ ਜਿਹਾ ਹੀ ਸੁਣੋਗੇ, " ਜਾਂ ਫਿਰ "ਜਿਹੜਾ ਚਾਹੇ ਆਪ ਨੂੰ, ਚਾਹੀਏ ਉਹਦੇ ਬਾਪ ਨੂੰ," ਵਰਗੀਆਂ ਮਾਂ ਕੋਲੋ ਸੁਣੀਆਂ ਸਧਾਰਨ ਜਿਹੀਆਂ ਕਹਾਵਤਾਂ ਪਿੱਛੇ ਲੁਕੇ ਸੱਚ ਨੇ ਦੁਨੀਆਂ ਵਿੱਚ ਕਈ ਜਗਹ ਤੇ ਕਈ ਵਾਰੀ ਮੇਰਾ ਮਾਰਗ ਦਰਸ਼ਨ ਕੀਤਾ ਹੈ।

ਐਨਸਾਈਕਲੋਪੀਡੀਆ ਬ੍ਰਿਟੈਨਿਕਾ ਮੁਤਾਬਕ ਇਨਸਾਨ ਦੀ ਆਪਣੀ ਮੁਢਲੀ ਭਾਸ਼ਾ ਅਰਥਾਤ ਮਾਂ ਬੋਲੀ ਸਿੱਖਣ ਦੀ ਕਿਰਿਆ ਉਸਦੇ ਆਮ ਵਧਣ ਫੁੱਲਣ ਦੌਰਾਨ ਵਰਤਦੇ ਬਾਕੀ ਵਰਤਾਰਿਆਂ ਵਾਂਗ ਹੀ ਇੱਕ ਵਰਤਾਰਾ ਹੈ। ਹਰ ਸਧਾਰਨ ਇਨਸਾਨ ਆਪਣੀ ਮਾਤ ਭਾਸ਼ਾ ਦਾ ਲੋੜੀਂਦਾ ਗਿਆਨ ਕਿਸੇ ਉਚੇਚੇ ਯਤਨ ਤੋਂ ਬਗੈਰ ਹੀ ਹਾਸਲ ਕਰ ਲੈਂਦਾ ਹੈ, ਕਿੰਤੂ ਉਸਦੇ ਹੋਰਨਾਂ ਭਾਸ਼ਾਵਾਂ ਸਿਖਣ ਬਾਰੇ ਅਜਿਹਾ ਨਹੀਂ ਕਿਹਾ ਜਾ ਸਕਦਾ ਹੈ। ਆਪਣੀ ਮਾਂ ਬੋਲੀ ਤੋਂ ਇਲਾਵਾਂ ਹੋਰ ਕੋਈ ਵੀ ਬੋਲੀ ਸਿਖਣ ਦੀ ਯੋਗਤਾ ਉਸਦੀ ਦਿਮਾਗੀ ਕਾਬਲੀਅਤ ਮੁਤਾਬਕ ਵੱਖ ਵੱਖ ਹੁੰਦੀ ਹੈ। ਮਾਤ ਭਾਸ਼ਾ ਤੋਂ ਇਲਾਵਾ ਹਰ ਅਗਲੀ (ਦੂਸਰੀ ਜਾਂ ਤੀਸਰੀ ਭਾਸ਼ਾ ਆਦਿ) ਬੱਚਾ ਮਾਤ ਭਾਸ਼ਾ ਦੇ ਮਾਧਿਅਮ ਰਾਹੀਂ ਪੜ੍ਹਾਈ ਦੇ ਬਾਕੀ ਵਿਸ਼ੇ ਜਿਵੇਂ ਹਿਸਾਬ, ਵਿਗਿਆਨ, ਇਤਿਹਾਸ ਆਦਿ ਵਾਂਗ ਹੀ ਸਿੱਖਦਾ ਹੈ। ਮਾਤ ਭਾਸ਼ਾ ਵਿੱਚ ਲੋੜੀਂਦੀ ਸੰਰਚਨਾ, ਸ਼ਬਦ-ਭੰਡਾਰ ਤੇ ਮੁਹਾਰਤ ਗ੍ਰਹਿਣ ਕਰਨ ਤੋਂ ਬਗੈਰ ਵਿਸ਼ੇ ਸਿੱਖ ਸਕਣਾ ਲਗਭਗ ਅੰਸਭਵ ਹੀ ਹੁੰਦਾ ਹੈ।

ਮਾਤ ਭਾਸ਼ਾ ਵਲੋਂ ਇਨਸਾਨ ਦੀ ਸਖ਼ਸ਼ੀਅਤ ਨੂੰ ਸਚੱਜਾ ਬਣਾਉਣ ਵਿੱਚ ਨਿਭਾਈ ਜਾਂਦੀ ਇਸ ਮਹਤੱਵਪੂਰਣ ਭੂਮਿਕਾ ਦੀ ਪਛਾਣ ਕਰਨ ਤੋਂ ਬਾਅਦ ਆਪਾਂ ਕੁਝ ਹੋਰ ਵਰਤਾਰਿਆਂ ਵੱਲ ਆਉਂਦੇ ਹਾਂ। ਮਨੁੱਖੀ ਸਭਿਆਚਾਰ ਆਪਣੇ ਕਿਸੇ ਵੀ ਪੜਾਅ ਉਪਰ ਸਮਾਜ ਦੇ ਆਰਥਕ ਵਸੀਲਿਆਂ ਤੇ ਆਰਥਿਕਤਾ ਦੇ ਹੋਰਨਾਂ ਪਹਿਲੂਆਂ ਨਾਲ ਬੱਝਾ ਹੁੰਦਾ ਹੈ। ਜਿਉਂ ਜਿਉਂ ਸਮਾਜ ਵਿੱਚ ਆਰਥਕ ਤਬਦੀਲੀਆਂ ਆਉਂਦੀਆਂ ਹਨ ਤਿਉਂ ਤਿਉਂ ਨਾ ਸਿਰਫ ਉਸ ਸਮਾਜ ਵਿੱਚ ਤਬਦੀਲੀ ਆਉਂਦੀ ਹੈ ਬਲਕਿ ਨਾਲ ਨਾਲ ਸਭਿਆਚਾਰ ਦੇ ਹੋਰ ਲੱਛਣ ਤੇ ਖਾਸ ਕਰ ਉਸਦੀ ਭਾਸ਼ਾ ਵਿੱਚ ਵੀ ਗੁਣਾਤਮਕ ਤਬਦੀਲੀਆਂ ਆਉਂਦੀਆਂ ਹਨ। ਜੇਕਰ ਸਮਾਜ ਦੀ ਆਰਥਿਕਤਾ ਵਿੱਚ ਕੋਈ ਤਤਕਾਲ ਤਬਦੀਲੀ ਆ ਜਾਵੇ ਤਾਂ ਸੱਭਿਆਚਾਰ ਦੇ ਬਾਕੀ ਲੱਛਣ ਤਾਂ ਭਾਵੇਂ ਹੌਲੀ ਹੌਲੀ ਤਬਦੀਲ ਹੋਣ ਪਰ ਉਸਦੀ ਭਾਸ਼ਾ ਉਪਰ ਉਸਦਾ ਪ੍ਰਭਾਵ ਇਕਦਮ ਪੈਣਾ ਆਰੰਭ ਹੋ ਜਾਵੇਗਾ। ਉਦਾਹਰਣ ਵਜੋਂ ਯੂਰਪੀਅਨ ਲੋਕਾਂ ਦੇ ਭਾਰੀ ਗਿਣਤੀ ਵਿੱਚ ਉਤਰੀ ਅਮਰੀਕਾ ਆ ਵਸਣ ਨਾਲ ਕੈਨੇਡਾ ਤੇ ਅਮ੍ਰੀਕਾ ਦੀ ਆਰਥਿਕਤਾ ਵਿੱਚ ਤਾਂ ਤਤਕਾਲ ਤਬਦੀਲੀਆਂ ਆਈਆਂ ਸੋ ਆਈਆਂ ਪਰ ਇੱਥੋਂ ਦੇ ਮੂਲ ਵਾਸੀਆਂ (ਨੇਟਿਵ ਇੰਡੀਅਨਜ਼) ਦੀਆਂ ਵੱਖ ਵੱਖ ਭਾਸ਼ਾਵਾਂ ਵਿੱਚੋਂ ਬਹੁਤ ਸਾਰੀਆਂ ਦਾ ਤਾਂ ਜਲਦੀ ਹੀ ਖਾਤਮਾ ਹੋ ਗਿਆ। ਇਸੇ ਤਰ੍ਹਾਂ ਹੋਰ ਛੋਟੇ ਛੋਟੇ ਬਸਤੀਵਾਦੀ ਮੁਲਕਾਂ ਦੀਆਂ ਉਦਾਹਰਣਾ ਦਿੱਤੀਆਂ ਜਾਂ ਸਕਦੀਆਂ ਹਨ ਜਿੱਥੇ ਯੂਰਪੀਅਨ ਲੋਕਾਂ ਦੇ ਕਾਬੂ ਆ ਜਾਣ ਤੋਂ ਬਾਅਦ ਉੱਥੇ ਯੂਰਪੀਅਨ ਜ਼ੁਬਾਨਾ ਦਾ ਬੋਲ ਬਾਲਾ ਹੋ ਗਿਆ ਤੇ ਸਥਾਨਕ ਜ਼ੁਬਾਨਾਂ ਦਾ ਹੌਲੀ ਹੌਲੀ ਨਾਮੋ ਨਿਸ਼ਾਨ ਮਿਟ ਜਾਣ ਦੇ ਬਰਾਬਰ ਹੋ ਗਿਆ।

ਅੱਜ ਕੱਲ ਜਿਵੇਂ ਕਿ ਸਾਰੇ ਅਰਥ ਸ਼ਾਸਤਰੀ ਕਹਿ ਰਹੇ ਹਨ ਕਿ ਹੁਣ ਸਾਰਾ ਸੰਸਾਰ ਇੱਕ "ਗਲੋਬਲ ਇਕਾਨਮੀ" ਵੱਲ ਤੇਜ਼ੀ ਨਾਲ ਵਧ ਰਿਹਾ ਹੈ ਤੇ ਖਾਸ ਕਰ ਭਾਰਤ ਵਰਗੇ ਮੁਲਕਾਂ ਵਿੱਚ ਬਹੁਤ ਤੇਜ਼ੀ ਨਾਲ ਆਰਥਿਕ ਤਬਦੀਲੀਆਂ ਆ ਰਹੀਆਂ ਹਨ। ਸਿੱਟੇ ਵਜੋਂ ਅੰਤਰਰਾਸ਼ਟਰੀ ਤਜਾਰਤ ਦੀ ਭਾਸ਼ਾ ਅੰਗ੍ਰੇਜ਼ੀ ਦਾ ਗਲਬਾ ਭਾਰਤ ਵਿੱਚ ਤੇਜ਼ੀ ਨਾਲ ਛਾ ਰਿਹਾ ਪ੍ਰਤੱਖ ਨਜ਼ਰ ਆ ਰਿਹਾ ਹੈ। ਨਿਸਚੇ ਹੀ ਇਸ ਵਰਤਾਰੇ ਦਾ ਖਮਿਆਜ਼ਾ ਭਾਰਤ ਵਿਚਲੀਆਂ ਵੱਖ ਵੱਖ ਸਥਾਨਕ ਜ਼ੁਬਾਨਾ ਨੂੰ ਭੁਗਤਣਾ ਪਵੇਗਾ। ਹਿੰਦੀ ਜੋ ਕਿ ਭਾਰਤ ਦੀ ਰਾਸ਼ਟਰੀ ਭਾਸ਼ਾ ਹੈ, ਸ਼ਾਇਦ ਇਸ ਗਲਬੇ ਦੇ ਪ੍ਰਭਾਵ ਤੋਂ ਕਿਸੇ ਹੱਦ ਤੱਕ ਬਚੀ ਰਹੇ ਕਿੰਤੂ ਪ੍ਰਾਂਤਕ ਤੇ ਇਲਾਕਾਈ ਭਾਸ਼ਾਵਾਂ ਉਪਰ ਇਸ ਆਰਥਕ ਤਬਦੀਲੀ ਦੇ ਘਾਤਕ ਪ੍ਰਭਾਵ ਅਵੱਸ਼ ਨਜ਼ਰ ਆਉਣੇ ਆਰੰਭ ਹੋ ਗਏ ਹਨ। ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਪਹਿਲੀ ਜਮਾਤ ਤੋਂ ਹੀ ਅੰਗ੍ਰਜ਼ੀ ਭਾਸ਼ਾ ਦੀ ਪੜ੍ਹਾਈ ਦੀ ਐਨ ਢੁੱਕਵੀਂ ਉਦਾਹਰਣ ਹੈ। ਜਿਵੇਂ ਕਿ ਆਪਾਂ ਪਹਿਲਾਂ ਵਿਚਾਰ ਚੁੱਕੇ ਹਾਂ ਇਨਸਾਨ ਆਪਣੀ ਮਾਤ ਭਾਸ਼ਾ ਤੋਂ ਇਲਾਵਾ ਕੋਈ ਵੀ ਹੋਰ ਭਾਸ਼ਾ ਆਪਣੀ ਮਾਂ ਬੋਲੀ ਵਿੱਚ ਲੋੜੀਂਦੀ ਮੁਹਾਰਤ ਪ੍ਰਾਪਤ ਕਰ ਲੈਣ ਤੋਂ ਬਾਅਦ ਹੀ ਆਪਣੀ ਮਾਤ ਭਾਸ਼ਾ ਰਾਹੀਂ ਚੰਗੀ ਤਰ੍ਹਾਂ ਸਿੱਖ ਸਕਦਾ ਹੈ। ਸੋ ਬਿਨਾਂ ਕਿਸੇ ਗੰਭੀਰ ਰੀਸਰਚ ਜਾਂ ਵਿਚਾਰ-ਵਟਾਂਦਰੇ ਤੋਂ ਲਾਗੂ ਕੀਤੀ ਇਸ ਨਵੀਂ ਪਾਲਿਸੀ ਦੇ ਪੰਜਾਬ ਦੇ ਸਭਿਆਚਾਰ ਉਪਰ ਕਿਹੋ ਜਿਹੇ ਪ੍ਰਭਾਵ ਪੈਣਗੇ ਇਹ ਕੋਈ ਵੀ ਸਧਾਰਨ ਵਿਅਕਤੀ ਅੰਦਾਜ਼ਾ ਲਗਾ ਸਕਦਾ ਹੈ।

ਪ੍ਰੋ ਸਈਅਦ ਫਿਰਾਨੀ ਕੰਮੀ ਜੋ ਕਿ ਪਾਕਿਸਤਾਨ ਵਿੱਚ ਪੰਜਾਬੀ ਬੋਲੀ ਦੇ ਅਲਮ ਬਰਦਾਰ ਹਨ, ਇੱਕ ਇੰਟਰਵਿਊ ਦੌਰਾਨ ਕਹਿੰਦੇ ਹਨ,

"ਜਿਸ ਤਰ੍ਹਾਂ ਕਿਸੇ ਜਾਨਵਰ ਨੂੰ ਜ਼ਿਬਾਹ ਕਰਨ ਤੋਂ ਪਹਿਲਾਂ ਉਸਦੀ ਜ਼ੁਬਾਨ ਕੱਢ ਕੇ ਬੁੱਟਾਂ ਥੱਲੇ ਦੱਬ ਦਿੰਦੇ ਹਨ ਤਾਂ ਕਿ ਉਹ ਕੋਈ ਚੀਖੋ-ਪੁਕਾਰ ਜਾਂ ਹੋਰ ਕੋਈ ਵਿਰੋਧ ਨਾ ਕਰ ਸਕੇ, ਇਸੇ ਤਰ੍ਹਾਂ ਅੰਗ੍ਰੇਜ਼ ਵਲੋਂ ਪੰਜਾਬ ਨੂੰ ਜ਼ਿਬਾਹ ਕਰਨ ਤੋਂ ਪਹਿਲਾਂ ਉਸਦੀ ਜ਼ੁਬਾਨ ਖੋਹਣ ਦੀ ਕੋਸ਼ਿਸ਼ ਹੋਣ ਲੱਗ ਪਈ। ਅੰਗ੍ਰੇਜ਼ਾਂ ਨੇ ਪੰਜਾਬ ਉਪਰ ਉਰਦੂ ਠੋਸ ਦਿੱਤੀ। ਅਜਿਹਾ ਕਰਨ ਨਾਲ ਪੰਜਾਬ ਨੂੰ ਆਪਣੇ ਮੁਫਾਦ ਲਈ ਵਰਤਣਾ ਸੌਖਾ ਹੋ ਗਿਆ। ਪਹਿਲੀ ਤੇ ਦੂਸਰੀ ਜੰਗੇ ਅਜ਼ੀਮ ਵਿੱਚ ਪੰਜਾਬੀ ਫੌਜੀ ਹੀ ਬਾਕੀ



ਹਿੰਦੁਸਤਾਨੀਆਂ ਨਾਲੋਂ ਵੱਧ ਲੜੇ ਤੇ ਮਰੇ। ਹਾਲਾਂ ਕਿ ਅੰਗ੍ਰੇਜ਼ ਨੇ ਬਾਕੀ ਹਿੰਦੁਸਤਾਨ ਦੇ ਸੂਬਿਆਂ ਵਿੱਚ ਉੱਥੋਂ ਦੀ ਬੋਲੀ ਹੀ ਚਾਲੂ ਰੱਖੀ, ਜਿਵੇਂ ਬੰਗਾਲ ਵਿੱਚ ਬੰਗਾਲੀ ਸਿੰਧ ਵਿੱਚ ਸਿੰਧੀ ..........."

(ਵਤਨ, ਕੈਨੇਡਾ—ਅਕਤੂਬਰ/ਨਵੰਬਰ/ਦਸੰਬਰ 1992)

ਹੁਣ ਭਾਵੇਂ ਅੰਗ੍ਰੇਜ਼ਾਂ ਨੂੰ ਭਾਰਤ ਛੱਡਿਆਂ ਅੱਧੀ ਤੋਂ ਵਧ ਸਦੀ ਬੀਤ ਗਈ ਹੈ ਪਰ ਪੰਜਾਬ ਦੀ ਮਾਤ ਭਾਸ਼ਾ ਪੰਜਾਬੀ ਦਾ ਬਣਦਾ ਸਨਮਾਨ ਉਸ ਨੂੰ ਨਾਂ ਤਾਂ ਪਾਕਿਸਤਾਨ ਵਿੱਚ ਨਸੀਬ ਹੋਇਆ ਤੇ ਨਾ ਹਿੰਦੁਸਤਾਨ ਵਿੱਚ। ਸਗੋਂ ਉਲਟਾ ਪੰਜਾਬੀਆਂ ਨੇ ਪਦਾਰਥਿਕ ਖੁਸ਼ਹਾਲੀਆਂ ਦੀ ਦੌੜ ਵਿੱਚ ਸ਼ਾਮਲ ਹੋ ਕੇ "ਗਲੋਬਲ ਇਕਾਨਮੀ" ਵਿੱਚ ਇੱਕ ਵਸਤੂ ਵਾਂਗ ਹੀ ਆਪਣੀ ਮਾਂ ਬੋਲੀ ਪੰਜਾਬੀ ਨੂੰ ਗਿਰਵੀ ਰੱਖਕੇ ਅੰਗ੍ਰੇਜ਼ੀ ਦੀ ਬੁੱਕਲ ਵਿੱਚ ਆਪਣਾ ਮੂੰਹ ਲੁਕੋ ਲੈਣ ਦੀ ਤਿਆਰੀ ਕਰ ਲਈ ਹੈ। ਸੰਭਵ ਹੈ ਕਿ ਅਜੇ ਇਹ ਗੱਲ ਵਧਾ ਚੜ੍ਹਾਅ ਕੇ ਕੀਤੀ ਹੋਈ ਜਾਪੇ, ਪਰ ਇਸ ਪ੍ਰਸੰਗ ਵਿੱਚ ਇੱਕ ਤਾਜ਼ੀ ਮਿਸਾਲ ਕੁਥਾਵੀਂ ਨਹੀਂ ਹੋਵੇਗੀ—

ਹਰ ਸਾਲ ਵਾਂਗ ਇਸ ਸਾਲ ਮਈ ਮਹੀਨੇ ਵੀ ਯੂਰਪੀਅਨ ਗਾਣਾ-ਵਜਾਣਾ (ਐਨੂਅਲ ਯੂਰੀਪੀਅਨ ਸਾਂਗ ਕੌਂਟੈਸਟ) ਵਿਚੋਂ ਅਵੱਲ ਆਏ ਗੀਤਾਂ ਦਾ ਇੱਕ ਤਿੰਨ ਘੰਟੇ ਦਾ ਪ੍ਰੋਗਰਾਮ ਸਟਾਕਹੋਮ ਤੋਂ ਬਰਾਡਕਾਸਟ ਕੀਤਾ ਗਿਆ। ਯੂਰਪ ਤੇ ਇਸ ਦੇ ਗਵਾਂਢੀ ਦੇਸ਼ਾਂ ਵਿੱਚ 100 ਮਿਲੀਅਨ ਦੇ ਕਰੀਬ ਦਰਸ਼ਕਾਂ ਨੇ ਸਮੁੱਚੇ ਮੁਕਾਬਲੇ ਵਿੱਚੋਂ ਟੈਲੀਵੋਟਿੰਗ ਰਾਹੀਂ 24 ਮੁਲਕਾਂ ਦੇ ਅੱਵਲ ਆਏ ਗੀਤਾਂ ਦਾ ਅਨੰਦ ਮਾਣਿਆਂ। ਇਹਨਾਂ 24 ਮੁਲਕਾਂ ਵਿੱਚ ਲਾਤਵੀਆਂ, ਐਸਟੋਨੀਆ, ਮਾਲਟਾ, ਸਾਈਪਰੈਸ ਤੋਂ ਇਲਾਵਾ ਨਾਲ-ਯੂਰਪੀਅਨ ਮੁਲਕ ਇਸਰਾਈਲ ਦੇ ਗੀਤ ਵੀ ਸ਼ਾਮਿਲ ਸਨ ਜਦ ਕਿ ਪ੍ਰਸਿਧ ਸਭਿਆਚਾਰਾਂ ਵਾਲੇ ਮੁਲਕ ਇਟਲੀ, ਹੰਗਰੀ ਤੇ ਚੈੱਕ ਰੀਪਬਲਿਕ ਆਦਿ ਇਹਨਾਂ 24 ਮੁਲਕਾਂ ਵਿੱਚ ਸ਼ਾਮਿਲ ਹੋਣੋ ਰਹਿ ਗਏ। ਜ਼ਰਾ ਕੁ ਗੌਰ ਨਾਲ ਜੇਤੂ ਜਾਂ ਵਧੀਆਂ ਪੁਜ਼ੀਸ਼ਨਾ ਹਾਸਿਲ ਕਰਨ ਵਾਲੇ ਗੀਤਾਂ ਦਾ ਅਧਿਐਨ ਕਰਨ ਤੇ ਇੱਕ ਤੱਥ ਸਾਹਮਣੇ ਆਉਂਦਾ ਹੈ ਕਿ ਉਹ ਮੁਲਕ ਹੀ ਇਨ੍ਹਾਂ 24 ਮੁਲਕਾਂ ਵਿੱਚ ਚੁਣੇ ਗਏ ਸਨ ਜਿਨ੍ਹਾਂ ਨੇ ਆਪਣੀ ਬੋਲੀ ਛੱਡ ਕੋਈ ਅੰਗ੍ਰਜ਼ੀ ਗੀਤ ਜਾਂ ਅੰਗ੍ਰਜ਼ੀ ਪਿਛੋਕੜ ਵਾਲਾ ਗੀਤ ਮੁਕਾਬਲੇ ਵਿੱਚ ਪੇਸ਼ ਕੀਤਾ ਸੀ, ਪੇਸ਼ਕਾਰੀ ਭਾਵੇਂ ਉਤੱਮ ਸੀ ਜਾਂ ਨਹੀਂ ਇਸ ਦਾ ਕੋਈ ਫਰਕ ਨਹੀਂ ਪਿਆ। ਇੱਥੋਂ ਤੱਕ ਕਿ ਜਰਮਨੀ ਤੇ ਫਰਾਂਸ ਵਰਗੇ ਸਭਿਆਚਾਰਕ ਤੇ ਜ਼ੁਬਾਨਾਂ ਪੱਖੋਂ ਵੀ ਅਮੀਰ ਮੁਲਕਾਂ ਦੇ ਗੀਤ ਮੁਕਾਬਲੇ ਵਿੱਚ ਬਹੁਤ ਪਿਛਾਂਹ ਰਹਿ ਗਏ। ਹਾਲਾਂਕਿ ਉਹਨਾਂ ਦੇ ਗੀਤ ਉਹਨਾਂ ਸਭਿਆਚਾਰਾਂ ਦੇ ਮੌਲਿਕ ਗੀਤ ਸਨ ਤੇ ਪੇਸ਼ਕਾਰੀਆਂ ਵੀ ਬਹੁਤ ਵਧੀਆਂ ਪੱਧਰ ਦੀਆਂ ਸਨ। ਸੋ ਆਰਥਿਕ ਪੱਖੋਂ ਮਜ਼ਬੂਤ ਦੇਸ਼ ਤੇ ਸਭਿਆਚਾਰ ਦੀ ਜ਼ੁਬਾਨ ਅੰਗ੍ਰਜ਼ੀ ਦੀ ਸਰਦਾਰੀ ਸਪਸ਼ਟ ਨਜ਼ਰ ਆਉਂਦੀ ਹੈ। ਜਿਸਨੇ ਫਰਾਂਸ, ਜਰਮਨੀ, ਇਟਲੀ ਵਰਗੀਆਂ ਪੁਰਾਤਨ ਤੇ ਸਥਾਪਿਤ ਜ਼ੁਬਾਨਾ ਨੂੰ ਇਸ ਮੁਕਾਬਲੇ ਵਿੱਚ ਰੋਲ ਕੇ ਰੱਖ ਦਿੱਤਾ।

ਅਜੋਕੇ ਸਮੇਂ 'ਚ ਅੰਗ੍ਰਜ਼ੀ ਭਾਸ਼ਾ ਦੇ ਆਰਥਿਕ ਮਹੱਤਵ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਅਜੋਕੇ ਮਨੁੱਖ ਲਈ ਇਸ ਭਾਸ਼ਾ ਨੂੰ ਨਾ ਸਿੱਖਣਾ ਕਿਸੇ ਪੱਖੋਂ ਵੀ ਫਾਇਦੇ ਮੰਦ ਨਹੀਂ ਹੋ ਸਕਦਾ। ਕਿੰਤੂ ਅੰਗ੍ਰੇਜ਼ੀ ਦੀ ਖੁਸ਼ਾਮਦ ਕੀਤੀ ਜਾਵੇ। ਜਿਵੇਂ ਕਿ ਆਪਾਂ ਪਹਿਲਾਂ ਵਿਚਾਰ ਆਏ ਹਾਂ ਕਿ ਭਾਸ਼ਾ ਤੇ ਸਭਿਆਚਾਰ ਦਾ ਨਹੁੰ ਮਾਸ ਦਾ ਰਿਸ਼ਤਾ ਹੁੰਦਾ ਹੈ। ਸੋ ਜੇਕਰ ਭਾਸ਼ਾ ਵਿਸਰ ਗਈ ਤਾਂ ਨਿਸਚੇ ਹੀ ਸਭਿਆਚਾਰ ਵਿਸਰਨ ਵਿੱਚ ਬਹੁਤਾ ਵਕਤ ਨਹੀਂ ਲੱਗੇਗਾ। ਇਹ ਕੋਈ ਅਤਿਕਥਨੀ ਨਹੀਂ ਕਿ ਜੇਕਰ ਅਸੀਂ ਇਸੇ ਤਰ੍ਹਾਂ ਆਪਣੀ ਮਾਂ ਬੋਲੀ ਨਾਲ ਅਵੇਸਲੇਪਨ ਜਾਂ ਉਦਾਸੀਨਤਾ ਵਾਲਾ ਵਤੀਰਾ ਕਰਦੇ ਰਹੇ ਤਾਂ ਸਾਡਾ ਸਭਿਆਚਾਰ, ਸਾਡਾ ਮਾਣਮੱਤਾ ਵਿਰਸਾ ਕੇਵਲ ਸਾਡੇ ਟੈਲੀਵੀਯਨ ਉਪਰ ਸਾਡੇ ਲੋਕਨਾਚਾਂ ਦੀਆਂ ਪੁਸ਼ਾਕਾਂ ਦੀਆਂ ਰੰਗੀਨੀਆਂ ਵਿਚ ਹੀ ਕੈਦ ਹੋ ਕੇ ਰਹਿ ਜਾਵੇਗਾ। ਪੰਜਾਬੀ ਬੋਲੀ ਦੀ ਆਪਣੇ ਵਜੂਦ ਨੂੰ ਬਚਾ ਸਕਣ ਲਈ ਕੀਤੀ ਜਦੋ ਜਹਿਦ ਦੀ ਕੁਰਲਾਹਟ ਗਿੱਧੇ, ਭੰਗੜੇ ਦੀਆਂ ਬੋਲੀਆਂ ਤੇ ਅੱਡੀਆਂ ਦੀਆਂ ਧਮਕਾਂ ਵਿੱਚ ਹੀ ਦੱਬ ਹੋ ਕੇ ਰਹਿ ਜਾਵੇਗੀ। ●

*(3722 ਮੌਸਕਰੌਪ ਸਟ੍ਰੀਟ, ਬਰਨਬੀ ਬੀ.ਸੀ.ਕਨੈਡਾ V5G 2C8)*

*ਅਕਰਮ ਬਾਜਵਾ*

ਦੁੱਖ ਦੀ 'ਵਾ ਦਾ ਜ਼ੋਰ ਬੜਾ ਸੀ,
ਸਾਹ ਦਾ ਰੁੱਖ ਕਮਜ਼ੋਰ ਬੜਾ ਸੀ।

ਰਾਤੀਂ ਬੀਤੀ ਕੀ ਅਨਹੋਣੀ,
ਦਿਲ ਦੇ ਵਿਹੜੇ ਸ਼ੋਰ ਬੜਾ ਸੀ।

ਕਿੱਥੇ ਦਿਲ ਨੂੰ ਸਾਂਭ ਕੇ ਰੱਖਦੇ,
ਉਹ ਹਾਣੀ ਚਿਤ-ਚੋਰ ਬੜਾ ਸੀ।

ਵਸਲ ਦੇ ਰੰਗਲੇ ਮੌਸਮ ਦੇ ਵਿਚ,
ਨੱਚਿਆ ਦਿਲ ਦਾ ਮੋਰ ਬੜਾ ਸੀ।

ਮਿੱਟੀ ਦੇ ਵਿਚ ਰੁਲਿਆ ਜਿਹੜਾ,
ਜਜ਼ਬਾ ਨਵਾਂ ਨਕੋਰ ਬੜਾ ਸੀ।

ਚੰਨ ਦਿਲਬਰ ਤੱਕ ਪਹੁੰਚ ਨਾ ਸਕਿਆ,
ਉੱਡਿਆ ਪਿਆਰ ਚਕੋਰ ਬੜਾ ਸੀ।

ਐਵੇਂ ਪਲ਼ਕੀ ਦੀਵੇ ਬਾਲ਼ੇ,
'ਅਕਰਮ' ਨੂੰ ਕੰਮ ਹੋਰ ਬੜਾ ਸੀ।

## 2. ਰਵਾਕਤ ਹਸੈਨ ਮੁਸਤਾਜ਼

ਸੁਖਨ ਦਾ ਸਿਲਸਿਲਾ ਚੰਗਾ ਰਵ੍ਹੇਗਾ,
ਉਹਦੇ ਦਿਲ ਨਾਲ ਰਾਬਤਾ ਚੰਗਾ ਰਵ੍ਹੇਗਾ

ਮੁਹੱਬਤ ਵਾਲਿਆਂ ਦੇ ਮੂੰਹ ਨਾ ਲੱਗੋ,
ਉਹਨੂੰ ਇਹ ਮਸ਼ਵਰਾ ਚੰਗਾ ਰਵ੍ਹੇਗਾ।

ਹਰਫ਼ ਨੇ ਮਹਿਨਵੀ ਓਲਾਦ ਮੇਰੀ,
ਏਹੋ ਇਕ ਆਸਰਾ ਚੰਗਾ ਰਵ੍ਹੇਗਾ।

ਨਿਭਾਣੀ ਦੁਸ਼ਮਣੀ ਵੀ ਜਾਣਦੇ ਆਂ,
ਤੁਅਲਕ ਬਰਮਲਾ ਚੰਗਾ ਰਵ੍ਹੇਗਾ।

ਇੱਕਠੇ ਸੈਰ ਨੂੰ ਜਾਇਆ ਕਰਾਂਗੇ,
ਘੜੀ ਭਰ ਮਸ਼ਗ਼ਲਾ ਚੰਗਾ ਰਵ੍ਹੇਗਾ।

ਘੁੱਟਣ ਦੇ ਮੌਸਮਾਂ ਅੰਦਰ 'ਰਵਾਕਤ'
ਹਵਾ ਦਾ ਤਜ਼ਕਰਾ ਚੰਗਾ ਰਵ੍ਹੇਗਾ।

*(ਪੰਚਮ, ਲਾਹੌਰ)*

*





## 1. ਇਕਲਾਪੇ ਦੀ ਮੌਤ/*ਮੁਹੰਮਦ ਅਜ਼ਹਰ ਨਿਆਜ਼ੀ*

ਕਦੇ ਕਦੇ ਤੇ ਜੀ ਕਰਦਾ ਏ
ਅਪਣੇ ਅੰਦਰ ਝਾਤੀ ਪਾਵਾਂ
ਆਪਣੇ ਮਨ ਦੀਆਂ
ਬਹਿ ਕੇ ਸਾਰੀਆਂ ਗੁੰਝਲਾਂ ਖੋਲ੍ਹਾਂ
ਮੈਂ ਕੀ ਸ਼ੈਅ ਆ
ਆਪਣੇ ਬਾਰੇ ਸੋਚਾਂ
ਮੂੰਹੋ ਕੁਝ ਨਾ ਬੋਲਾਂ
ਆਪਣੀਆਂ ਜਿੱਤਾਂ, ਆਪਣੀਆਂ ਪਰਤਾਂ
ਆਪ ਟਟੋਲਾਂ
ਅੰਦਰੋ ਅੰਦਰ
ਬੈਠਾ ਚੁੱਪ ਦੀ ਤਸਬੀਹ ਰੋਲਾਂ
ਆਪਣੇ ਇਕਲਾਪੇ ਦੀ ਅੱਗ ਵਿਚ ਸੜ ਜਾਵਾਂ
ਆਪਣੇ ਨਾਲ ਮੈਂ ਦੁੱਖ ਸੁੱਖ ਫੋਲਾਂ
ਆਪਣੇ ਆਪ ਨੂੰ ਲੱਭਦਾ ਲੱਭਦਾ
ਆਪਣੇ ਅਬਦੀ ਘਰ ਟੁਰ ਜਾਵਾਂ
ਮੁੜ ਨਾ ਆਵਾਂ ।

## 2. ਜ਼ੈਤੂਨ ਦੀਆਂ ਲਗਰਾਂ ਵਿਚੋਂ ਉਠਦਾ ਧੂੰਆਂ/*ਨਿਸਾਰ ਅਲੀ ਗੌਹਰ*

ਜੰਗ ਸਾਡੇ ਸਿਰਾਂ ਤੇ ਫੜ ਫੜਾਂਦੀ ਏ
ਤੇ ਮੌਤ ਦਾ ਅਲਾਦੀਨ
ਚਿਰਾਗ਼ ਤਲੀ ਤੇ ਰੱਖ ਕੇ
ਕਿਸੇ ਗ਼ੈਬੀ ਇਸ਼ਾਰੇ ਦੀ ਉਡੀਕ ਵਿਚ ਏ।
ਜ਼ੈਤੂਨ ਦੀਆਂ ਲਗਰਾਂ ਵਿਚੋ ਧੂੰਆਂ ਉਠਦਾ ਪਿਆ ਏ,
ਅੰਨ੍ਹੇ, ਨਿਕੰਮੇ ਤੇ ਟੁੱਟੇ-ਭੱਜੇ ਜੁੱਸਿਆਂ ਦਾ ਢੇਰ
ਸਾਡੀਆਂ ਅੱਖੀਆਂ ਦੀ ਤਖਤੀ ਤੇ ਲਿਖ ਦਿੱਤਾ ਗਿਆ ਏ,
ਮੈਂ ਸਰਹੱਦ ਦੀ ਬੰਜਰ ਰੇਤ ਵਿਚ
ਅਮਨ, ਹੱਯਾਤੀ ਤੇ ਆਜ਼ਾਦੀ ਦੇ ਫੁੱਲ
ਵੇਚਦਾ ਪਿਆ ਵਾਂ,
ਜੰਗ ਰਾਹੀਂ ਅਮਨ
ਸਾਰੀ ਲਸ਼ਕਰ ਵਾਲਿਆਂ ਦੀ ਸਾਜ਼ਿਸ਼ ਹੈ
ਤੇ ਜੰਗੀ ਤਾਕਤਾਂ ਦਾ
ਇੱਕ ਦੂਜੇ ਨਾਲ ਹੈ ਹੈਵਾਨੀ ਰਿਸ਼ਤਾ ਏ।

*-(ਲਹਿਰਾਂ, ਲਾਹੌਰ)*

## 3. ਨਵੇਂ ਵਰ੍ਹੇ ਦੀ ਪਹਿਲੀ ਨਜ਼ਮ / *ਸਲਮਾਨ ਸਈਦ*

ਮੇਰੇ ਅੰਦਰ ਅਜਬ ਜਿਹਾ
ਇਕ ਬੰਦਾ ਲੁਕਿਆ ਬੈਠਾ ਏ।
ਕਦੇ ਉਹ ਮੈਨੂੰ ਜਿੰਦਾ ਰਹਿਣ ਦੇ
ਢੰਗ ਸਿਖਾਉਂਦਾ ਰਹਿੰਦਾ ਏ,
ਕਦੇ ਉਹ ਮੈਨੂੰ ਆਪ ਮਰਨ ਦੇ
ਗੁਰ ਵੀ ਦੱਸਦਾ ਰਹਿੰਦਾ ਏ

ਪਤਾ ਨਹੀਂ ਕਿਸ ਪਲ ਵਿਚ ਕਿਹੜਾ
ਫੈਸਲਾ ਮੈਂ ਕਰ ਜਾਵਾਂ
ਘੌਰੇ ਕਿਹੜੀ ਗੱਲ ਨੂੰ ਮੰਨ ਕੇ
ਜੱਗ ਦੇ ਵਿਚ ਸੁੱਖ ਮਾਣਾਂ
ਮੇਰੇ ਅੰਦਰ ਅਜਬ ਜਿਹਾ ਇਕ ਬੰਦਾ
ਲੁਕਿਆ ਬੈਠਾ ਏ।

## 4. ਬਦ-ਨਸੀਬੀ / *ਸ਼ਫੀਕ ਕੁਰੇਸ਼ੀ*

ਪਰੱਛਤੀ ਤੇ ਰੱਖੇ ਹੋਏ
ਸਾਰੇ ਭਾਂਡੇ ਫੋਲੇ
ਟਰੰਕਾਂ ਅੰਦਰ ਰੱਖੇ ਹੋਏ ਕੱਪੜਿਆਂ ਥੱਲਿਓਂ
ਸਭ ਅਖਬਾਰਾਂ ਚੁੱਕੀਆਂ
ਨਿੱਕੇ ਨਿੱਕੇ ਨੋਟ ਵੀ ਸਾਰੇ
ਜਿੱਥੋਂ ਲੱਭੇ ਰੋਲੇ।
ਬਾਲਾਂ ਕੋਲੋਂ ਲੁਕ ਲੁਕ ਕੇ
ਬਾਲਾਂ ਦੇ ਬਸਤੇ ਫੋਲੇ
ਆਖਰ ਉੱਤੇ ਜੋ ਕੁਝ ਕੀਤਾ
ਚੰਗਾ ਨਹੀਂ ਸੀ
ਭਾਵੇਂ ਦਿਨ ਨਹੀਂ ਮੰਨਿਆਂ
ਨਿੱਕੇ ਦਾ ਗੱਲਾ ਵੀ ਜਾ ਕੇ
ਕੋਠੇ ਉੱਤੇ ਭੰਨਿਆਂ
ਸਾਡੀ ਬਦ-ਨਸੀਬੀ ਅੰਦਰ
ਕੋਈ ਘਾਟਾ ਨਾ ਆਇਆ
ਪੈਸੇ ਐਨੇ ਥੋਹੜੇ ਸੀ ਕਿ
ਲੱਪ ਆਟਾ ਨਾ ਆਇਆ।

*-(ਲਹਿਰਾਂ-ਲਾਹੌਰ)*





# ਹਰਵਿੰਦਰ ਭੰਡਾਲ ਦੀ ਕਾਵਿ-ਕਿਤਾਬ ਬੁੱਧ ਬੇਹੋਸ਼ ਹੈ ; ਇਕ ਸੰਵਾਦ

*—ਡਾ. ਸੁਰਜੀਤ ਸਿੰਘ*

ਹਰਵਿੰਦਰ ਭੰਡਾਲ ਦੀ ਸ਼ਾਇਰੀ ਦੀ ਦੂਜੀ ਕਿਤਾਬ 'ਬੁੱਧ ਬੇਹੋਸ਼' ਹੈ ਪੰਜਾਬੀ ਕਵਿਤਾ ਦੇ ਇਤਿਹਾਸ ਦੇ ਉਸ ਦੌਰ ਵਿਚ ਪ੍ਰਕਾਸ਼ਿਤ ਹੋਈ ਹੈ ਜਿਸ ਵਿਚ ਕਵਿਤਾ ਦੇ ਵਿਚਾਰਧਾਰੀ ਪ੍ਰਕਾਰਜ ਉੱਤੇ ਪ੍ਰਸ਼ਨ ਚਿੰਨ੍ਹ ਲੱਗਿਆ ਹੋਇਆ ਹੈ ਅਤੇ ਉੱਤਰ-ਆਧੁਨਿਕ ਬੋਧ ਵਾਲੀਆਂ ਕਾਵਿ-ਸੁਰਾਂ ਦੀ ਪਛਾਣ ਅਤੇ ਸਥਾਪਤੀ ਹੋ ਰਹੀ ਹੈ। ਇਹ ਉਹ ਦੌਰ ਹੈ। ਜਿਸ ਵਿਚ ਸਾਹਿਤ ਰਚਨਾ ਦੇ ਸਮਾਜਕ ਅਤੇ ਸਮਾਜਵਾਦੀ ਸਰੋਕਾਰਾਂ ਦੇ ਨਾਲ ਹੀ ਸਾਹਿਤ-ਸਮੀਖਿਆ ਦੇ ਮਾਰਕਸੀ ਨੁਕਤੇ ਨੂੰ ਤ੍ਰਿਸਕਾਰਿਆ ਜਾ ਰਿਹਾ ਹੈ। ਗੰਭੀਰ ਵਿਸ਼ਲੇਸ਼ਣ ਇਸ ਤ੍ਰਿਸਕਾਰ ਦੀ ਬਿਰਤੀ ਦੀ ਟੇਕ ਨਹੀਂ ਹੈ। ਪ੍ਰਭਾਵਵਾਦੀ ਕਿਸਮ ਦਾ ਆਵੇਸ਼ ਅਤੇ ਫੈਸ਼ਨ ਦੀ ਪਕੜ ਇਸ ਤ੍ਰਿਸਕਾਰ ਦੀ ਸੰਚਾਲਕ ਹੈ। ਕਵਿਤਾ ਦੇ ਵਿਚਾਰਧਾਰਾਈ ਪ੍ਰਕਾਰਜ ਨੂੰ ਤ੍ਰਿਸਕਾਰਨ ਵਾਲਿਆਂ ਨੇ ਉੱਤਰ ਆਧੁਨਿਕਤਾਵਾਦ ਅਤੇ ਇਸਦੇ ਪੰਜਾਬੀ ਚਿੰਤਕਾਂ ਦੁਆਰਾ ਤਸਦੀਕ ਕੀਤੀ ਜਾਂਦੀ ਕਵਿਤਾ ਨੂੰ ਵਡਿਆਉਣਾ ਸ਼ੁਰੂ ਕੀਤਾ ਹੈ। ਭਾਵੇਂ ਇਨ੍ਹਾਂ ਨੂੰ ਉੱਤਰ-ਆਧੁਨਿਕ ਚਿੰਤਨ ਤੇ ਸਥਿਤੀ ਦੀਆਂ ਬਾਰੀਕੀਆਂ ਬਾਰੇ ਉਨੀ ਵੀ ਜਾਣਕਾਰੀ ਨਹੀਂ ਹੈ ਜਿੰਨੀ ਕੁ ਇਹ ਗੱਲੀ ਬਾਤੀ ਮਾਰਕਸਵਾਦ ਦੀਆਂ ਕੈਟੇਗਰੀਆਂ ਬਾਰੇ ਰੱਖਦੇ ਹਨ। ਉੱਤਰ-ਆਧੁਨਿਕ ਨੁਕਤੇ ਤੋਂ ਦੇਹ ਦੇ ਗੌਰਵ ਦੇ ਭਾਵ ਵਾਲੀ ਜਸ਼ਨ ਦੀ ਕਵਿਤਾ ਅਤੇ ਪੰਜਾਬ (ਸਿੱਖਾਂ) ਦੇ ਅਵਚੇਤਨ ਦੀ ਤਰਜਮਾਨੀ ਕਰਨ ਵਾਲੀ ਮੱਧ ਕਾਲੀਨ ਭਾਵ ਸੰਸਕਾਰ ਵਾਲੀ ਪ੍ਰਗੀਤਿਕ ਕਵਿਤਾ ਨੂੰ ਵਿਸ਼ੇਸ਼ ਤੌਰ ਤੇ ਵਡਿਆਇਆ ਜਾ ਰਿਹਾ ਹੈ। ਅਜਿਹੇ ਰਚਨਾਤਮਕ ਮੰਡਲ ਵਿਚ ਹਰਵਿੰਦਰ ਦੀ ਕਵਿਤਾ ਪੰਜਾਬੀ ਦੀ ਮੌਲਿਕ, ਹੰਡਣਸਾਰ ਅਤੇ ਪ੍ਰਮਾਣਿਕ ਕਾਵਿ-ਚੇਤਨਾ ਨਾਲ ਨਾਤਾ ਜੋੜਦੀ ਹੋਈ ਉੱਤਰ-ਆਧੁਨਿਕ ਫੈਸ਼ਨ ਦੇ ਤਹਿਤ ਪ੍ਰਵਾਨੀ ਜਾ ਰਹੀ ਬਿਮਾਰ ਮਨੋਵੇਗਾਂ ਵਾਲੀ ਕਵਿਤਾ ਦਾ ਠਰੰਮੇ ਭਰਿਆ ਪ੍ਰਤਿਉੱਤਰ ਬਣਨ ਦੀਆਂ ਸੰਭਾਵਨਾਵਾਂ ਰੱਖਦੀ ਹੈ। ਭਾਵੇਂ ਇਸ ਪ੍ਰਤੀਉੱਤਰ ਦੀਆਂ ਆਪਣੀਆਂ ਸੀਮਾਵਾਂ ਹਨ।

ਅਜੋਕਾ ਪੰਜਾਬੀ ਸ਼ਾਇਰ ਜਿਹੜਾ ਕਾਵਿ-ਯੋਗਤਾ ਦੇ ਮਸਲਿਆਂ ਬਾਰੇ ਸੁਚੇਤ ਹੈ ਕਈ ਕਿਸਮ ਦੇ ਰਚਨਾਤਮਕ ਦਬਾਵਾਂ ਵਿਚੋਂ ਗੁਜ਼ਰ ਰਿਹਾ ਹੈ। ਇਕ ਪਾਸੇ ਵਸਤੂ-ਸਥਿਤੀ ਦਾ ਸਹਿਜਬੋਧ ਅਤੇ ਉਸ ਵਿਚੋਂ ਉਤਪੰਨ ਸਮਾਜਕ ਸਰੋਕਾਰਾਂ ਵਾਲਾ ਕਾਵਿ-ਚਿੰਤਨ ਹੈ ਅਤੇ ਦੂਜੇ ਪਾਸੇ ਪੰਜਾਬੀ ਕਾਵਿ ਅਤੇ ਸਮੀਖਿਆ ਦਾ ਉਹ ਰੁਝਾਨ ਹੈ, ਜਿਹੜਾ ਕਵਿਤਾ ਉੱਤੇ ਵਿਚਾਰਧਾਰਾ ਦੀ ਸੱਤਾ ਦੇ ਅੰਤ ਦਾ ਐਲਾਨ ਕਰਦਾ ਹੋਇਆ ਤੈਰਦੇ ਚਿਹਨਕਾਂ ਵਾਲੀ ਕਵਿਤਾ ਨੂੰ ਭਵਿੱਖ ਦੀ ਕਵਿਤਾ ਦੇ ਰੂਪ ਵਿਚ ਸਥਾਪਿਤ ਕਰਦਾ ਜਾਪਦਾ ਹੈ। ਇੰਝ ਹੀ ਇਕ ਪਾਸੇ ਛੰਧ-ਬੱਧ, ਅਤੇ ਪ੍ਰਗੀਤਕ ਤੱਤਾਂ ਵਾਲੀ ਕਵਿਤਾ ਨੂੰ ਛੇਤੀ ਮਕਬੂਲੀਅਤ ਮਿਲਣ ਦੇ ਆਸਾਰ ਤੇ ਇਸ ਕਵਿਤਾ ਦੀ ਸ੍ਰੇਸ਼ਠਤਾ ਦੇ ਕਾਵਿ-ਸ਼ਾਸਤਰੀ ਪ੍ਰਤਿਮਾਨਾ ਦੇ ਨਾਲ ਨਾਲ ਛੰਦ ਰਹਿਤ ਕਵਿਤਾ ਦੀ ਸਾਰਥਕਤਾ, ਸੁਹਜ ਤੇ ਮਹਾਨਤਾ ਨੂੰ ਤ੍ਰਿਸਕਾਰਨ ਦੀ ਬਿਰਤੀ ਹੈ ਅਤੇ ਦੂਜੇ ਪਾਸੇ ਖੁੱਲ੍ਹੀ ਛੰਦ ਰਹਿਤ ਕਵਿਤਾ ਨੂੰ ਆਪਣੀ ਕਾਵਿ-ਸੰਵੇਦਨਾ ਦਾ ਮਾਧਿਅਮ ਬਣਾਉਣ ਦੀ ਨਿਰੰਤਰ ਵਧਦੀ ਰੁਚੀ ਹੈ ਜਿਸਦਾ ਪ੍ਰਮਾਣ ਪ੍ਰਕਾਸ਼ ਵਿੱਚ ਆਏ ਅਨੇਕਾਂ ਕਾਵਿ-ਸੰਗ੍ਰਿਹਾਂ ਵਿੱਚੋਂ ਮਿਲਦਾ ਹੈ। ਜੇ ਇਕ ਪਾਸੇ ਸਮਾਜਵਾਦੀ ਮੁਲਕਾਂ ਦੇ ਢਹਿ ਢੇਰੀ ਹੋਣ ਦੇ ਇਤਿਹਾਸਕ ਤੱਥ ਹਨ ਤਾਂ ਦੂਜੇ ਪਾਸੇ ਸ਼ਕਤੀ ਦੇ ਕੇਂਦਰੀਕਰਣ ਨਾਲ ਅਰਧ-ਗੁਲਾਮੀ ਦੀ ਅਵਸਥਾ ਵਿਚ ਜਿਉਂ ਰਹੇ ਤੀਜੀ ਦੁਨੀਆਂ ਦੇ ਦੇਸ਼ਾਂ ਦੀ ਲਗਾਤਾਰ ਨਿਘਰਦੀ ਆਰਥਿਕਤਾ ਤੇ ਮੂਲ ਮਾਨਵੀ ਅਧਿਕਾਰਾਂ, ਅਜ਼ਾਦੀਆਂ ਦੇ ਮਸਲੇ ਹਨ। ਇਸੇ ਤਰਾ ਦੇ ਹੋਰ ਵੀ ਕਈ ਰਚਾਨਤਮਕ ਦਬਾਓ ਹਨ

ਜਿਨ੍ਹਾਂ ਨਾਲ ਪੰਜਾਬੀ ਸ਼ਾਇਰ ਜੂਝਦਾ ਹੋਇਆ ਕਿਸੇ ਸਮਤੋਲ ਦੀ ਤਲਾਸ਼ ਵਿਚ ਰੁਝਿਆ ਹੋਇਆ ਹੈ। ਇਸ ਤਰ੍ਹਾਂ ਇਹ ਰਚਨਾਤਮਕ ਅਤੇ ਵਿਚਾਰਧਾਰਾਈ ਦਵੰਦ ਦੀ ਸਥਿਤੀ ਹੈ। ਜਿਸ ਵਿਚੋਂ ਨਿਕਲਣ ਲਈ ਹਾਲੇ ਮੂਲ ਮਾਨਵੀ ਸਰੋਕਾਰਾਂ ਵਾਲੇ ਕਿਸੇ ਨਵੀਨ ਤੇ ਮੌਲਿਕ ਸੂਝ ਮਾਡਲ ਦੀ ਸਿਰਜਣਾ ਨਹੀਂ ਹੋ ਸਕੀ। ਇਹ ਰਚਨਾਤਮਕ ਦਵੰਦ ਉਨ੍ਹਾਂ ਸ਼ਾਇਰਾਂ ਦੇ ਕਾਵਿ-ਸੰਸਾਰ ਅਤੇ ਕਾਵਿ-ਦ੍ਰਿਸ਼ਟੀ ਦਾ ਨਿਰਧਾਰਕ ਸੂਤਰ ਹੈ ਜਿਹੜੇ ਵਿਆਪਕ ਪੱਧਰ ਤੇ ਆਦਰਸ਼ਾਂ ਦੇ ਤਿੜਕਣ ਦੇ ਬਾਵਜੂਦ ਡੂੰਘ ਮਾਨਵੀ ਸਰੋਕਾਰਾਂ ਨਾਲ ਜੁੜੇ ਹੋਏ ਹਨ। ਇਹੀ ਦਵੰਦ ਹਰਵਿੰਦਰ ਭੰਡਾਲ ਦੀ ਕਾਵਿ ਦ੍ਰਿਸ਼ਟੀ ਤੇ ਕਾਵਿ ਨਿਭਾਓ ਨੂੰ ਨਿਰਧਾਰਿਤ ਕਰਨ ਵਾਲਾ ਨੁਕਤਾ ਹੈ। ਇਹ ਦਵੰਦ ਹਰਵਿੰਦਰ ਦੀ ਕਵਿਤਾ ਦੇ ਥੀਮਕ ਪੈਟਰਨ ਵਿਚ ਵੀ ਹਾਜ਼ਰ ਹੈ ਅਤੇ ਉਸਦੀ ਕਾਵਿ-ਜੁਗਤ ਵਿਚ ਵੀ।

ਹਰਵਿੰਦਰ ਦੀ ਸ਼ਾਇਰੀ ਉਸ ਸਥਿਤੀ ਵਿਚੋਂ ਜਾਗਦੀ ਹੈ ਜਿਸ ਵਿਚ ਕ੍ਰਾਂਤੀ ਦਾ ਆਦਰਸ਼ ਅਤੇ ਇਸ ਦੀ ਪ੍ਰਾਪਤੀ ਲਈ ਸੰਘਰਸ਼ ਦਾ ਤਹੱਈਆ ਤਿੜਕ ਚੁੱਕਿਆ ਹੈ। 'ਬੁੱਧ ਬੇਹੋਸ਼' ਹੇ ਦੀਆਂ ਕਵਿਤਾਵਾਂ ਦਾ ਕਾਵਿ-ਵਿਅਕਤੀ ਆਦਰਸ਼ਾਂ ਦੇ ਤਿੜਕਣ, ਸੁਪਨਿਆਂ ਦੇ ਖੰਡਿਤ ਹੋਣ ਤੇ ਸੰਘਰਸ਼ ਦੇ ਸੰਦਰਭਾਂ ਦੇ ਬਿਖਰ ਜਾਣ ਉਪਰ ਡੂੰਘੇ ਵਿਸ਼ਾਦ ਦਾ ਪ੍ਰਗਟਾਵਾ ਕਰਦਾ ਹੈ। ਇਸ ਤ੍ਰਾਸਦਿਕ ਸਥਿਤੀ ਲਈ ਉਹ ਇਕ ਪਾਸੇ ਆਪਣੀਆਂ ਅਸਮਰਥਾਵਾਂ ਕਮਜ਼ੋਰੀਆਂ ਤੇ ਮਜਬੂਰੀਆਂ ਨੂੰ ਜ਼ਿੰਮੇਵਾਰ ਮੰਨਦਾ ਹੈ ਅਤੇ ਦੂਜੇ ਪਾਸੇ ਉਹ ਸੰਘਰਸ਼ ਦੇ ਸਾਰ ਤੇ ਕਿਰਦਾਰ ਵਿਚ ਅਜਿਹੀਆਂ ਖ਼ਾਮੀਆਂ ਵੇਖਦਾ ਹੈ ਕਿਨ੍ਹਾਂ ਨੂੰ ਨਵੇ ਸੰਦਰਭਾਂ ਅਨੁਸਾਰ ਦੂਰ ਕਰਨ ਦੀ ਲੋੜ ਹੈ। ਪਰੰਤੂ ਉਸਦੀ ਨਜ਼ਰ ਵਿਚ ਇਸ ਲਈ ਜਿੰਮੇਵਾਰ ਸਭ ਤੋਂ ਵੱਡੀ ਧਿਰ ਲੋਕ ਚੇਤਨਾ ਹੈ ਜਿਹੜੀ ਪੱਥ ਭ੍ਰਿਸ਼ਟ ਹੋਣ ਕਾਰਨ ਕ੍ਰਾਂਤੀ ਦੇ ਇਛਿਤ ਪਰਿਪੇਖ ਨੂੰ ਖੋਹਲਣ ਤੋਂ ਅਸਮਰਥ ਹੈ। ਇਸਦੇ ਨਾਲ ਹੀ ਉਹ ਸੱਤਾ ਦੇ ਮਾਨਵ ਵਿਰੋਧੀ, ਇਤਿਹਾਸ ਵਿਰੋਧੀ ਅਤੇ ਬੁਨਿਆਦਪ੍ਰਸਤ ਤੇ ਸਾਜ਼ਿਸੀ ਕਿਰਦਾਰ ਦੀਆਂ ਜਟਿਲਤਾਵਾਂ ਦੇ ਨਕਸ਼ ਵੀ ਉਲੀਕਦਾ ਹੈ। ਇਸ ਸਭ ਕੁਝ ਦੇ ਦਰਮਿਆਨ ਸੰਘਰਸ਼ ਦੇ ਕਿਸੇ ਨਵੇ ਪਰਿਪੇਖ ਦੇ ਉਤਪੰਨ ਹੋਣ ਦੀ ਉਮੀਦ ਤੇ ਉੱਜਲੇ ਭਵਿੱਖ ਦੀ ਅਮੂਰਤ ਜਿਹੀ ਆਸ ਵੀ ਉਹਦੀਆਂ ਕਵਿਤਾਵਾਂ ਵਿਚੋਂ ਗੂੰਜਦੀ ਹੈ।

ਹਰਵਿੰਦਰ ਦੀ ਕਵਿਤਾ ਵਿਚਲਾ ਕਾਵਿ-ਵਿਅਕਤੀ ਉਹ ਮੱਧਸ਼੍ਰੇਣਿਕ ਬੌਧਿਕ ਵਰਗ ਹੈ, ਜਿਸਨੇ ਕ੍ਰਾਂਤੀਕਾਰੀ ਸਾਹਿਤ ਦੇ ਅਧਿਐਨ ਰਾਹੀਂ ਆਪਣੀ ਮਾਨਵਵਾਦੀ ਸੁਹਿਰਦਤਾ ਨੂੰ ਸਾਮਾਜਵਾਦੀ ਆਦਰਸ਼ਾਂ ਵਿਚ ਰੂਪਾਂਤਰਿਤ ਕੀਤਾ ਸੀ। ਪਿਛਲੇ ਸਮੇਂ ਵਿਚ ਸੋਵੀਅਤ ਸੰਘ ਸਮੇਤ ਸਮਾਜਵਾਦੀ ਸੰਸਾਰ ਦੇ ਟੁੱਟਣ-ਢਹਿਣ ਉਪਰੰਤ ਸਭ ਤੋਂ ਵਧੇਰੇ ਨਿਰਾਸ਼ਾ ਦਾ ਸਾਹਮਣਾ ਇਸ ਮੱਧਸ਼੍ਰੇਣਿਕ ਬੌਧਿਕ ਵਰਗ ਨੂੰ ਹੀ ਕਰਨਾ ਪਿਆ ਹੈ। ਆਪਣੇ ਅਨੁਭਵ ਅਤੇ ਆਪਣੀਆਂ ਸਮਾਜ-ਆਰਥਿਕ ਸਥਿਤੀਆਂ ਦੀ ਦਵੰਦਾਤਮਕ ਸੂਝ ਦੀ ਥਾਂ ਜ਼ਿਆਦਾ ਤਰ ਇਸ ਵਰਗ ਦੀ ਸਮਾਜਵਾਦੀ ਸੁਹਿਰਦਤਾ ਦੀ ਟੇਕ ਦੂਰ ਦੇਸ਼ਾਂ ਵਿਚ ਚਲ ਰਹੇ ਸਮਾਜਵਾਦੀ ਨਿਜ਼ਾਮਾਂ ਦੀ ਸਫ਼ਲਤਾ ਦੀਆ ਸੁਖਾਵੀਆਂ ਖਬਰਾਂ ਉਤੇ ਵਧੇਰੇ ਰਹੀ ਹੈ। ਇਸ ਤਰ੍ਹਾਂ ਸੰਸਾਰ ਪੱਧਰੀ ਟੁੱਟ ਭੱਜ ਨਾਲ ਮੱਧਸ਼੍ਰੇਣਿਕ ਬੌਧਿਕ ਵਰਗ ਦੀ ਸੁਹਿਰਦਤਾ ਜਦੋਂ ਸਮਾਜਵਾਦੀ ਆਦਰਸ਼ਾਂ ਤੋ ਵਿਛੁੰਨੀ ਗਈ ਤਾਂ ਇਸ ਵਰਗ ਦੇ ਕੁਝ ਹਿਸਿਆਂ ਨੇ ਆਪਣੀ ਹੋਣੀ ਨੂੰ ਉੱਤਰ-ਆਧੁਨਿਕ ਵਿਚਾਰਾਂ ਦੀ ਚਮਕ-ਦਮਕ ਨਾਲ ਜੋੜ ਲਿਆ ਅਤੇ ਕੁਝ ਨੇ ਪੂਰਵ-ਆਧੁਨਿਕ ਵਿਚਾਰਾਂ ਦੀ ਆਤਮਕ ਸੁਰੱਖਿਅਤਾ ਨਾਲ। ਪਰ ਹਾਲੇ ਵੀ ਇਸ ਵਰਗ ਦਾ ਅਜਿਹਾ ਹਿੱਸਾ ਬਚਿਆ ਹੈ ਜਿਹੜਾ ਸਵੈ-ਪੜਚੋਲ ਦੀ ਪ੍ਰਕਿਰਿਆ ਵਿਚ ਹੈ ਪਰੰਤੂ ਮੌਲਿਕ ਚਿੰਤਨ ਦੀ ਕਿਸੇ ਪਛਾਣਨਯੋਗ ਪ੍ਰਾਪਤੀ ਤੋਂ ਉਰਾਂ ਇਹ ਦਿਸ਼ਾਹੀਣਤਾ ਤੇ ਦਵੰਦ ਦੀ ਸਥਿਤੀ ਵਿਚ ਫਸਿਆ ਹੋਇਆ ਹੈ। ਦਿਸ਼ਾਹੀਣਤਾ ਦੀ ਇਸ ਸਥਿਤੀ ਵਿਚ ਮੱਧ ਸ਼੍ਰੇਣਿਕ ਬੌਧਿਕ ਵਰਗ ਦੀ ਸਭ ਤੋਂ ਸੁਰੱਖਿਅਤ ਓਟ ਵਿਅਕਤੀ-ਚੇਤਨਾ ਬਣੀ ਹੋਈ ਹੈ। ਇਹ ਵਿਅਕਤੀ ਚੇਤਨਾ ਹਾਲੇ ਨੰਗੇ ਚਿੱਟੇ ਅਸ਼ਲੀਲ ਵਿਅਕਤੀਵਾਦ ਦੇ ਲੜ ਨਹੀਂ



ਲੱਗੀ ਕਿਉਂਕਿ ਮਾਨਵ ਦੀਆਂ ਸਾਰਥਕ ਪ੍ਰਾਪਤੀਆਂ ਵਿਚ ਇਸ ਵਰਗ ਦੇ ਵਿਸ਼ਵਾਸ ਨੂੰ ਹਾਲੇ ਜ਼ਰਬ ਨਹੀਂ ਪਹੁੰਚੀ।

ਇਸ ਸਥਿਤੀ ਵਿਚ ਬੌਧਿਕ ਵਰਗ ਦਾ ਇਹ ਹਿੱਸਾ ਆਪਣੇ ਕਾਵਿ-ਪ੍ਰਗਟਾਓ ਵਿਚ ਆਪਣੇ ਸੰਘਰਸ਼ਮਈ ਅਨੁਭਵਾਂ ਤੇ ਆਦਰਸ਼ਾਂ ਨਾਲ ਮੋਹ ਦੇ ਪਲਾਂ ਦਾ ਰੁਮਾਨੀਕਰਣ ਕਰਦਾ ਹੈ, ਕਦੇ ਆਪਣੀਆਂ ਅਸਮਰਥਾਵਾਂ ਤੇ ਝੂਰਦਾ ਹੈ ਤੇ ਵਰਤਮਾਨ ਵਿਚ ਆਪਣੀ ਖੰਡਿਤ ਮਾਨਸਿਕਤਾ ਦੇ ਤਣਾਓ ਨੂੰ ਭੋਗਦਾ ਹੈ। ਉਹ ਆਪਣੀ ਨਾਇਕਤਾ ਦੀ ਮਿੱਥ ਵਿਚੋਂ ਨਿਕਲ ਕੇ ਅਨਾਇਕਤਾ ਦੇ ਯਥਾਰਥ ਨੂੰ ਜਾਣਦਾ ਅਤੇ ਆਪਣੇ ਕਿਰਦਾਰ ਦੀਆਂ ਦੁਬਿਧਾਵਾਂ, ਸੀਮਾਵਾਂ ਨੂੰ ਪਛਾਣਦਾ ਹੈ।

ਹਰਵਿੰਦਰ ਭੰਡਾਲ ਦੀ ਕਵਿਤਾ ਦਾ ਸਭ ਤੋਂ ਵਡੇਰਾ ਹਿੱਸਾ ਮੱਧ ਸ਼੍ਰੇਣਿਕ ਬੌਧਿਕ ਵਰਗ ਦੇ ਇਸ ਤੀਜੇ ਹਿੱਸੇ ਦੀ ਹੋਣੀ ਅਤੇ ਮਨੋ ਸਥਿਤੀ ਦੀ ਪੇਸ਼ਕਾਰੀ ਨੂੰ ਸਮਰਪਿਤ ਹੈ। ਉਹਦੀਆਂ ਕਵਿਤਾਵਾਂ 'ਮਾਫੀਨਾਮਾ' ਅਤੇ 'ਅਸੀ ਤੇ ਸਮਾਂ' ਇਸ ਵਰਗ ਦੇ ਝੋਰਿਆਂ ਦਾ ਪ੍ਰਗਟਾਵਾ ਹਨ। 'ਮੈਂ ਅਨਾਇਕ ਹਾਂ' ਵਿਚ ਆਪਣੀ ਅਨਾਇਕਤਾ ਦੀ ਯਥਾਰਥ ਸਥਿਤੀ ਦਾ ਬਿਆਨ ਹੈ। ਖੰਡਿਤ ਜ਼ਿਹਨ ਦੀ ਕਥਾ ਵਿਚ ਇਕ ਪਾਸੇ ਸੰਘਰਸ਼ਮਈ ਆਦਰਸ਼ਕ ਛਿਣਾਂ ਦਾ ਰੋਮਾਨੀਕਰਣ ਹੈ ਅਤੇ ਦੂਜੇ ਪਾਸੇ ਵਰਤਮਾਨ ਖੰਡਿਤ ਮਾਨਸਿਕਤਾ ਦਾ ਵਿਸ਼ਾਦ ਹੈ। 'ਪੰਖੇਰੂਆਂ ਦੇ ਸ਼ਹਿਰ ਦਾ ਸਫ਼ਰ', 'ਮਨ ਮਿਰਗ ਤੇ ਉਦਾਸੀ' ਤੇ 'ਸਾਗਰ ਮੰਥਨ' ਆਦਿ ਕਵਿਤਾਵਾਂ ਵਿਚ ਸਾਰਥਕ ਮਨੁੱਖੀ ਸਰਗਰਮੀ ਪ੍ਰਤਿ ਤੜਪ ਘੋਰ ਨਿਰਾਸ਼ਾ ਦੀ ਸਥਿਤੀ ਵਿਚ ਇਕ ਕਿਸੇ ਉਮੀਦ ਦੀ ਕਿਰਨ ਲਈ ਵਿਲਕਵੀਂ ਅਤੇ ਨਿਰੰਤਰ ਪ੍ਰਾਪਤ ਹੋ ਰਹੀ ਅਸਫ਼ਲਤਾ ਦੀ ਉਦਾਸੀ ਪ੍ਰਗਟ ਹੋਈ ਹੈ। ਪ੍ਰਗਤੀਸ਼ੀਲ ਅਤੇ ਜੁਝਾਰਵਾਦੀ ਕਵਿਤਾ ਦੀ ਤੁਲਨਾ ਵਿਚ ਰੱਖ ਕੇ ਦੇਖਿਆਂ ਮਹਿਸੂਸ ਹੁੰਦਾ ਹੈ ਕਿ ਜਿਥੇ ਪ੍ਰਗਤੀਸ਼ੀਲ ਤੇ ਜੁਝਾਰਵਾਦੀ ਕਵਿਤਾ ਨਾਇਕ ਦੇ ਉਭਾਰ ਦੀ ਕਵਿਤਾ ਸੀ ਜਿਸ ਵਿਚ ਨਾਇਕ ਸੱਤਾ ਦੇ ਸੂਖਮ ਤੇ ਸਥੂਲ ਰੂਪਾਂ ਦਾ ਕਠੋਰ ਵਿਸ਼ਲੇਸ਼ਣ ਕਰਦਾ ਹੋਇਆ ਸਥਿਤੀ ਤੇ ਵਿਅੰਗ ਸਿਰਜਦਾ ਸੀ ਤੇ ਪ੍ਰਮਾਣਿਕ ਵਿਅਕਤੀ ਦੀ ਸੁਰ 'ਚ ਬੋਲਦਾ ਸੀ ਉੱਥੇ ਹਰਵਿੰਦਰ ਦੀ ਕਵਿਤਾ ਅਨਾਇਕ ਦੀ ਕਵਿਤਾ ਹੈ ਜੋ ਅਪ੍ਰਮਾਣਿਕ ਵਿਅਕਤੀ ਦੀ ਸੁਰ'ਚ ਬੋਲਦਾ ਆਪੇ ਦਾ ਵਿਸ਼ਲੇਸ਼ਣ ਕਰਦਾ ਤੇ ਆਪਣੀਆਂ ਸੀਮਾਵਾਂ ਨੂੰ ਪਛਾਣਦਾ ਹੈ। ਉਸ ਕਵਿਤਾ ਵਿਚ ਜਿਥੇ ਭਵਿਖ ਵਿਚ ਆਦਰਸ਼ਾਂ ਦੇ ਸਾਕਾਰ ਹੋਣ ਦਾ ਅਥਾਹ ਵਿਸ਼ਵਾਸ ਸੀ ਉੱਥੇ ਹਰਵਿੰਦਰ ਦੀ ਕਵਿਤਾ ਅਤੀਤ ਅਤੇ ਵਰਤਮਾਨ ਦੇ ਸੰਵਾਦ ਵਿਚੋਂ ਭਵਿਖ ਪ੍ਰਤਿ ਇਕ ਨਾਮਾਲੂਮ ਤੇ ਅਮੂਰਤ ਜਿਹੀ ਉਮੀਦ ਜਗਾਉਂਦੀ ਹੈ। ਉੱਥੇ ਸੁਨਹਿਰਾ ਭਵਿੱਖ ਸਥਿਤੀਆਂ ਦਾ ਤਾਰਕਿਕ ਸਿੱਟਾ ਜਾਪਦਾ ਸੀ, ਉੱਥੇ ਇਹ ਕੇਵਲ ਇਕ ਸੁਪਨਾ ਇਕ ਇੱਛਾ ਮਾਤਰ ਬਣ ਕੇ ਰਹਿ ਗਿਆ ਹੈ। ਪਰ ਘੋਰ ਨਿਰਾਸ਼ਾ ਦੇ ਸਮਿਆਂ ਵਿਚ ਉਮੀਦ ਅਤੇ ਸੁਪਨੇ ਦੀ ਅਮੂਰਤਕਾਰੀ, ਸੰਘਰਸ਼ ਦੇ ਕਿਸੇ ਪ੍ਰਸੰਗ ਦੀ ਗੈਰਹਾਜ਼ਰੀ ਵਿਚ ਦੇਹ ਦੇ ਗੌਰਵ ਵਿਚ ਰੁਲਣ ਨਾਲੋਂ ਵਧੇਰੇ ਪ੍ਰਗਤੀਸ਼ੀਲ ਹੈ। ਹਰਵਿੰਦਰ ਦੀਆਂ ਕਵਿਤਾਵਾਂ 'ਅਸੀ ਤੇ ਸਮਾਂ', 'ਵਾਅਦਾ', 'ਇੱਛਾ', 'ਹਕੀਕਤ ਦੇ ਸ਼ਹਿਰ ਵਿਚ' ਅਤੇ 'ਮੋਈਆ ਸਦੀਆ ਦਾ ਭਾਰ' ਆਦਿ ਵਿਚ ਕਠੋਰ ਵਾਸਤਵਿਕਤਾ ਦੇ ਬੋਧ ਦੇ ਨਾਲ ਨਾਲ ਇਸ ਅਮੂਰਤ ਉਮੀਦ ਦੀ ਕਾਵਿਕ-ਅਭਿਵਿਅਕਤੀ ਦੇਖੀ ਜਾ ਸਕਦੀ ਹੈ। ਪਰ ਉਸਦੀਆਂ ਕਵਿਤਾਵਾਂ 'ਘਰ' ਅਤੇ 'ਕਵਿਤਾ ਲਿਖਦੀਆਂ ਕੁੜੀਆਂ' ਵਿਚ ਉਮੀਦ ਦੇ ਚਿੰਤਨ ਨੇ ਆਪਣੀ ਪ੍ਰਮਾਣਿਕ ਅਤੇ ਭਵਿੱਖਾਰਥੀ ਪ੍ਰਗਟਾਓ ਵਿਧੀ ਤਲਾਸ਼ ਲਈ ਲਗਦੀ ਹੈ। ਇਨ੍ਹਾਂ ਕਵਿਤਾਵਾਂ ਵਿਚ ਸਾਰੀਆਂ ਕਠੋਰਤਾਵਾਂ ਨਿਰਾਸ਼ਾ ਤੇ ਅਸਫ਼ਲਤਾਵਾਂ ਦੇ ਬਾਵਜੂਦ ਮਨੁੱਖ ਦੀ ਜਿਊਣ, ਸੰਘਰਸ਼ ਕਰਨ ਦੀ ਕਾਮਨਾ ਦੇ ਸਥੂਲ ਕਾਵਿ-ਬਿੰਬ ਪ੍ਰਗਟ ਹੋਏ ਹਨ।

ਹਰਵਿੰਦਰ ਦੀ ਲੰਮੀ ਕਵਿਤਾ 'ਬੁੱਧ ਬੇਹੋਸ਼' ਹੈ ਉਹਦੀ ਸ਼ਾਇਰੀ ਦੀ ਇਸ ਕਿਤਾਬ ਦੀ ਕੇਂਦਰਕ ਕਵਿਤਾ ਬਣਦੀ ਹੈ। ਨਿੱਕੀ ਤੋਂ ਨਿੱਕੀ ਹੁੰਦੀ ਜਾ ਰਹੀ ਕਵਿਤਾ ਦੇ ਇਸ ਦੌਰ ਵਿਚ ਕਈ ਪੰਨਿਆਂ ਤੇ

ਫੈਲੀ ਇਹ ਕਵਿਤਾ ਜਿਥੇ ਕਵਿਤਾ ਦੇ ਜਿਉਂਦੇ ਰਹਿਣ ਦਾ ਇਕ ਪ੍ਰਮਾਣ ਹੈ ਉਥੇ ਆਪਣੀਆ ਵਿਧਾਗਤ ਸੰਭਾਵਨਾਵਾਂ ਕਰਕੇ ਸ਼ਾਇਰ ਦੇ ਮੂਲ ਮਾਡਲ ਜਾਂ ਵਸਤੂ-ਦ੍ਰਿਸ਼ਟੀ ਦੀਆਂ ਜਟਿਲਤਾਵਾਂ ਨੂੰ ਸਾਕਾਰ ਕਰਦੀ ਹੈ। ਮੇਰੀ ਜਾਚੇ ਹਰਵਿੰਦਰ ਨੇ ਇਸ ਕਵਿਤਾ ਵਿਚ ਵਿਆਪਕ ਜਨ-ਚੇਤਨਾ ਦੀ ਭ੍ਰਿਸ਼ਟਤਾ ਨੂੰ ਇਤਿਹਾਸ ਅਤੇ ਸਮਕਾਲ ਦੀਆਂ ਸਥਿਤੀਆਂ, ਸ਼ਕਤੀਆ ਵਿਚਾਰਧਾਰਾਵਾ ਤੇ ਲਹਿਰਾ ਦੇ ਪ੍ਰਸੰਗ ਵਿਚ ਗ੍ਰਹਿਣ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਹ ਉਹ ਜਨ ਚੇਤਨਾ ਹੈ ਜਿਸ ਨੂੰ ਹਾਲੇ ਤਕ ਕ੍ਰਾਂਤੀਕਾਰੀ ਪ੍ਰਾਪਤੀਆਂ ਦਾ ਦੂਤ ਮੰਨਿਆਂ ਜਾਂਦਾ ਰਿਹਾ ਹੈ। ਹਰਵਿੰਦਰ ਭਾਰਤ ਦੇ ਵਿਸ਼ੇਸ਼ ਮਿਥਿਕ-ਸਭਿਆਚਾਰਕ ਸਮਾਜਿਕ ਰਾਜਸੀ ਤੇ ਵਿਚਾਰਧਾਰਕ ਪਰਿਪੇਖ ਵਿਚ ਇਸ ਜਨ ਚੇਤਨਾ ਦੇ ਸਿਥਲ ਹੋ ਜਾਣ ਦੇ ਯਥਾਰਥ ਨੂੰ ਇਸ ਕਵਿਤਾ ਵਿਚ ਬੁੱਧ ਦੀ ਬੇਹੋਸ਼ੀ ਦੇ ਚਿਹਨ ਰਾਹੀਂ ਸਿਰਜਿਆ ਹੈ। ਬੁੱਧ ਸਥਾਪਤੀ ਦੀ ਸੰਸਕ੍ਰਿਤੀ ਦੇ ਖਿਲਾਫ਼ ਲੋਕ ਸੰਸਕ੍ਰਿਤਕ ਚੇਤਨਾ ਦੀ ਬਗਾਵਤ ਦਾ ਪ੍ਰਤੀਕ ਹੈ। ਬ੍ਰਾਹਮਣਵਾਦੀ ਸੰਸਕ੍ਰਿਤੀ ਦੇ ਖਿਲਾਫ਼ ਬਗਾਵਤ ਦੇ ਸ਼ਾਇਦ ਸਭ ਤੋਂ ਪਹਿਲੇ ਪ੍ਰਮਾਣ ਬੁੱਧ ਚੇਤਨਾ ਦੇ ਰੂਪ ਵਿਚ ਹੀ ਮਿਲਦੇ ਹਨ। ਸਥਾਪਤੀ ਦੀ ਸੰਸਕ੍ਰਿਤੀ ਨੇ ਬੁੱਧ ਚੇਤਨਾ ਦੇ ਖ਼ਤਰਿਆਂ ਨੂੰ ਭਾਂਪਦਿਆਂ ਪਹਿਲਾਂ ਸਖਤ ਰਵੱਈਏ ਨਾਲ ਇਸ ਚੇਤਨਾ ਦੀਆਂ ਸੰਸਕ੍ਰਿਤਕ ਪ੍ਰਾਪਤੀਆਂ ਨੂੰ ਮੇਟਣਾ ਸ਼ੁਰੂ ਕੀਤਾ ਤੇ ਮਾਨਵੀ ਸੰਘਾਰ ਦਾ ਰਸਤਾ ਅਪਨਾਇਆ ਪਰ ਬਾਅਦ ਵਿਚ ਨਰਮ ਵਤੀਰੇ ਅਧੀਨ ਬੁੱਧ ਦਾ ਵੀ ਮਿਥੀਕਰਨ ਕਰ ਦਿੱਤਾ ਤੇ ਬੁੱਧ ਵੀ ਅਵਤਾਰਾਂ ਦੀ ਲੰਮੀ ਲੜੀ ਵਿਚ ਇਕ ਅਵਤਾਰ ਇਕ ਦੇਵਤਾ ਬਣਾ ਦਿੱਤਾ ਗਿਆ ਜੋ ਚੇਤੰਨ ਸਰਗਰਮੀ ਦਾ ਪ੍ਰੇਰਕ ਘੱਟ ਤੇ ਸ਼ਰਧਾ ਦਾ ਪਾਤਰ ਵਧੇਰੇ ਰਹਿ ਗਿਆ। ਇਹ ਪ੍ਰਕਿਰਿਆ ਲਗਾਤਾਰ ਬੁੱਧ ਦੀ ਬਗਾਵਤੀ ਚੇਤਨਾ ਦੇ ਲੁਪਤ ਹੋ ਜਾਣ ਤਕ ਚੱਲਦੀ ਰਹੀ। ਇਸ ਤਰ੍ਹਾਂ ਹਰਵਿੰਦਰ ਨੇ ਬੁੱਧ ਚੇਤਨਾ ਵਿਚ ਸੰਚਿਤ ਲੋਕ-ਸੰਸਕ੍ਰਿਤਕ ਚੇਤਨਾ ਵਿਚੋਂ ਸਮੇਂ ਤੇ ਸਥਿਤੀਆਂ ਦੇ ਹੇਰ ਫੇਰ ਨਾਲ ਬੁੱਧ ਦੀ ਬਗਾਵਤੀ ਚੇਤਨਾ ਦੇ ਮਨਫੀ ਹੁੰਦੇ ਜਾਣ ਦੀ ਪ੍ਰਕਿਰਿਆ ਨੂੰ ਪਛਾਣਨ ਦਾ ਯਤਨ ਕੀਤਾ ਹੈ। ਇਹ ਲੋਕ-ਚੇਤਨਾ ਵੰਨ-ਸੁਵੰਨੇ ਭਰਮਾਂ ਮਾਨਵ ਦੋਖੀ ਰਾਜਨੀਤੀ, ਸਮਾਜਿਕ-ਸੰਪਦਾਇਕ ਤਣਾਵਾਂ ਆਦਿ ਭ੍ਰਿਸ਼ਟ ਰਾਹਾਂ ਤੇ ਤੁਰਦੀ ਹੋਈ ਆਖਰ ਸਿਥਲਤਾ ਨੂੰ ਪ੍ਰਾਪਤ ਹੋਈ ਹੈ। ਪਰ ਇਸ ਵਿਚ ਹਾਲੇ ਵੀ ਅਮਾਨਵੀ ਸਥਿਤੀਆਂ ਤੇ ਸਮਾਜਕ ਬਣਤਰਾਂ ਖਿਲਾਫ ਬਗਾਵਤ, ਆਜ਼ਾਦੀਆਂ ਦੇ ਸਿਰਜਣ ਦੀ ਚੇਤਨਾ ਦੇ ਪੈਦਾ ਹੋਣ ਦੇ ਆਸਾਰ ਹਨ ਕਿਉਂਕਿ ਇਹ ਸਿਰਫ਼ ਸਿਥਲ ਹੀ ਹੋਈ ਹੈ ਮਰੀ ਨਹੀਂ। ਇਸ ਸਥਿਤੀ ਵਿਚ ਸ਼ਾਇਰ ਲੋਕ-ਸੰਸਕ੍ਰਿਤਕ ਚੇਤਨਾ ਦੀ ਸਿਥਲਤਾ ਸਮੇਂ ਚੇਤਿਆਂ ਦੇ ਪਿਛੋਕੜ ਵਿਚ ਚਲੀ ਗਈ, ਜ਼ਿੰਦਾ ਤੇ ਨਿਰੰਤਰ ਧੜਕਦੀ ਸੁਖ ਸੁਹਜ ਤੇ ਮੁਹਬਤ ਦੀ ਕਾਮਨਾ ਅਤੇ ਕਾਮਨਾ ਦੀ ਪ੍ਰਾਪਤੀ ਲਈ ਯੁੱਧ ਦੀ ਸਮਰੱਥਾ ਦਾ ਬੁਲਾਰਾ ਬਣਦਾ ਹੈ। ਵਿਆਪਕ ਲੋਕ ਚੇਤਨਾ ਦੀ ਭ੍ਰਿਸ਼ਟਤਾ ਸਮੇਂ ਸ਼ਾਇਦ ਸੰਵੇਦਨਸ਼ੀਲ ਹੋਣ ਦੇ ਨਾਤੇ ਸ਼ਾਇਰ ਦੇ ਜ਼ਿੰਮੇ ਸੱਚਮੁੱਚ ਦੀ ਆਜ਼ਾਦੀ, ਸੁਨਹਿਰੇ ਭਵਿੱਖ ਦੇ ਸੁਪਨੇ ਤੇ ਬਗਾਵਤ ਦੀ ਤੜਪ ਨੂੰ ਸੁਰੱਖਿਅਤ ਸੰਜੋਅ ਕੇ ਰੱਖਣ ਦਾ ਕਾਰਜ ਆਇਆ ਹੈ। ਇਸ ਭੂਮਿਕਾ ਨੂੰ ਨਿਭਾਉਂਦਾ ਹੋਇਆ ਸ਼ਾਇਰ ਇਸ ਲੋਕ-ਚੇਤਨਾ ਨੂੰ ਝਿੰਜੜਦਾ ਤੇ ਪ੍ਰੇਰਦਾ ਹੋਇਆ ਮਾਨਵ ਕਲਿਆਣ ਦੇ ਗੌਰਵਮਈ ਸੁਪਨਿਆ ਨਾਲ ਜੋੜਨਾ ਚਾਹੁੰਦਾ ਹੈ। 'ਬੁੱਧ ਬੇਹੋਸ਼' ਹੈ ਕਵਿਤਾ ਸ਼ਾਇਰ ਦੀ ਸੰਵੇਦਨਸ਼ੀਲਤਾ ਅਤੇ ਲੋਕ ਚੇਤਨਾ ਦੀ ਯਥਾਰਥਕ ਸਿਥਲਤਾ ਵਿਚਲਾ ਸੰਵਾਦ ਹੀ ਹੈ।

ਹਰਵਿੰਦਰ ਦੇ ਕਾਵਿ-ਨਿਭਾਓ ਦੀ ਇਕ ਮਹਤਵਪੂਰਣ ਸਮੱਸਿਆ ਉਸਦੇ ਪ੍ਰਗੀਤ ਪ੍ਰਤਿ ਆਕਰਸ਼ਣ ਵਿਚੋਂ ਉਜਾਗਰ ਹੁੰਦੀ ਹੈ। ਆਜ਼ਾਦ ਨਜ਼ਮ ਦੀ ਵਿਧਾ ਨੂੰ ਨਿਭਾਉਂਦਿਆਂ ਸ਼ਾਇਦ ਉਸਨੂੰ ਇਹ ਖਦਸ਼ਾ ਰਹਿੰਦਾ ਹੈ ਕਿ ਪ੍ਰਗੀਤ ਤੋਂ ਬਿਨਾ ਕਾਵਿ-ਸਾਧਨਾ ਅਧੂਰੀ ਹੈ। ਇਸੇ ਚੇਤਨਾ ਅਧੀਨ ਉਹ ਆਪਣੀਆਂ ਆਜ਼ਾਦ ਨਜ਼ਮਾਂ ਵਿਚ ਭਾਸ਼ਣੀ ਜੁਗਤ ਦੀ ਵਰਤੋਂ ਵੱਲ ਰੁਚਿਤ ਹੁੰਦਾ ਹੈ। ਉਸ ਦੀਆ ਕੁਝ ਕਵਿਤਾਵਾਂ ਵਿਚ ਅਖੀਰਲੀ ਤੁਕ ਨੂੰ ਦੁਹਰਾਉਣ ਦੀ ਰੁਚੀ ਅਤੇ ਕੁਝ ਹੋਰ ਕਵਿਤਾਵਾਂ ਵਿਚ



ਕਿਸੇ ਕਾਵਿ-ਟੁਕ ਨੂੰ ਅੰਤਰੇ ਵਾਂਗ ਵਰਤਣ ਦਾ ਰੁਝਾਨ ਪ੍ਰਗੀਤ ਦੇ ਮੋਹ ਵਿਚ ਵਰਤੀਆਂ ਗਈਆਂ ਭਾਸ਼ਣੀ-ਜੁਗਤਾਂ ਹਨ। ਮੇਰੀ ਸਮਝ ਅਨੁਸਾਰ ਪ੍ਰਗੀਤ ਹਰਵਿੰਦਰ ਦੀ ਕਾਵਿ-ਸੰਵੇਦਨਾ ਲਈ ਢੁਕਵੀਂ ਵਿਧੀ ਨਹੀਂ ਹੈ। ਇਹ ਗੱਲ ਉਸਦੀਆਂ ਉਨ੍ਹਾਂ ਕਵਿਤਾਵਾਂ ਤੋਂ ਪ੍ਰਮਾਣਿਤ ਕੀਤੀ ਜਾ ਸਕਦੀ ਹੈ ਜਿਹੜੀਆਂ ਉਸਦੇ ਸ਼ੁੱਧ ਪ੍ਰਗੀਤਕ ਮੋਹ ਦਾ ਪ੍ਰਗਟਾਵਾ ਕਰਦੀਆਂ ਹਨ। ਉਹਦੀਆਂ ਕਵਿਤਾਵਾਂ 'ਜਗਦੇ ਅੱਖਾਂ 'ਚ', ਸਫ਼ਰ ਹੋਵੇ ਜੇ ਪੈਰਾਂ ਵਿਚ...' ਚਲੋ ਕਹੀਏ ਜੀ ਆਇਆਂ ......, 'ਮੈਂ ਪਰਤ ਆਵਾਂਗਾ........', 'ਮੈਂ ਤੈਨੂ ਯਾਦ ਕਰਦਾ ਹਾਂ .........' ਅਤੇ 'ਬਣਾਗਾਂ ਬੂੰਦ....' ਆਦਿ ਸਿਰਲੇਖ ਪੱਖੋਂ ਹੀ ਕਵਿਤਾਵਾਂ ਹਨ ਬਣਤਰ ਪੱਖੋਂ ਨਹੀਂ। ਬਣਤਰ ਪੱਖੋਂ ਇਨ੍ਹਾਂ ਵਿਚੋਂ ਦੋ ਜਾਂ ਤਿੰਨ ਕਵਿਤਾਵਾਂ ਅਰੂਜ਼ ਦੇ ਅਨੁਸ਼ਾਸਨ ਤੋਂ ਬਿਨਾ ਲਿਖੀਆਂ ਗ਼ਜ਼ਲਾਂ ਵਰਗੀਆਂ ਹਨ ਕਿਉਂਕਿ ਇਨ੍ਹਾਂ ਕਵਿਤਾਵਾਂ ਦੇ ਵੱਖ-ਵੱਖ ਬੰਦ ਅਲੱਗ ਅਲੱਗ ਤੇ ਕਈ ਵਾਰ ਵਿਰੋਧੀ ਦਿਸ਼ਾਵਾਂ ਦੇ ਥੀਮਾਂ ਨੂੰ ਸਾਕਾਰ ਕਰਦੇ ਹਨ। ਵਿਧਾ ਦੇ ਪੱਖੋਂ ਇਹ ਖੁਲ੍ਹ ਕੇਵਲ ਗ਼ਜ਼ਲਾਂ ਵਿਚ ਹੀ ਹੈ"। ਇਹ ਕਵਿਤਾਵਾਂ ਸਮੁਚਿਤ ਅਰਥ ਦੀ ਇਕਾਈ ਨਹੀਂ ਬਣਦੀਆਂ ਤੇ ਇਨ੍ਹਾਂ ਦੇ ਸਿਰਲੇਖਾਂ ਦੀ ਕੋਈ ਚਿਹਨਕੀ ਸਾਰਥਕਤਾ ਨਹੀਂ ਬਣਦੀ ਜਿਹੜੀ ਕਵਿਤਾਵਾਂ ਨੂੰ ਸਮੱਗਰ ਬਣਤਰ ਦੇ ਰੂਪ ਵਿਚ ਸਥਾਪਿਤ ਕਰਦੀ ਹੋਵੇ। ਇਹ ਰਚਨਾਵਾਂ ਕੇਵਲ ਰੂਪਕ ਨਿਭਾਓ ਦੇ ਪੱਖੋਂ ਹੀ ਅਰਧ ਪ੍ਰੌੜ ਰਚਨਾਵਾਂ ਨਹੀਂ ਸਗੋਂ ਇਨ੍ਹਾਂ ਵਿਚ ਪ੍ਰਗਟ ਹਰਵਿੰਦਰ ਦੀ ਕਾਵਿ-ਦ੍ਰਿਸ਼ਟੀ ਵੀ ਉਹਦੀ ਸਮੁਚੀ ਕਿਤਾਬ ਵਿਚੋਂ ਪ੍ਰਗਟ ਹੋ ਰਹੀ ਕਾਵਿ-ਦ੍ਰਿਸ਼ਟੀ ਦੀ ਦਿਸ਼ਾ ਤੇ ਪ੍ਰਭਾਵ ਨੂੰ ਖੰਡਿਤ ਕਰਦੀ ਹੈ। ਇਨ੍ਹਾਂ ਕਵਿਤਾਵਾਂ ਦੇ ਕੁਝ ਅੰਸ਼ਾਂ ਨੂੰ ਛੱਡ ਕੇ ਬਾਕੀ ਹਿੱਸੇ ਸ਼ਾਇਰ ਦੇ ਵਿਚਾਰਧਾਰਕ ਧੁੰਦਲਕੇ ਉਤੋਂ ਪਰਦਾ ਖਿਸਕਾਉਂਦੇ ਜਾਪਦੇ ਹਨ। ਚਿੰਤਨ ਦੀ ਜਿਹੜੀ ਗੰਭੀਰ ਸੁਰ ਉਸ ਦੀਆਂ ਨਜ਼ਮਾਂ ਵਿਚੋਂ ਗੂੰਜਦੀ ਹੈ ਉਹ ਇਨ੍ਹਾਂ ਕਵਿਤਾਵਾਂ ਦੀ ਸਪਸ਼ਟ ਜਿਹੀ ਤੁਕਬੰਦੀ ਨਾਲ ਸੰਦੇਹਜਨਕ ਬਣ ਜਾਂਦੀ ਹੈ।

"ਨਾ ਮੈਨੂੰ ਕਰ ਹੁਣੇ ਮਜਬੂਰ ਉਦੋਂ ਮੈਂ ਪਰਤ ਆਵੇਗਾ, ਜਦੋ ਹੋਇਆ ਹਨੇਰਾ ਦੂਰ ਉਦੋ ਮੈਂ ਪਰਤ ਆਵਾਂਗਾਂ।"

ਇਹ ਕਵਿਤਾਵਾਂ ਉਸਦੀਆਂ ਕੁਝ ਕਵਿਤਾਵਾਂ ਵਿਚੋਂ ਉਭਰਦੀ ਅੱਖਰਦੀ ਪਰੰਪਰਕ ਪ੍ਰਗਤੀਸ਼ੀਲ ਕਿਸਮ ਦੀ ਰੋਮਾਨੀਅਤ ਦਾ ਖੁਲ੍ਹਾ ਪ੍ਰਗਟਾਵਾ ਹਨ। ਇਹ ਰੋਮਾਨੀਅਤ ਹਰਵਿੰਦਰ ਦੀ ਕਵਿਤਾ ਦੀ ਸੰਭਾਵੀ ਵਿਲੱਖਣ ਪਛਾਣ ਨੂੰ ਧੁੰਦਲਾਉਂਦੀ ਜਾਪਦੀ ਹੈ। ਇਸ ਲਈ ਉਸਨੂੰ ਆਪਣੀ ਕਾਵਿ-ਸੰਵੇਦਨਾ ਲਈ ਉਪਯੁਕਤ/ਢੁਕਵੀਂ ਵਿਧਾ ਨਜ਼ਮ ਉਤੇ ਖਿਆਲ ਕੇਂਦਰਿਤ ਕਰਨ ਦੀ ਲੋੜ ਹੈ।

ਹਰਵਿੰਦਰ ਦੇ ਕਾਵਿ-ਨਿਭਾਓ ਦੀ ਇਕ ਹੋਰ ਜ਼ਿਕਰਯੋਗ ਸਮੱਸਿਆ ਉਸਦੀ ਕਾਵਿ-ਭਾਸ਼ਾ ਨਾਲ ਸੰਬੰਧਿਤ ਹੈ। ਕਾਵਿ-ਭਾਸ਼ਾ ਉਹ ਸਾਧਨ ਹੁੰਦਾ ਹੈ ਜਿਸ ਰਾਹੀਂ ਕਵੀ ਨੇ ਆਪਣੇ ਵਿਲੱਖਣ ਅਨੁਭਵ ਨੂੰ ਸੰਚਾਰਿਤ ਕਰਨਾ ਹੁੰਦਾ ਹੈ। ਕਾਵਿ-ਅਭਿਆਸ ਕਵੀ ਨੂੰ ਰਚਨਾ ਦੇ ਉਨ੍ਹਾਂ ਸਮਾਨਯ ਪੈਟਰਨਾਂ ਦੀ ਸੋਝੀ ਕਰਵਾਉਂਦਾ ਹੈ, ਜਿਨ੍ਹਾਂ ਦੇ ਸਿਰਜਣਾਤਮਕ ਪ੍ਰਯੋਗ ਰਾਹੀਂ ਉਹ ਆਪਣੀ ਕਾਵਿ-ਸੰਵੇਦਨਾ ਨੂੰ ਨਿਵੇਕਲੇ ਪਰ ਸੰਚਾਰ ਹੋਣ ਯੋਗ ਬਿੰਬਾਂ ਵਿਚ ਢਾਲ ਸਕਦਾ ਹੈ। ਹਰਵਿੰਦਰ ਦੀ ਕਾਵਿ-ਭਾਸ਼ਾ ਦਾ ਵਿਸ਼ਲੇਸ਼ਣ ਕਰਦਿਆਂ ਕਿ ਉਸਦੇ ਬਿੰਬ ਮਸਨੂਈ ਕਿਸਮ ਦੀ ਸ਼ਬਦ-ਜੜ੍ਹਤ ਦਾ ਪ੍ਰਤਿਫਲ ਹੈ। ਬਿੰਬਾਂ/ਸ਼ਬਦਾਂ ਦੀ ਅਤਿ ਦੀ ਵਚਿੱਤਰਤਾ ਉਹਦੇ ਕਾਵਿ-ਅਭਿਆਸ ਦੀ ਟੇਕ ਹੈ। ਉਹ ਸ਼ਬਦਾਂ ਦੇ ਮਨਚਿੰਦੇ ਸੰਗਮ ਕਰਵਾਉਂਦਾ ਹੈ ਪਰ ਉਹਦੇ ਸ਼ਬਦ-ਸੰਗਮ ਕਈ ਵਾਰ ਬਿਲਕੁਲ ਨਿਵੇਕਲੇ ਹੋਣ ਕਾਰਣ ਅਪਹੁੰਚ ਹੋ ਜਾਂਦੇ ਹਨ। ਨਵੀਨ ਬਿੰਬਾਂ ਦੇ ਸਿਰਜਣ ਦੀ ਮਨਾਹੀ ਨਹੀਂ ਹੁੰਦੀ। ਪਰ ਇਨ੍ਹਾਂ ਨੂੰ ਸਵੈ ਸਿੱਧ ਮੰਨ ਲੈਣਾ ਵੀ ਪ੍ਰੌੜ੍ਹ ਕਾਵਿ ਦੀ ਨਿਸ਼ਾਨੀ ਨਹੀਂ। ਹਰਵਿੰਦਰ ਆਪਣੇ ਨਿਵੇਕਲੇ ਕਿਸਮ ਦੀ ਸ਼ਬਦ-ਸੰਗਮਾਂ ਰਾਹੀਂ ਸਿਰਜਿਤ ਬਿੰਬਾਂ ਨੂੰ ਸੰਚਾਰਣ ਲਈ ਕੋਈ ਤਰੱਦਦ ਨਹੀਂ ਕਰਦਾ ਸਗੋਂ ਇਨ੍ਹਾਂ

ਵਿਚਲੀ ਅੰਤਰਮੁਖਤਾ ਨੂੰ ਹੀ ਆਪਣੀ ਪ੍ਰਾਪਤੀ ਮੰਨ ਲੈਂਦਾ ਹੈ। ਕਈ ਵਾਰ ਇੰਜ ਲਗਦਾ ਹੈ ਕਿ ਉਹਦੀ ਕਵਿਤਾ ਉਤਰ-ਆਧੁਨਿਕ ਵਿਧੀ ਅਧੀਨ ਪ੍ਰਚਾਰੇ ਜਾ ਰਹੇ ਤੈਰਦੇ ਚਿਹਨਕਾਂ ਵਾਲੀ ਕਵਿਤਾ ਦੇ ਸੰਕਲਪ ਤੋਂ ਕਾਫੀ ਪ੍ਰਭਾਵਿਤ ਹੈ। ਇਸ ਵਿਚ ਕਾਵਿ-ਸੰਚਾਰ ਕੋਈ ਮੁੱਦਾ ਨਹੀਂ ਹੁੰਦਾ। ਸਾਡਾ ਬਹੁਤਾ ਕਾਵਿ-ਅਭਿਆਸ ਇੱਕ ਪਾਸੜ ਸੰਚਾਰ ਉੱਤੇ ਅਧਾਰਿਤ ਹੈ ਤੇ ਦੂਜੇ ਪਾਸੇ ਪਾਠਕ/ਸ੍ਰੋਤਾ ਦੀ ਮੌਜੂਦਗੀ ਦਾ ਕੋਈ ਅਹਿਸਾਸ ਨਹੀਂ। ਇਸ ਸਥਿਤੀ ਵਿਚ ਰਚਨਾਕਾਰ ਸ਼ਬਦ ਵਚਿਤਰਤਾ ਨੂੰ ਹੀ ਕਾਵਿ ਦੀ ਅੰਤਿਮ ਪ੍ਰਾਪਤੀ ਮੰਨ ਲੈਂਦਾ ਹੈ ਤੇ ਅਡੰਬਰੀ ਸ਼ਬਦਾਵਲੀ ਉਹਦੀ ਕਵਿਤਾ ਵਿਚਲੇ ਸਹਿਜ ਸੰਚਾਰ ਦੀਆਂ ਸੰਭਾਵਨਾਵਾਂ ਨੂੰ ਮੱਧਮ ਕਰਦੀ ਹੈ। ਹਰਵਿੰਦਰ ਦੀ ਕਵਿਤਾ 'ਬੁੱਧ ਬੇਹੋਸ਼' ਹੈ ਵਿਚ ਵੀ ਅਨਰਥ ਹੋਣ ਦੀਆਂ ਸੰਭਾਵਨਾਵਾਂ ਇਸੇ ਕਾਰਨ ਪੈਦਾ ਹੋਈਆ ਹਨ ਕਿ ਉਹਦੀ ਬਿੰਬ-ਯੋਜਨਾ ਪਾਠਕ ਨੂੰ ਨਾਲ ਲੈ ਕੇ ਨਹੀ ਤੁਰਦੀ। ਉਹਦਾ ਅਸਲ ਪ੍ਰਯੋਜਨ ਬੁੱਧ ਦੇ ਪ੍ਰਤੀਕ ਨੂੰ ਨਵੀਆਂ ਸਥਿਤੀਆ ਅਤੇ ਸੰਵੇਦਨਾਵਾਂ ਦੇ ਪ੍ਰਸੰਗ ਵਿਚ deconstruct ਕਰਦੇ ਹੋਏ ਸਾਰਥਕਤਾ ਦੇ ਨਵੇਂ ਪਾਸਾਰਾਂ ਨਾਲ ਜੋੜਨਾ ਸੀ। ਇਥੇ ਸ਼ਬਦ-ਵਚਿਤਰਤਾ ਦਾ ਮੋਹ ਉਸਨੂੰ ਅਜਿਹੇ ਨਵੇਂ ਕੋਡ ਸਿਰਜਣ ਨਹੀਂ ਦਿੰਦਾ ਜਿਨ੍ਹਾਂ ਦੀ ਰੌਸ਼ਨੀ ਵਿਚ ਬੁੱਧ ਦੇ ਪ੍ਰਤੀਕ ਨੂੰ ਨਵੀਨ ਚਿਹਨਕੀ ਪਾਸਾਰਾਂ ਸਮੇਤ ਸਮਝਿਆ ਜਾ ਸਕੇ। ਇਥੇ ਬੁੱਧ ਦੀ ਇਤਿਹਾਸਕ ਹੋਂਦ ਦੇ ਹਵਾਲੇ ਅਲੱਗ ਥਲੱਗ ਪੈ ਜਾਂਦੇ ਹਨ ਅਤੇ ਉਹਦੇ ਚਿਹਨਕੀ ਸੂਤਰ ਸ਼ਾਬਦਿਕ ਆਡੰਬਰ ਦੇ ਬੋਝ ਹੇਠ ਦਮ ਤੋੜਦੇ ਜਾਪਦੇ ਹਨ। ਇਹ ਅਮੂਰਤ ਕਿਸਮ ਦੀ ਬਿੰਬਾਵਲੀ ਉਹਦੇ ਅਨੁਭਵ ਦੀ ਪ੍ਰਮਾਣਿਕਤਾ ਉੱਤੇ ਵੀ ਪ੍ਰਸ਼ਨ ਚਿੰਨ੍ਹ ਲਗਾਉਂਦੀ ਹੈ। ਕਾਵਿ ਟੈਕਸਚਰ ਵਿਚੋਂ ਸਹਿਜ ਸੁਭਾਅ ਉਗਮਦੀ ਸਾਰਥਕਤਾ ਉਸਦੇ ਕਾਵਿ-ਅਭਿਆਸ ਦਾ ਉਭਰਵਾਂ ਹਾਸਲ ਨਹੀਂ ਬਣੀ।

ਇਸ ਚਰਚਾ ਨੂੰ ਸਮੇਟਦਿਆਂ ਕਹਿ ਸਕਦੇ ਹਾਂ ਕਿ ਹਰਵਿੰਦਰ ਦੀ ਕਵਿਤਾ ਵਿਚ ਨਾ ਤਾਂ ਕੋਈ ਜਸ਼ਨ ਹੈ ਅਤੇ ਨਾ ਹੀ ਨਿਰੋਲ ਰੁਦਨ। ਇਹ ਦੋਵੇਂ ਬਿਰਤੀਆਂ ਇਕ ਦੂਜੇ ਦੇ ਉਲਟ ਲਗਦੀਆਂ ਹੋਈਆਂ ਵੀ ਇਕ ਦੂਜੇ ਦੀਆਂ ਪੂਰਕ ਹਨ। ਇਹ ਇਕੋ ਮਨੋਬਿਰਤੀ ਦੇ ਸਥਿਤੀ ਅਨੁਕੂਲ ਪ੍ਰਗਟਾਅ ਹਨ ਜਿਨ੍ਹਾਂ ਵਿਚ ਨਿਰਪੇਖਤਾ ਮੂਲਕ ਅਤਿ ਦਾ ਅੰਸ਼ ਸ਼ਾਮਿਲ ਰਹਿੰਦਾ ਹੈ, ਇਸੇ ਕਰਕੇ ਇਹ ਕੋਈ ਹੈਰਾਨੀ ਦੀ ਗੱਲ ਨਹੀਂ ਕਿ ਪੰਜਾਬ ਦੇ ਪ੍ਰਤੱਖ ਸੰਕਟੀ ਦੌਰ ਸਮੇਂ ਰੁਦਨ ਦੀ ਕਵਿਤਾ ਲਿਖਣ ਵਾਲੇ ਕਵੀ ਅੱਜ ਕਲ੍ਹ ਦੇਹ ਦੀ ਸੈਲੀਬਰੇਸ਼ਨ ਦੀਆਂ ਕਵਿਤਾਵਾਂ ਲਿਖ ਰਹੇ ਹਨ। ਸੈਲੀਬਰੇਸ਼ਨ ਅਤੇ ਰੁਦਨ ਗੰਭੀਰ ਮਾਨਵਵਾਦੀ ਯਥਾਰਥਵਾਦੀ ਆਲੋਚਨਾਤਮਕ ਨੀਝ ਨਾਲ ਕੋਈ ਵਾਸਤਾ ਨਹੀਂ ਰੱਖਦੇ। ਇਸ ਆਲੋਚਨਾਤਮਕ ਨੀਝ ਵਿਚ ਉਤਪੰਨ ਚਿੰਤਨ ਦੀ ਸਥਿਤੀ ਸੈਲੀਬਰੇਸ਼ਨ ਅਤੇ ਰੁਦਨ ਦੇ ਵਿਚਕਾਰ ਦੀ ਸਥਿਤੀ ਹੈ ਜਿਥੇ ਮਾਨਵ ਕਲਿਆਣ ਦੇ ਸੁਪਨੇ ਸੁਖਮਈ ਉਮੀਦ ਵਾਂਗ ਰਚਨਾ ਚੋਂ ਗੂੰਜਦੇ ਹਨ ਅਤੇ ਵਰਤਮਾਨ ਤ੍ਰਾਸਦਿਕ ਸਥਿਤੀਆਂ ਦਾ ਬੋਧ ਮਾਨਵੀ ਵੇਦਨਾ ਨੂੰ ਨਾਲ ਲੈ ਕੇ ਚੱਲਦਾ ਹੈ। ਇਸ ਸੰਦਰਭ ਵਿਚ ਹਰਵਿੰਦਰ ਦੀ ਸ਼ਾਇਰੀ ਪ੍ਰਗੀਤਕ ਮੋਹ ਅਤੇ ਅੰਤਰਮੁਖੀ ਬਿੰਬ ਯੋਜਨਾ ਦੀਆਂ ਗੰਭੀਰ ਸੀਮਾਵਾਂ ਤੇ ਦਰਦ ਦੇ ਗਹਿਰੇ ਹੁੰਦੇ ਜਾ ਰਹੇ ਰੰਗ ਦੇ ਬਾਵਜੂਦ ਮਾਨਵੀ ਸਰੋਕਾਰਾਂ ਬਾਰੇ ਚਿੰਤਨ ਦੀ ਸ਼ਾਇਰੀ ਹੈ। ਉਸਨੂੰ ਆਤਮ ਵਿਸ਼ਾਦ ਵਿੱਚ ਵਹਿ ਜਾਣ ਤੋਂ ਸੁਚੇਤ ਹੋ ਕੇ ਸਹਿਜ ਸਧਾਰ ਸਥਿਤੀਆਂ ਵਿਚੋਂ ਜੀਵਨ ਦੀ ਅਟੱਲਤਾ ਤੇ ਸਾਰਥਕਤਾ ਵਿਚ ਵਿਸ਼ਵਾਸ ਜਗਾਉਣ ਵਾਲੇ ਸਹਿਜ ਬਿੰਬਾਂ ਨੂੰ ਤਲਾਸ਼ਣਾ ਤੇ ਆਪਣੀ ਕਾਵਿ-ਅਭਿਵਿਅਕਤੀ ਦਾ ਅੰਗ ਬਣਾਉਣਾ ਚਾਹੀਦਾ ਹੈ ਜਿਹੇ ਜਿਹਾ ਕਿ ਉਸਨੇ 'ਘਰ', ਤੇ 'ਕਵਿਤਾ ਲਿਖਦੀਆਂ ਕੁੜੀਆਂ' ਵਿਚ ਕੀਤਾ ਵੀ ਹੈ।



## ਪੁਸਤਕ ਪੜਚੋਲ

# ਸਮਾਜ ਸਭਿਆਚਾਰਕ ਸੰਦਰਭਾਂ ਵਿਚ ਲੋਕ ਗੀਤਾਂ ਦਾ ਅਧਿਐਨ ਤੇ ਸੰਗ੍ਰਹਿ / *ਬਾਗੀਂ ਚੰਬਾ ਖਿੜ ਰਿਹਾ*

ਬਾਗੀਂ ਚੰਬਾ ਖਿੜ ਰਿਹਾ (ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1999) ਡਾ. ਨਾਹਰ ਸਿੰਘ ਦੀ ਮਲਵਈ ਲੋਕ ਗੀਤਾਂ ਦੀ ਪੰਜਵੀਂ ਜਿਲਦ ਹੈ। ਭੂਮਿਕਾ ਵਿਚ ਲੇਖਕ ਨੇ ਦਸ ਜਿਲਦਾਂ ਦੀ ਰੂਪ ਰੇਖਾ ਦਿੱਤੀ ਹੈ, ਜਿਸਤੋਂ ਇਸ ਕੰਮ ਦੇ ਵੱਡ-ਆਕਾਰੀ ਅਤੇ ਆਲੋਚਨਾਤਮਕ ਹੋਣ ਦਾ ਆਭਾਸ ਸਹਿਜੇ ਹੀ ਹੋ ਜਾਂਦਾ ਹੈ। ਪੁਸਤਕ ਦੇ ਦੋ ਹਿੱਸੇ ਹਨ। ਪਹਿਲੇ ਵਿਚ ਸੁਹਾਗ ਘੋੜੀਆਂ, ਸੋਹਲੜੇ ਤੇ ਛੰਦ ਪਰਾਗੇ ਦਾ ਸਿਧਾਂਤਕ ਪਰਿਪੇਖ ਉਸਾਰਿਆ ਗਿਆ ਹੈ ਅਤੇ ਦੂਜੇ ਵੱਡੇ ਭਾਗ ਵਿਚ ਲੋਕ-ਗੀਤਾਂ ਦਾ ਸੰਗ੍ਰਹਿ ਸ਼ਾਮਿਲ ਹੈ। ਗੀਤ ਭਾਵੇਂ ਗਾਉਣ ਨਾਲ ਸੰਬੰਧਿਤ ਹਨ ਅਤੇ ਗਾਉਣ-ਸੰਦਰਭਾਂ ਨਾਲ ਹੀ ਉਨ੍ਹਾਂ ਦੇ ਸੱਭਿਆਚਾਰਕ, ਸੁਹਜਾਤਮਕ ਤੇ ਗੀਤਕ-ਗੁਣ ਉਭਰਦੇ ਹਨ, ਪ੍ਰੰਤੂ ਲਿਖਤ ਰੂਪ ਵਿਚ ਹੀ ਉਘੜ ਕੇ ਸਾਹਮਣੇ ਆਉਂਦੇ ਹਨ। ਨਿਰਛਲ ਰੂਪ ਵਿਚ ਕਹੇ ਗਏ ਸ਼ਬਦ ਵੀ ਪੂਰਾ ਸੱਭਿਆਚਾਰਕ ਬਿੰਬ ਲਿਆ ਸਾਹਮਣੇ ਖਲ੍ਹਾਰਦੇ ਹਨ।

ਬੀਬੀ ਦਾ ਬਾਬਲ ਐਂ ਰੋਵੇ
ਜਿਮੇਂ ਘਟ ਸਾਵਣ ਦੀ ਆਈ
ਤੂੰ ਕਿਉਂ ਰੋਵੇਂ ਬਾਬਲਾ
ਵੇ ਜਗ ਹੁੰਦੜੀ ਆਈ
ਅੰਦਰ ਤਾਂ ਬੀਬੀ ਦੀ ਮਾਂ ਰੋਵੇ
ਨੀ ਬਾਹਰ ਹੱਸੇ ਭਰਜਾਈ
ਤੂੰ ਰੋਮੇਂਗੀ ਭਾਬੀਏ
ਨੀ ਜਦੋਂ ਤੋਰੇਗੀ ਜਾਈ (ਪੰਨਾ-184)

ਗਲ ਨਰਮੇ ਦਾ ਕੁੜਤਾ
ਲੱਕ ਮੁੱਠੀ ਵਿਚ ਆਵੇ
ਪੈਰੀਂ ਮਖਮਲ ਜੋੜਾ
ਧਰਤੀ ਪੈਰ ਨਾ ਲਾਵੇ
ਬੇਟਾ ਕੀਹਦਾ ਵੇ ਕਹੀਏ
ਸੋਭਾ ਲੈ ਘਰ ਆਵੇ
ਬੇਟਾ ਬਾਬਲ ਦਾ ਕਹੀਏ
ਸੋਭਾ ਲੈ ਘਰ ਆਵੇ। (ਪੰਨਾ-207

ਵੇ ਵਧਾਵਿਆ ਸੱਜਣਾ, ਸੁਹਾਵਿਆ ਸੁੱਜਣਾ
ਇਹ ਘਰ ਕਿੰਨੀ ਗੁਣੀਂ ਵਸਦੇ

ਇਹ ਘਰ ਲਿਪਿਆ ਪੋਚਿਆ ਕੰਗੂਏ ਛਿੜਕਿਆ
ਇਹ ਘਰ ਇੰਨੀ ਗੁਣੀ ਵਸਦੇ
ਜੰਮਣ ਪੁੱਤ ਸਤਤੜੇ ਆਵਣ ਨੂੰਹਾਂ ਸੁਹਾਗਣਾਂ
ਇਹ ਘਰ ਏਨ੍ਹੀਂ ਗੁਣੀ ਵਸਦੇ
ਜੰਮਣ ਧੀਆਂ ਸੰਜੂਈਆਂ ਆਵਣ-ਸ਼ੈਲ ਜਮਾਈ
ਇਹ ਘਰ ਏਨੀਂ ਗੁਣੀ ਵਸਦੇ (ਪੰਨਾ-308)

ਛੰਦ ਪਰਾਗੇ ਆਈਏ ਜਾਈਏ
ਛੰਦ ਪਰਾਗੇ ਚੱਕੀਆਂ
ਮਾਂ ਤਾਂ ਸੋਡੀ ਬਾਹਲੀ ਖਚਰੀ
ਜੀਨ੍ਹੇ ਤੁਸੀਂ ਛਨਾਲਾਂ ਰੱਖੀਆਂ

ਇਸ ਤਰ੍ਹਾਂ ਦੇ ਛੋਟੇ ਵੱਡੇ ਤਿੰਨ ਸੌ ਸਤੱਤਰ ਗੀਤਾਂ ਦਾ ਇਹ ਸੰਗ੍ਰਹਿ ਸੁਹਾਗ ਘੋੜੀਆਂ, ਸੋਹਲੜੇ ਅਤੇ ਛੰਦ ਪਰਾਂਗੇ, ਚਾਰ ਲੋਕ-ਗੀਤ ਰੂਪਾਂ ਨੂੰ ਵਿਸ਼ਲੇਸ਼ਣ ਕਰਨ ਦਾ ਆਧਾਰ ਬਣਦਾ ਹੈ।

ਪੰਜਾਬੀ ਵਿਚ ਹੁਣ ਤੱਕ ਵਧੇਰੇ ਲੋਕ-ਗੀਤਾਂ ਦੇ ਸੰਗ੍ਰਹਿ ਸਾਹਮਣੇ ਆਏ ਹਨ ਪਰ ਡਾ. ਨਾਹਰ ਸਿੰਘ ਦੀ ਵਿਸ਼ੇਸ਼ਤਾ ਇਹ ਹੈ ਕਿ ਉਸਨੇ ਇਨ੍ਹਾਂ ਗੀਤਾਂ ਦਾ ਮਾਰਕਸਵਾਦੀ ਦ੍ਰਿਸ਼ਟੀ ਤੋਂ ਵਿਸ਼ਲੇਸ਼ਣ ਕਰਨ ਦਾ ਭਰਪੂਰ ਉਪਰਾਲਾ ਕੀਤਾ ਹੈ। ਲੋਕ-ਕਾਵਿ ਸਿਰਜਣ ਪ੍ਰਕਿਆ ਉਸਦੀ ਇਸ ਦ੍ਰਿਸ਼ਟੀ ਤੋਂ ਮਹੱਤਵਪੂਰਣ ਪੁਸਤਕ ਹੈ। ਹਥਲੇ ਗੀਤ-ਸੰਗ੍ਰਹਿ ਦੇ ਪਹਿਲੇ ਹਿੱਸੇ ਵਿਚ ਲੋਕਗੀਤਾਂ ਸੰਬੰਧੀ ਬਹੁਤ ਹੀ ਮਹੱਤਵਪੂਰਣ ਸਵਾਲ ਉਠਾ ਕੇ ਉਨ੍ਹਾਂ ਉਪਰ ਚਰਚਾ ਕੀਤੀ ਗਈ ਹੈ। ਡਾ. ਨਾਹਰ ਸਿੰਘ ਨੇ ਲੋਕ-ਗੀਤਾਂ ਨੂੰ ਸੱਭਿਆਚਾਰ ਦੇ ਪ੍ਰਵਚਨਾਂ ਵਜੋਂ ਵਾਚਣ ਦਾ ਸੁਝਾਅ ਦਿੱਤਾ ਹੈ। ਲੋਕ ਗੀਤਾਂ ਦੇ ਕਥਾਰਸਿਸ ਹੋਣ ਬਾਰੇ ਟਿੱਪਣੀ ਕਰਦਿਆਂ ਉਸਨੇ ਲਿਖਿਆ ਹੈ, "ਨੈਤਿਕ ਪਾਬੰਦੀਆਂ ਭਰਪੂਰ ਸੱਭਿਆਚਾਰ ਵਿਚ ਪਿਆਰ ਖੁੱਲ੍ਹਾਂ ਦੇ ਗੀਤ ਲੋਕਾਂ ਲਈ ਭਾਵੁਕ ਧਰਵਾਸ ਬਣ ਜਾਂਦੇ ਹਨ। ਇਸ ਦ੍ਰਿਸ਼ਟੀ ਤੋਂ ਇਹ ਲੋਕ ਗੀਤ ਲੋਕਾਂ ਦੀ ਸਮਾਜਿਕ ਸਿਹਤ ਲਈ ਤੰਦਰੁਸਤੀ ਦੇ ਨੁਸਖੇ ਵਜੋਂ ਕੰਮ ਕਰਦੇ ਰਹੇ ਹਨ। ਲੋਕ ਗੀਤਾਂ ਦੁਆਰਾ ਔਰਤਾਂ ਮਰਦ ਆਪਣੇ ਮਨ ਦੇ ਗੁੱਭ-ਗੁਭਾਟ ਕੱਢ ਲੈਂਦੇ ਹਨ ਅਤੇ ਸੱਭਿਆਚਾਰਕ ਸੰਤੁਲਨ ਬਣਾਈ ਰੱਖਦੇ ਹਨ।" (ਪੰਨਾ-3) ਪਰ ਇਸਦਾ ਇਕ ਨਾਂਹ ਪੱਖ ਇਹ ਹੈ ਕਿ ਗੁੱਭ-ਗੁਭਾਟ ਕੱਢ ਕੇ ਸੰਤੁਲਨ ਤਾਂ ਬਣਿਆ ਰਹਿੰਦਾ ਹੈ, ਪਰ ਸਥਿਤੀ ਜਿਉਂ ਦੀ ਤਿਉਂ ਕਾਇਮ ਰਹਿੰਦੀ ਹੈ, ਇਉਂ ਗੀਤ ਇਕ ਭੂਮਿਕਾ ਨਿਭਾਉਂਦੇ ਹੋਏ ਯਥਾਸਥਿਤੀਵਾਦੀ ਵੀ ਬਣਦੇ ਹਨ। ਡਾ. ਨਾਹਰ ਸਿੰਘ ਦੀ ਇਹ ਫਾਰਮੂਲੇਸ਼ਨ ਧਿਆਨ ਮੰਗਦੀ ਹੈ ਕਿ ਇਨ੍ਹਾਂ ਗੀਤਾਂ ਰਾਹੀਂ ਨਿਰੋਲ ਮਾਨਵੀ ਰਿਸ਼ਤਿਆਂ ਦਾ ਪੱਖ ਪੂਰਿਆ ਗਿਆ ਹੈ। "ਲੋਕ ਗੀਤਾਂ ਦੀ ਸਿਰਜਕ ਇਕ ਪਾਸੇ ਸੱਭਿਆਚਾਰ ਦੇ ਮੁੱਲਾਂ, ਮਾਨਤਾਵਾਂ ਅਤੇ ਸੰਸਥਾਵਾਂ ਨੂੰ ਪ੍ਰਵਾਨਗੀ ਦਿੰਦੀ ਹੈ। ਪਰ ਦੂਜੇ ਪਾਸੇ ਐਨ ਉਨ੍ਹਾਂ ਹੀ ਪਾਠਾਂ ਵਿਚ ਉਹ ਟੱਬਰ, ਨਿਜੀ ਜਾਇਦਾਦ ਅਤੇ ਰਾਜ ਦੀਆਂ ਸੰਸਥਾਵਾਂ ਦਾ ਵਿਰੋਧ ਕਰਕੇ ਜਾਇਦਾਦੀ ਰਿਸ਼ਤਿਆਂ ਦੀ ਥਾਵੇਂ ਨਿਰੋਲ ਮਾਨਵੀ ਰਿਸ਼ਤਿਆਂ ਦਾ ਪੱਖ ਪੂਰਦੀ ਹੈ।" ਡਾ. ਨਾਹਰ ਸਿੰਘ ਨੇ ਕਈ ਥਾਂ (ਤੇ ਇਸ ਸੰਗ੍ਰਹਿ ਵਿਚ ਵੀ) ਮਾਉ ਦੀ ਟੂਕ 'ਸੌ ਫੁੱਲ ਖਿੜਨ ਅਤੇ ਸੌ ਵਿਹਾਰ ਭਿੜਨ' ਨੂੰ ਲੋਕ ਗੀਤਾਂ ਦੇ ਅਨੇਕ ਵਿਚਾਰਾਂ ਦੇ ਸੰਦਰਭ ਵਿਚ ਵਰਤਿਆ ਹੈ। ਪ੍ਰੰਤੂ ਮਾਉ ਨੇ ਜਿਸ ਸੰਦਰਭ ਵਿਚ (ਇਨਕਲਾਬ ਤੋਂ ਬਾਅਦ ਦੀ ਸਥਿਤੀ



ਵਿਚ) ਇਹ ਵਿਚਾਰ ਪ੍ਰਗਟ ਕੀਤੇ ਉਸਨੂੰ ਜਾਗੀਰਦਾਰੀ ਸਮਾਜ (ਜਮਾਤੀ ਸਮਾਜ) ਦੇ ਵਿਚਾਰਾਂ ਉਪਰ ਲਾਗੂ ਨਹੀਂ ਕੀਤਾ ਜਾ ਸਕਦਾ। ਜੇ ਅਜਿਹਾ ਕਰਾਂਗੇ ਤਾਂ ਅਸੀਂ ਸਮਾਜਿਕ ਪ੍ਰਬੰਧ ਨੂੰ ਅਗਾਂਹ ਲਿਜਾਣ ਦੀ ਇੱਛਾ ਨਹੀਂ ਰੱਖ ਰਹੇ ਹੋਵਾਂਗੇ। ਡਾ. ਨਾਹਰ ਸਿੰਘ ਨੇ ਇਹ ਮੰਨਿਆ ਹੈ ਕਿ ਵੰਨ-ਸੁਵੰਨੀਆਂ ਸੁਰਾਂ ਸਮਾਜਿਕ ਵਰਗਾਂ ਅਤੇ ਤਬਕਿਆਂ ਦੀਆਂ ਹਨ ਵਿਅਕਤੀ ਦੀਆਂ ਨਹੀਂ।" ਇਹੀ ਔਰਤ-ਮਰਦ ਦਾ ਵਿਰੋਧ, ਸਹੁਰੇ-ਪੇਕੇ ਦਾ ਵਿਰੋਧ, ਸਥਾਨਿਕ-ਭੂਗੋਲਿਕ ਤੇ ਜਾਤ-ਬਰਾਦਰੀ ਦੇ ਵਿਰੋਧਾਂ ਨੂੰ ਜੇ ਖਿੜਨ ਤੇ ਭਿੜਨ ਦੇਵਾਂਗੇ ਤਾਂ ਸਮਾਜ ਪਿਛਲੇ ਪਾਸੇ ਜਾਵੇਗਾ ਅਗਾਂਹ ਨਹੀਂ। ਉਮੀਦ ਹੈ ਡਾ. ਨਾਹਰ ਸਿੰਘ ਇਸ ਬਾਰੇ ਚਰਚਾ ਨੂੰ ਹੋਰ ਅਗਾਂਹ ਤੋਰੇਗਾ।

ਘੋੜੀਆਂ ਤੇ ਸੁਹਾਗਾ ਦਾ ਚਰਚਾ ਕਰਦਿਆਂ ਕਿਹਾ ਗਿਆ ਹੈ ਕਿ ਘੋੜੀ ਮੁੰਡੇ ਦੀ ਮਹਿਮਾ ਦਾ ਗੀਤ ਹੈ ਅਤੇ ਸੁਹਾਗ ਲਾੜੀ ਦੀ ਨਾਰੀ ਭਾਵਨਾ ਦਾ ਸਿੱਧਾ ਕਾਵਿ-ਉਚਾਰ ਹੈ। ਇਹ ਤਾਂ ਨਹੀਂ ਮੰਨਿਆ ਜਾ ਸਕਦਾ ਕਿ ਦੋਨੋਂ ਗੀਤ-ਰੂਪ ਖੁਸ਼ੀ ਦੇ ਭਾਵਾਂ ਦਾ ਪ੍ਰਗਟਾ ਕਰਦੇ ਹਨ। ਇਹ ਸਿਰਫ ਘੋੜੀਆਂ ਲਈ ਸੱਚ ਹੈ। ਇਹ ਵੀ ਅਰਧ-ਸੱਚ ਹੈ ਕਿ ਘੋੜੀਆਂ ਤੇ ਸੁਹਾਗ ਦੋਵੇਂ ਔਰਤ ਦੀ ਬੇਬਸੀ ਦਾ ਇਜ਼ਹਾਰ ਹਨ। ਸੁਹਾਗ ਜ਼ਰੂਰ ਔਰਤ (ਕੁੜੀ) ਦਾ ਹੀ ਨਹੀਂ, ਪੂਰੇ ਕੁੜੀ ਵਾਲਿਆਂ ਦੀ ਮਜ਼ਬੂਰੀ ਦਾ ਅਹਿਸਾਸ ਕਰਵਾਉਂਦੇ ਹਨ। ਹਾਂ ਘੋੜੀਆਂ ਤੇ ਸੁਹਾਗ ਦੇ ਨਾਇਕਾਂ ਬਾਰੇ ਡਾ. ਨਾਹਰ ਦੀ ਫਾਰਮੂਲੇਸ਼ਨ ਮੌਲਿਕ ਹੈ। ਉਹ ਲਿਖਦਾ ਹੈ, "ਸੁਹਾਗ ਅਤੇ ਘੋੜੀਆਂ ਦੇ ਨਾਇਕ ਮਰਿਆਦਾ ਪੁਰਸ਼ੋਤਮ ਹਨ, ਮਰਿਆਦਾ ਭੰਜਕ ਨਹੀਂ। ਦੋਹਾਂ ਘਰਾਂ ਵਿਚ ਵਿਆਹ ਦੀ ਕਿਸੇ ਵੀ ਸਥਿਤੀ ਵਿਚ ਜਾਂ ਕਿਸੇ ਵੀ ਗੀਤ ਦੇ ਨਿਭਾਉ ਸਮੇਂ ਮਰਿਆਦਾ ਪੂਰਤੀ ਦੇ ਖਾਨਦਾਨੀ ਪ੍ਰੰਪਰਾ ਦੇ ਗੁਣ ਗਾਏ ਗਏ ਹਨ। ਇਸ ਵੇਲੇ ਮਰਿਆਦਾ ਭੰਜਨ ਦੀ ਗੱਲ ਕਰਨੀ ਸ਼ਾਇਦ ਅਸ਼ੁਭ ਸਮਝੀ ਜਾਂਦੀ ਹੈ। ਇਸ ਪੱਖ ਤੋਂ ਇਹ ਵਿਅਕਤੀ ਦੀ ਪਰਿਵਾਰ ਅੱਗੇ ਗੋਡੇ ਟੇਕਣ ਦੀ ਸਥਿਤੀ ਹੈ।" (ਪੰਨਾ-20) ਇਸੇ ਲਈ ਅਸੀਂ ਕਹਿੰਦੇ ਹਾਂ ਕਿ ਲੋਕ ਗੀਤ ਯਥਾਸਥਿਤੀਵਾਦੀ ਹਨ। ਇਨ੍ਹਾਂ ਗੀਤਾਂ ਵਿਚਲੇ ਸੁਪਨੇ ਤੇ ਯਥਾਰਥ ਦੇ ਸਿਰਜਣ ਅਤੇ ਡਿਫੈਂਸ-ਮਕੈਨਿਜ਼ਮ ਉਸਾਰਨ ਬਾਰੇ ਵੀ ਡਾ. ਨਾਹਰ ਨੇ ਵਿਸਤਾਰ ਵਿਚ ਗੱਲਾਂ ਕੀਤੀਆਂ ਹਨ। ਘੋੜੀਆਂ ਵਿਚ ਪੇਸ਼ ਰਿਸ਼ਤਿਆਂ ਦੇ ਆਦਰਸ਼ਮੂਲਕ ਸੁਭਾਅ ਅਤੇ ਰੁਮਾਂਸਕਾਰੀ ਚਿੱਤਰ' ਨੂੰ ਵੀ ਧਿਆਨ ਗੋਚਰੇ ਲਿਆਂਦਾ ਹੈ। ਇਨ੍ਹਾਂ ਗੀਤਾਂ ਦੀ ਇਕ ਹੋਰ ਦੁਬਿਧਾ ਨੂੰ ਵੀ ਡਾ. ਨਾਹਰ ਸਿੰਘ ਨੇ ਸਾਡੇ ਧਿਆਨ ਵਿਚ ਲਿਆਂਦਾ ਹੈ। ਇਨ੍ਹਾਂ ਗੀਤਾਂ ਵਿਚ, "ਭੈਣ ਦੇ ਤੌਰ ਤੇ ਔਰਤ ਵੀਰ ਦਾ ਭਾਵ ਮਰਦ ਦਾ ਪੱਖ ਲੈਂਦੀ ਹੈ ਅਤੇ ਨਾਰ ਵਜੋਂ ਪਤੀ ਭਾਵ ਮਰਦ ਦਾ ਨਹੀਂ। ਇਹ ਸਾਡੇ ਸਾਰੇ ਲੋਕ ਗੀਤਾਂ ਵਿਚ ਇਕ ਨਿਰੰਤਰ ਦੁਬਿਧਾ ਦੀ ਸਥਿਤੀ ਹੈ।" ਪਰ ਇਹ ਦੁਬਿਧਾ ਅਸਲ ਵਿਚ ਹੈ ਨਹੀਂ। ਔਰਤ ਆਪਣੇ ਮਾਪਿਆਂ ਦੇ ਜੀਆਂ ਨਾਲ ਸੁਹਿਰਦ ਹੈ, ਪਰ ਸਹੁਰੇ ਘਰ ਦੇ ਜੀਆਂ ਨਾਲ ਨਹੀਂ। ਅਸਲੀ ਵਿਰੋਧਾਭਾਸ ਇਥੋਂ ਉਭਰਦਾ ਹੈ। ਡਾ. ਨਾਹਰ ਸਿੰਘ ਨੇ ਨਿਚੋੜ ਰੂਪ ਵਿਚ ਜੋ ਕੁਝ ਕਿਹਾ ਹੈ ਉਸ ਵਿਚ ਉਪਰੋਕਤ ਵਿਰੋਧਾਭਾਸ ਗਾਇਬ ਹਨ, ਇਹੀ ਡਾ. ਨਾਹਰ ਸਿੰਘ ਦੀ ਪ੍ਰਾਪਤੀ ਹੈ। ਚਰਚਾ ਘੋੜੀਆਂ ਦੀ ਹੈ। "ਸਾਧਾਰਨ ਕਿਸਾਨ ਪਰਿਵਾਰ ਇਕ ਦਿਨ ਵਾਸਤੇ ਬਾਦਸ਼ਾਹਾਂ ਵਰਗਾ ਜਲੌਅ ਰਚਾ ਕੇ ਉਸ ਨਾਲ ਵਰ ਮੇਚ ਰਿਹਾ ਹੈ। ਸਦੀਆਂ ਤੋਂ ਦੱਬੀ ਕੁਚਲੀ ਕਿਸਾਨੀ ਦੀ ਹੀਣਤਾ ਇਕ ਵਿਸ਼ੇਸ਼ ਮਨੋਬਲ ਵਿਚ ਤਬਦੀਲ ਹੋ ਗਈ ਹੈ। ਪਰ ਇਨ੍ਹਾਂ ਭਾਵਨਾਵਾਂ ਦੀ ਤਹਿ ਵਿਚ ਫਰੋਲਿਆ ਪਤਾ ਲੱਗਦਾ ਹੈ ਕਿ ਇਹ ਗੀਤ ਸਥਾਪਤ ਜਮਾਤੀ ਸਮਾਜ ਦੀ ਵਿਚਾਰਧਾਰਕ ਛੱਟ ਨੂੰ ਪ੍ਰਵਾਨ ਕਰ ਰਹੇ ਹਨ ਅਤੇ ਸੱਭਿਆਚਾਰਕ ਗੁਲਾਮੀ ਦੀ ਅਵਸਥਾ ਨੂੰ ਭਰਮ-ਵੱਸ ਹੰਢਾ ਰਹੇ ਹਨ, ਕਿਉਂਕਿ ਇਨ੍ਹਾਂ ਕਾਰਜਾਂ ਅਤੇ ਗੀਤਾਂ ਦਾ ਪ੍ਰਗਟਾਵਾ ਜਮਾਤੀ ਸਮਾਜ ਦੇ ਸਥਾਪਤ, ਪ੍ਰਵਾਨਤ ਚਿੰਨ੍ਹ ਅਤੇ ਪ੍ਰਣਾਲੀਆਂ ਰਾਹੀਂ ਹੋ ਰਿਹਾ ਹੈ।"

ਬਾਗੀਂ ਚੰਬਾ ਖਿੜ ਰਿਹਾ ਪੁਸਤਕ ਨਾਲ ਇਹ ਸੰਖੇਪ ਜਿਹੀ ਜਾਣਕਾਰੀ ਹੀ ਇਹ ਦਰਸਾ ਦਿੰਦੀ ਹੈ ਕਿ ਇਸ ਰਾਹੀਂ ਲੋਕ ਗੀਤਾਂ ਨਾਲ ਜੁੜੀਆਂ ਅਨੇਕਾਂ ਭਾਵੁਕ ਧਾਰਨਾਵਾਂ ਟੁੱਟੀਆਂ ਹਨ। ਇਉਂ ਲੋਕਧਾਰਾ ਨੂੰ ਸਹੀ ਪਰਿਪੇਖ ਵਿਚ ਵਾਚਣ ਦੀ ਗੱਲ ਅਗਾਂਹ ਤੁਰਦੀ ਹੈ।

*(—ਡਾ. ਕਰਮਜੀਤ ਸਿੰਘ, ਰੀਡਰ ਪੰਜਾਬੀ ਵਿਭਾਗ, ਕੁ. ਯੂ. ਕੁਰੂਕਸ਼ੇਤਰ, 136119)*

## ਗੱਦਾਰ (ਨਾਵਲ)/ *ਕੇਸਰ ਸਿੰਘ*

ਕੇਸਰ ਸਿੰਘ ਦਾ ਇਹ ਨਾਵਲ ਗਦਰ ਲਹਿਰ ਨਾਲ ਸਬੰਧਤ ਇਤਿਹਾਸਕ ਘਟਨਾਵਾਂ ਨੂੰ ਪਿੱਠ-ਭੂਮੀ ਵਿੱਚ ਰੱਖ ਕੇ ਲਿਖਿਆ ਹੈ। 1914 ਤੋਂ 1933 ਤੱਕ ਦੇ 19 ਸਾਲਾਂ ਵਿੱਚ ਫੈਲਿਆ ਹੈ ਇਸ ਦਾ ਘਟਨਾ ਪਟ। ਦੋ ਕਤਲਾਂ ਨਾਲ ਨਾਵਲ ਦਾ ਆਰੰਭ ਹੁੰਦਾ ਹੈ ਅਤੇ ਦੋ ਕਤਲਾਂ ਨਾਲ ਹੀ ਅੰਤ ਹੁੰਦਾ ਹੈ। ਵੀਹਵੀਂ ਸਦੀ ਦੇ ਅਰੰਭ ਵਿੱਚ ਮਾਝੇ ਅਤੇ ਦੁਆਬੇ ਵਿੱਚੋਂ ਕਿਸਾਨ ਪ੍ਰੀਵਾਰਾਂ ਵਿੱਚੋਂ ਬਹੁਤ ਸਾਰੇ ਨੌਜਵਾਨ ਸਿੰਘਾਪੁਰ ਮਲਾਇਆ ਕਨੇਡਾ ਅਤੇ ਅਮਰੀਕਾ ਆਦਿ ਦੇਸਾਂ ਵਿੱਚ ਰੁਜ਼ਗਾਰ ਪ੍ਰਾਪਤੀ ਲਈ ਹਿਜਰਤ ਕਰ ਗਏ, ਜਿਥੇ ਉਹਨਾਂ ਦਾ ਵਾਸਤਾ ਨਵੇਂ ਕਿਸਮ ਦੇ ਸਮਾਜ ਅਤੇ ਲੋਕ ਰਾਜ ਅਤੇ ਉਸਦੇ ਪਿਛੇ ਕੰਮ ਕਰਦੀ ਵਿਚਾਰਧਾਰਾ ਨਾਲ ਪਿਆ। ਨਵੀਂ ਚੇਤਨਾ ਜਾਗ੍ਰਿਤ ਹੋਣ ਨਾਲ ਉਹਨਾਂ ਆਪਣੇ ਦੇਸ਼ ਵਿੱਚ ਚਲ ਰਹੇ ਗੁਲਾਮੀ ਦੇ ਪ੍ਰਬੰਧ ਨੂੰ ਢਾਹ ਲਾਉਣ ਲਈ ਇੱਕ ਨਵਾਂ ਪੈਂਤੜਾ ਲਿਆ ਜਿਸ ਦਾ ਸਿਖ਼ਰ ਹਥਿਆਰਬੰਦ ਇਨਕਲਾਬ ਦੇ ਰੂਪ ਵਿੱਚ ਚਿਤਵਿਆ ਗਿਆ।

'ਕਾਮਾਗਾਟਾ ਮਾਰੂ' ਜਹਾਜ਼ ਦੀ ਘਟਨਾ ਵੀ ਇਸ ਨਾਵਲ ਦੀ ਪਿੱਠ-ਭੂਮੀ ਵਿੱਚ ਪਈ ਹੈ। ਬਾਬਾ ਗੁਰਦਿੱਤ ਸਿੰਘ ਸਰਹਾਲੀ ਨੇ ਜਪਾਨੀਆਂ ਤੋਂ ਜਹਾਜ਼ ਕਰਾਏ ਤੇ ਲੈ ਕੇ ਕਨੇਡਾ ਜਾਣ ਦਾ ਯਤਨ ਕੀਤਾ-ਪਰ ਕਨੇਡਾ ਸਰਕਾਰ ਨੇ ਸਖ਼ਤੀ ਨਾਲ ਕਿਸੇ ਵੀ ਯਾਤਰੀ ਨੂੰ ਉਸ 'ਚੋਂ ਉਤਰਨ ਨਾ ਦਿੱਤਾ। ਜਹਾਜ਼ ਵਾਪਸ ਭੇਜਿਆ ਗਿਆ ਜੋ ਬਜਬਜ ਦੇ ਸਥਾਨ ਤੇ ਵਾਪਸ ਹਿੰਦੋਸਤਾਨ ਪਹੁੰਚਿਆ ਅਤੇ 315 ਪੰਜਾਬ ਨੌਜਵਾਨ ਗੋਲੀਆਂ ਨਾਲ ਭੁੰਨ ਦਿੱਤੇ ਗਏ।

ਇਸ ਘਟਨਾ ਦੇ ਪ੍ਰਤੀਕ੍ਰਮ ਨੇ ਕਨੇਡਾ ਵਿੱਚ ਰਹਿੰਦੇ ਪੰਜਾਬੀਆਂ ਤੇ 'ਬਲਦੀ ਤੇ ਤੇਲ' ਦਾ ਅਸਰ ਕੀਤਾ, ਅਤੇ ਉਹਨਾਂ ਨੇ ਯੋਜਨਾਬਧ ਤਰੀਕੇ ਨਾਲ ਭਾਰਤ ਵਿੱਚ ਜੰਗੇ ਅਜਾਦੀ ਅਰੰਭ ਕਰ ਦਿੱਤੀ। ਇਸ ਯਤਨ ਨੂੰ ਫੇਲ੍ਹ ਕਰਨ ਲਈ ਕੁੱਝ ਪੰਜਾਬੀ ਅੰਗਰੇਜ਼ਾਂ ਦੇ ਪਿੱਠੂ ਬਣੇ ਅਤੇ ਹਰ ਸਥਿਤੀ ਵਿੱਚ ਉਹਨਾਂ ਦਾ ਪੱਖ ਪੂਰਦੇ ਰਹੇ। ਦੋ ਧਿਰਾਂ ਹੋਂਦ ਵਿੱਚ ਆਈਆਂ ਅਤੇ ਇੱਕ ਦੂਜੇ ਨੂੰ ਕਤਲ ਕਰਨ ਤੱਕ ਚਲੀਆਂ ਗਈਆਂ। 1914 ਵਿੱਚ ਅੰਗਰੇਜ਼ਾ ਦੇ ਪਿੱਠੂ ਬੇਲਾ ਸਿੰਘ ਨੇ ਗੁਰਦੁਆਰੇ ਵਿੱਚ ਸ਼ਾਮ ਨੂੰ ਕੀਰਤਨ ਕਰਦੇ ਪੰਜਾਬੀਆਂ ਤੇ ਗੋਲੀ ਚਲਾ ਕੇ, ਭਾਗ ਸਿੰਘ ਅਤੇ ਬਦਨ ਸਿੰਘ ਨੂੰ ਕਤਲ ਕਰ ਦਿੱਤਾ। 1933 ਵਿੱਚ ਬੇਲਾ ਸਿੰਘ ਦੇ ਕਤਲ ਨਾਲ ਨਾਵਲ ਖਤਮ ਹੁੰਦਾ ਹੈ।

ਸਾਰਾ ਨਾਵਲ ਕਚਹਿਰੀ ਵਿੱਚ ਚਲ ਰਹੀ ਫੌਜਦਾਰੀ ਮੁਕੱਦਮੇ ਦੀ ਕਾਰਵਾਈ ਸ਼ੈਲੀ ਵਿੱਚ ਲਿਖਿਆ ਨਾਵਲ ਹੈ। 19 ਸਾਲਾਂ ਵਿੱਚ ਹੋਏ ਕਤਲਾਂ ਦੇ ਗਵਾਹਾਂ ਦੇ ਕਚਹਿਰੀਆਂ ਵਿੱਚ ਦਿੱਤੇ ਬਿਆਨ ਇਸ ਨਾਵਲ ਦਾ ਉਸਾਰ ਬਣਦੇ ਹਨ ਅਤੇ ਬਿਆਨਾਂ ਦੇ ਤੱਥ ਹੀ ਕਥਾਨਕ ਬੁਣਦੇ ਅਤੇ ਉਸਾਰਦੇ ਜਾਂਦੇ ਹਨ।

ਦੇਸ਼ ਭਗਤੀ ਦਾ ਜਜ਼ਬਾ ਸਾਰੇ ਕਥਾਨਕ ਦੀ ਕੇਂਦਰੀ ਚੂਲ ਹੈ। ਦੇਸ਼ ਦੇ ਹਿਤ ਅਤੇ ਨਿੱਜੀ ਹਿਤ ਪੂਰੇ ਜੋਸ਼ ਨਾਲ ਟਕਰਾਉਂਦੇ ਹਨ। ਬੇਲਾ ਸਿੰਘ. ਬਾਬੂ ਸਿੰਘ ਅਤੇ ਗੰਗਾ ਰਾਮ ਆਦਿ ਪਾਤਰ ਨਿੱਜੀ ਹਿਤਾਂ ਅਤੇ ਸਰਮਾਏ ਦੇ ਲਾਲਚ ਵਿੱਚ ਅੰਗਰੇਜ਼ਾਂ ਦਾ ਪੱਖ ਪੂਰਦੇ ਹਨ ਕਿਉਂ ਕਿ ਉਹਨਾਂ ਅੰਦਰ ਪੈਦਾ



ਹੋਈ ਮਾਇਆ ਦੀ ਭੁੱਖ ਅੰਗਰੇਜ਼ਾਂ ਨਾਲ ਖੜੋ ਕੇ ਹੀ ਸੰਤੁਸ਼ਟ ਹੁੰਦੀ ਹੈ। ਸਰਮਾਏ ਦਾ ਨਿਜ਼ਾਮ ਉਹਨਾਂ ਨੂੰ ਆਪਣੇ ਦੇਸ਼ ਆਪਣੇ ਲੋਕ ਅਤੇ ਆਪਣੀਆਂ ਕਦਰਾਂ ਕੀਮਤਾਂ ਦਾ ਦੁਸ਼ਮਣ ਬਣਾ ਦਿੰਦਾ ਹੈ। ਦੋਹਾਂ ਧੜਿਆਂ ਦਾ ਵਿਰੋਧ ਤਿੱਖਾ ਹੁੰਦਾ ਜਾਂਦਾ ਹੈ। ਗਦਰੀ ਬਾਬੇ 'ਗਦਰ ਗੂੰਜ' ਅਖਬਾਰ ਵਿੱਚ ਆਪਣਾ ਉਦੇਸ਼ ਅੰਕਿਤ ਕਰਦੇ ਹੋਏ ਲਿਖਦੇ ਹਨ ਕਿ ਦੇਸ਼ ਨੂੰ ਅਜਾਦ ਕਰਾਉਣਾ ਮੁੱਖ ਸੀ। ਇਸ ਯਤਨ ਵਿੱਚ ਸਿੱਖ, ਹਿੰਦੂ ਅਤੇ ਮੁਸਲਮਾਨ ਇਕੱਠੇ ਹੋ ਕੇ ਸ਼ਾਮਲ ਹੁੰਦੇ ਹਨ ਅਤੇ ਲੜਦੇ ਹਨ। ਬੇਲਾ ਸਿੰਘ ਅਤੇ ਕ੍ਰਿਪਾਲ ਸਿੰਘ ਵਰਗੇ ਥਿੜਕੇ ਬੰਦਿਆਂ ਕਾਰਨ ਇਹ ਹਥਿਆਰ ਬੰਦ ਯਤਨ ਫੇਲ੍ਹ ਹੁੰਦਾ ਹੈ। 'ਗ਼ਦਰ ਲਹਿਰ' ਪੂਰੀ ਤਰ੍ਹਾਂ ਦਬਾ ਦਿੱਤੀ ਜਾਂਦੀ ਹੈ ਜੋ ਕੁਝ ਸਾਲਾਂ ਬਾਅਦ ਫੇਰ ਬੱਬਰ ਅਕਾਲੀ ਲਹਿਰ ਦੇ ਰੂਪ ਵਿੱਚ ਉਭੱਰਦੀ ਹੈ। ਬੱਬਰ ਅਕਾਲੀ ਹੀ ਇਸ ਨਾਵਲ ਦੇ ਮੁੱਖ ਪਾਤਰ ਬੇਲਾ ਸਿੰਘ ਨੂੰ 1933 ਵਿੱਚ ਕਤਲ ਕਰਦੇ ਹਨ ਬੇਸ਼ਕ ਗਦਰ ਲਹਿਰ ਦੇ ਦੁਸ਼ਮਨਾਂ ਤੋਂ ਬਦਲਾ ਬੱਬਰ ਅਕਾਲੀ ਲਹਿਰ ਦੇ ਕਾਰਕੁਨ ਲੈਂਦੇ ਹਨ। ਪਰ ਨਾਵਲ ਵਿੱਚ ਦੋਨਾਂ ਲਹਿਰਾਂ ਦੇ ਉਦੇਸ਼ਾਂ ਵਿੱਚ ਵੱਡਾ ਅੰਤਰ ਆ ਜਾਂਦਾ ਹੈ। ਗਦਰੀ ਬਾਬੇ ਪੂਰੇ ਦੇਸ਼ ਵਿੱਚ ਦੇਸ਼ ਵਾਸੀਆਂ ਦਾ ਰਾਜ ਚਾਹੁੰਦੇ ਹਨ — ਪਰ ਬਬਰ ਅਕਾਲੀ ਲਹਿਰ ਦਾ ਉਦੇਸ਼ ਪੰਜਾਬ ਵਿੱਚ ਸਿੱਖ ਰਾਜ ਅਤੇ ਬਾਕੀ ਦੇਸ਼ ਵਿੱਚ ਸਵੈਰਾਜ ਸਥਾਪਤ ਕਰਨਾ ਹੈ। ਬੱਬਰ ਅਕਾਲੀ ਲਹਿਰ ਨੂੰ ਗ਼ਦਰ ਲਹਿਰ ਦਾ ਹੀ ਪ੍ਰਵਤਿਤ ਰੂਪ ਮੰਨਿਆ ਜਾ ਸਕਦਾ ਹੈ ਪਰ ਦੋਨਾਂ ਦੇ ਉਦੇਸ਼ਾਂ ਵਿੱਚ ਅੰਤਰ ਆ ਗਿਆ ਹੈ।

ਦੂਜੀ ਗੱਲ ਜੋ ਨਾਵਲ ਵਿੱਚ ਉਭਰਦੀ ਹੈ ਉਹ ਹੈ ਪੰਜਾਬੀ ਮਾਨਸਿਕਤਾ ਦਾ ਅਸਥਿਰ ਹੋਣਾ— ਗ਼ਦਰ ਲਹਿਰ ਅਤੇ ਬੱਬਰ ਅਕਾਲੀ ਲਹਿਰ ਜਿੰਨੀ ਤੇਜ਼ੀ ਨਾਲ ਸ਼ੁਰੂ ਹੁੰਦੀਆਂ ਹਨ ਉਨੀ ਤੇਜ਼ੀ ਨਾਲ ਹੀ ਖਤਮ ਹੋ ਜਾਂਦੀਆਂ ਹਨ। ਮਾਅਰਕੇ ਮਾਰਨ ਦੀ ਮਨੋ-ਸਥਿਤੀ ਪੰਜਾਬੀ ਮਨ ਵਿੱਚ ਪਈ ਹੈ।

ਇਸੇ ਤਰਾਂ ਬਦਲਾ ਲੈਣ ਦੀ ਮਨੋ ਸਥਿਤੀ ਵੀ ਪੰਜਾਬੀ ਜੀਵਨ ਦਾ ਸਥਾਈ ਅੰਗ ਹੈ। ਬੇਸ਼ਕ ਇਸ ਨੂੰ ਕਬੀਲਾ ਬਿਰਤੀ ਕਿਹਾ ਜਾ ਸਕਦਾ ਹੈ। ਪਰ ਇਸ ਵਿੱਚ ਪੰਜਾਬੀ ਜੀਵਨ ਦੀ ਵਿਲੱਖਣਤਾ ਵੀ ਨਜ਼ਰ ਆਉਂਦੀ ਹੈ। ਇਸ ਕਥਾਨਕ ਵਿੱਚ ਇੱਕ ਤੋਂ ਬਾਅਦ ਇੱਕ ਕਤਲ ਹੋਰ ਕਾਰਨਾਂ ਤੋਂ ਇਲਾਵਾ 'ਬਦਲਾ ਲੈਣ' ਦੀ ਬਿਰਤੀ ਅਧੀਨ ਹੁੰਦੇ ਹਨ। ਬਦਲਾ ਲੈਣ ਦਾ ਜਜ਼ਬਾ ਦੇਸ਼-ਭਗਤੀ ਦੇ ਜਜ਼ਬੇ ਤੇ ਭਾਰੂ ਹੋ ਜਾਂਦਾ ਹੈ। ਇਹ ਮਨੋ ਸਥਿਤੀ ਕਿਸੇ ਵੀ ਲਹਿਰ ਨੂੰ ਵਿਗਿਆਨਕ ਪੈਂਤੜੇ ਅਤੇ ਜੀਵਨ ਦੇ ਰੈਸ਼ਨੇਲ ਤੋਂ ਥਿੜਕਾ ਦਿੰਦੇ ਹਨ। ਦੇਸ਼ ਦੁਸ਼ਮਨ ਦੀ ਥਾਂ ਤੇ ਨਿੱਜੀ ਦੁਸ਼ਮਨ ਪੰਜਾਬੀ ਸੁਭਾਅ ਲਈ ਵੱਡਾ ਦੁਸ਼ਮਨ ਹੈ।

ਅਜਿਹੇ ਬਿਰਤਾਂਤਾਂ ਨਾਲ ਭਰਪੂਰ ਇਹ ਬੇਰਸ ਨਾਵਲ ਇੱਕ ਇਤਿਹਾਸਕ ਦਸਤਾਵੇਜ਼ ਤਾਂ ਹੈ ਪਰ ਉੱਚ ਦਰਜੇ ਦੀ ਸਾਹਿਤਕ ਕ੍ਰਿਤ ਨਹੀਂ ਬਣਦੀ। ***—ਰਾਮ ਸਿੰਘ, ਗੌ: ਕਾਲਜ ਕਾਲਕਾ***

## ਕਿਰਚਾਂ ਦੀ ਨਿਸ਼ਾਨ ਦੇਹੀ - 'ਢਾਈ ਅੱਖਰ'

ਢਾਈ ਅੱਖਰ ਐਸ. ਤਰਸੇਮ ਦਾ ਦੂਜਾ ਗੁਜ਼ਲ ਸੰਗ੍ਰਹਿ ਹੈ। ਇਸ ਤੋਂ ਪਹਿਲਾਂ ਉਹ ਕਿਰਮਿਚੀ ਹਰਫ ਕਾਲੇ ਹਾਸ਼ੀਏ ਦੁਆਰਾ ਇੱਕ ਸਫਲ ਗਜ਼ਲਗੋ ਦੇ ਤੌਰ ਤੇ ਪਹਿਚਾਣ ਕਰਵਾ ਚੁੱਕਾ ਹੈ। ਤਰਸੇਮ ਨੇ ਬਹੁਚਰਚਿਤ ਗ਼ਜ਼ਲ ਸੰਗ੍ਰਹਿ 'ਅੱਧੀ ਸਦੀ ਦੀ ਮਹਿਕ', ਜਿਸ ਵਿੱਚ ਪੰਜਾਬੀ ਦੇ ਸਮੁੱਚੇ ਗੁਜ਼ਲਕਾਰਾਂ ਦੀਆਂ ਗਜ਼ਲਾਂ ਸ਼ਾਮਿਲ ਹਨ, ਵੀ ਸੰਪਾਦਕ ਕਰਕੇ ਅਜੋਕੀ ਗਜ਼ਲਕਾਰੀ ਦੇ ਮੈਦਾਨ ਵਿਚ ਆਪਣੀ ਸੂਝ ਦਾ ਸਿੱਕਾ ਮੰਨਵਾ ਚੁੱਕਾ ਹੈ। ਆਪਣੀਆਂ ਗਜ਼ਲਾਂ ਵਿਚ ਲੇਖ ਹਮੇਸ਼ਾ ਹੀ ਬੁਨਿਆਦ ਪ੍ਰਸਤੀ, ਰੂੜੀਵਾਦ, ਧਾਰਮਕ ਮੂਲਵਾਦ ਭ੍ਰਿਸ਼ਟ ਰਾਜਨੀਤੀ ਕਿਰਤੀਆਂ ਦੀ ਹੋ ਰਹੀ ਬੇ ਕਿਰਕ ਲੁੱਟ ਅਤੇ

ਸ਼ਾਵਨਵਾਦ ਦੇ ਵਿਰੁਧ ਸ਼ਿਅਰ ਕਹਿੰਦਾ ਰਿਹਾ ਹੈ। ਹਥਲੀ ਪੁਸਤਕ ਵਿਚ 80 ਸਫਿਆਂ ਵਿੱਚ 59 ਗ਼ੁਜ਼ਲਾਂ ਅਤੇ 5 ਤਜ਼ਮੀਨਾਂ ਹਨ। ਗ਼ਜ਼ਲਾਂ ਪੜ੍ਹਨ ਪਿੱਛੋਂ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਉਸ ਵੱਲੋਂ ਲਿਖੇ ਪੁਸਤਕ ਦੇ ਮੁਢ ਵਿੱਚਲੇ ਲੇਖ ਤੋਂ ਵੀ ਮਿਲਦਾ ਹੈ ਜਿਸ ਵਿਚ ਉਸਨੇ ਗ਼ਜ਼ਲ ਖੇਤਰ ਵਿਚ ਆਉਂਦੇ ਬਹਿਸ ਯੋਗ ਮੁੱਦਿਆਂ, ਜਿਵੇਂ ਕਿ ਪੰਜਾਬੀ ਗ਼ਜ਼ਲ ਦਾ ਇਤਿਹਾਸ, ਗ਼ਜ਼ਲ ਜੀ ਮੁਢਲੀ ਬਣਤਰ, ਮਤਲਾ, ਮਕਤਾ, ਕਾਫੀਆ, ਰਦੀਫ, ਸ਼ਿਅਰਾਂ ਦੀ ਮਿਆਰੀ ਗਿਣਤੀ ਅਰੂਜ ਤੇ ਪਿੰਗਲ ਦੀ ਮੁਢਲੀ ਜਾਣਕਾਰੀ, ਮਾਤ੍ਰਿਕ ਤੇ ਵਰਣਕ ਛੰਦ, ਤਲਫੱਜ਼, ਮੁਹਾਵਰਿਆਂ ਦੀ ਦਰੁਸਤ ਵਰਤੋਂ ਲਿੰਗ ਤੇ ਵਚਨ ਪ੍ਰਬੰਧ, ਅਧੱਕ ਬਿੰਦੀ ਤੇ ਟਿੱਪੀ ਅਤੇ 'ਹ' ਆਦਿ ਦੇ ਗਿਰਾਉਣ ਬਾਰੇ ਵਿਸ਼ਿਆਂ ਨੂੰ ਛੂਹਿਆ ਹੈ। ਭਾਵੇਂ ਕਿ ਤਰਸੇਮ ਨੇ ਇੱਕ ਸ਼ਿਅਰ ਵਿੱਚ ਰਵਾਇਤੀ ਗ਼ਜ਼ਲ ਵਿਰੋਧੀ ਖੇਮੇ ਨਾਲ ਬਣਾਈ ਰੱਖਣ ਅਤੇ ਵਿਖਾਵੇ ਦੇ ਬਣਾਵਟ ਦੀ ਰਵਾਇਤ ਮੁਜਬ ਐਲਾਨ ਕੀਤਾ ਹੈ ਕਿ 'ਨਾ ਇਹ ਪਿੰਗਲ ਜਾਣਦਾ ਨਾ ਇਹ ਜਾਣੇ ਬਹਿਰ' ਪਰ ਪਿੰਗਲ ਅਤੇ ਬਹਿਰ ਬਾਰੇ ਉਸਤਾਦੀ ਵੀ ਕਰਦਾ ਹੈ ਇਹ ਆਪਾਵਿਰੋਧੀ ਧਰਮ 'ਪਾਤਰ' ਤੋਂ ਸ਼ੁਰੂ ਹੋਇਆ ਸੀ ਜੋ ਅਗਾਂਹ ਟਿੱਡ ਦਾ ਫੁਰਲਾ ਬਣ ਗਿਆ।

ਐਸ ਤਰਸੇਮ ਦੀ ਪੁਸਤਕ 'ਢਾਈ ਅੱਖਰ' ਦੀ ਸ਼ਾਇਰੀ ਜਿੱਥੇ ਕਲਾਤਮਿਕ ਸੂਝ ਨਾਲ ਓਤ ਪ੍ਰੋਤ ਹੈ ਉਥੇ ਉਸਨੇ ਵਿਸ਼ੇ ਪ੍ਰਤੀ ਵੀ ਪੂਰੀ ਸਜੱਗਤਾ ਅਤੇ ਲੋਕਾਂ ਨਾਲ ਖਲੋ ਕੇ ਗੱਲ ਕਰਨ ਦੀ ਖੂਬੀ ਪੈਦਾ ਕੀਤੀ ਹੈ। ਆਧੁਨਿਕ ਯੁਗ ਦੇ ਮਨੁੱਖ ਸਾਹਵੇਂ ਜੋ ਜਟਿਲ ਸਮੱਸਿਆਵਾਂ ਅਤੇ ਪ੍ਰਸਥਿਤੀਆਂ ਮੂੰਹ ਅੱਡੀ. ਖੜੀਆਂ ਹਨ ਉਹਨਾਂ ਦੀ ਹਰ ਜ਼ਾਵੀਏ ਤੋਂ ਪੇਸ਼ਕਾਰੀ ਸ਼ਿਅਰਾਂ ਵਿੱਚ ਹੋਈ ਮਿਲਦੀ ਹੈ। ਢਾਈ ਅੱਖਰ ਵਿੱਚ ਮਾਨਵੀ ਸੰਵੇਦਨਸ਼ੀਲਤਾ, ਅਮਾਨਵੀ ਵਰਤਾਰੇ, ਪੰਜਾਬੀ ਸਭਿਆਚਾਰਕ ਸੰਕਟ, ਹਤਿਆਰਿਆਂ ਦਾ ਰਾਜ, ਪਰ ਚੰਦ ਤਾਰਿਆਂ ਨੂੰ ਸੂਲੀ ਦੀਆਂ ਸਜ਼ਾਵਾਂ ਦੇਣ ਵਰਗੇ ਗੰਭੀਰ ਖਿਆਲ ਸ਼ਿਅਰਾਂ ਵਿੱਚ ਬਹੁਤ ਹੀ ਸਰਲਤਾ ਪਰ ਦਿਲ ਟੁੰਬਵੇਂ ਤੌਰ ਉੱਤੇ ਪੇਸ਼ ਕੀਤੇ ਗਏ ਹਨ। ਤਰਸੇਮ ਕੋਲ ਤਾਜ਼ਾ ਬਿੰਬਾਂ ਚਿੰਨਾ ਪ੍ਰਤੀਕਾਂ ਦੀ ਸ਼ਗੁਫਤਗੀ ਦੀ ਗੁਲਜ਼ਾਰ ਹੈ। ਧੁੱਪ, ਸੂਰਜ, ਔਰੰਗਜ਼ੇਬ, ਫੌਜੀ ਬੂਟ, ਚੁੱਲ੍ਹੇ, ਖਿੜਕੀ, ਮਿਸਤਰੀ, ਘਰ, ਸਾਗਰ, ਮੀਰਾ, ਧੂੰਆਂ ਮਿੱਟੀ, ਰੌਲਾ, ਰੋਗ ਪੁਤਲੀ, ਵਰ ਯੋਗ ਕੁਆਰੀ ਧੀ, ਮੁਰਦਾਘਾਟ, ਰਿਸ਼ਤਿਆਂ ਦੀ ਭੀੜ, ਰੰਗ, ਗੁਲਾਬਾਂ, ਚਾਨਣ, ਦਫਤਰ, ਸ਼ੀਸ਼ਾ, ਰਫਲਾਂ, ਫੌਜੀ ਜੀਪ, ਸ਼ਾਹੀ ਤਰਖਾਣ, ਗਜ਼ਲ ਵਰਗੀ ਮੁਟਿਆਰ, ਕਬੂਤਰਾਂ, ਚਮੇਲੀ, ਮਛਲੀਆਂ ਨਛਤਰ, ਦਿੱਲ ਮੋਰ, ਕਲਮ ਅੰਗਾਰ, ਚਾਨਣ ਦਾ ਵਗਦਾ ਦਰਿਆ ਆਦਿ ਆਮ ਚਿੰਨਾਂ ਵਿੱਚੋਂ ਉਹ ਨਵੀਂ ਨਵੇਕਲੇ ਅਰਥ ਸਿਰਜ ਸਕਣ ਦਾ ਸ਼ਾਹ ਅਸਵਾਰ ਹੈ। ਤਿਤਲੀ ਪ੍ਰਤੀਕ ਨੂੰ ਉਸ ਨੇ ਘੱਟੋ ਘਟ 20 ਵੱਖ ਵੱਖ ਅਰਥਾਂ ਵਿਚ ਲਿਆ ਹੈ।

ਤਰਸੇਮ ਦੀਆਂ ਉਵੇਂ ਤਾਂ ਸਾਰੀਆਂ ਗਜ਼ਲਾਂ ਹੀ ਪੜ੍ਹਨ ਯੋਗ ਅਤੇ ਆਪਣੇ ਨਾਲ ਵਾਰਤਾ ਮੁਜਬ ਹੈ ਪਰ ਉਸਦੀ ਦੂਜੀ ਗਜ਼ਲ ਬਹੁਤ ਪਿਆਰੀ ਹੈ ਜਿਸ ਦਾ ਇਹ ਸ਼ਿਅਰ ਅਮਰਤਾ ਦਾ ਦਰਜਾ ਰੱਖਦਾ ਹੈ :

ਭਵਿੱਖ ਦਾ ਫਿਕਰ ਕਿੰਨਾ ਹੈ, ਕਿ ਖੇਡਣ ਵਕਤ ਵੀ ਬੱਚਾ,
ਕਦੇ ਤਾਂ ਘਰ ਬਣਾਉਂਦਾ ਹੈ ਕਦੇ ਕਿਸ਼ਤੀ ਬਣਾਉਂਦਾ ਹੈ।
ਇਸ ਤੋਂ ਬਿਨ ਕੁਝ ਸ਼ਿਅਰ ਹੋਰ ਵੇਖੋ -
ਰੋਗੀ ਖਤਨੀ ਪੜ੍ਹਦਾ ਪੁੱਤਰ ਤੇ ਵਰ ਯੋਗ ਕੁਆਰੀ ਧੀ.

ਆਉਣ ਜਦੋਂ ਦਫਤਰ ਵਿਚ ਚੇਤੇ, ਕਰ ਬਹਿੰਦਾ ਹਾਂ ਘਰ ਦੀ ਗੱਲ।



ਤੁਸੀਂ ਹੀ ਹੋਰ ਚਿਹਰਾ ਲਾ ਕੇ ਅੱਜ ਇਸ਼ਨਾਨ ਕੀਤਾ ਹੈ,
ਕਿਸੇ ਨੇ ਗ਼ੁਸਲਖਾਨੇ ਦਾ ਨਹੀਂ ਹੈ ਬਦਲਿਆ ਸ਼ੀਸ਼ਾ।

ਕਿਸੇ ਲੂ ਨੂੰ ਨਹੀਂ ਭਉਂਦਾ ਉਹਦਾ ਵਧਣਾ ਤਿਰੇ ਘਰ ਵਿਚ
ਉਹਨੂੰ ਦਿਲ ਚਿ ਸਜਾ ਕੇ ਰੱਖ ਨਿਗਾਹਾਂ ਵਿਚ ਵਸਾ ਕੇ ਰੱਖ।

ਕਿਰਪਾਨ ਵੀ ਹੈ ਦਿਸਦੀ ਤਿਰਛੂਲ ਵੀ ਹੈ ਦਿਸਦਾ,
ਦਿਸਦੀ ਨਹੀਂ ਕਿਤੇ ਪਰ ਘਰ ਵਿਚ ਰਬਾਬ ਤੇਰੇ!

ਬੰਦ ਪਈ ਹੈ ਬੋਤਲ ਦੇ ਵਿਚ ਜੋ ਮੱਛੀ ਬਦਕਿਸਮਤ
ਸੁਣਿਐ ਕਿ ਉਹ ਪੁਛਦੀ ਹੈ ਦਰਿਆਵਾਂ ਦੇ ਸਿਰਨਾਂਵੇਂ।
ਥਾਂ ਦੀ ਘਾਟ ਕਰਕੇ ਹੋਰ ਵੀ ਸੁੰਦਰ ਸ਼ਿਅਰ ਤੁਸੀਂ ਪੁਸਤਕ ਵਿੱਚੋਂ ਪੜ੍ਹ ਸਕਦੇ ਹੋ।

ਤਰਸੇਮ ਹੁਣ ਐਸੇ ਮੁਕਾਮ ਉੱਤੇ ਹੈ ਕਿ ਆਸ ਕੀਤੀ ਜਾਵੇ ਕਿ ਉਸਦੇ ਸ਼ਿਅਰ ਕੋਟ ਕੀਤੇ ਜਾ ਸਕਣ। ਪਰ ਢਾਈ ਅੱਖਰ ਦੀ ਸ਼ਾਇਰੀ ਤੋਂ ਨਿਰਾਸ਼ਾ ਵੀ ਹੱਥ ਲਗਦੀ ਹੈ। ਬਹੁਤ ਸਾਰੀ ਸੁਸਤ ਬੰਦਸ਼ ਅਤੇ ਸਤਹੀ ਸ਼ਿਅਰਕਾਰੀ ਦੀ ਭਰਤੀ ਵੀ ਹੈ।

ਮਿਸਾਲ ਵਜੋਂ ਕੁਝ ਮੁਹਮਲ ਤੇ ਢਿਲ ਮਿਲੇ ਸ਼ਿਅਰ ਵੇਖੋ

1. ਲਾਸ਼ਾਂ ਦਾ ਜੇ ਢੇਰ ਲਗਾਉਣੈ ਏਦਾਂ ਹੀ
ਠਹਿਰੋ ਮੈਂ ਵੀ ਦਿਲ ਤੇ ਇਕ ਪੱਥਰ ਧਰ ਲਾਂ। (ਕੀ ਇਸ ਮੌਕੇ ਏਹੀ ਹੋ ਸਕਦਾ ਹੈ?)
2. ਗੋਦ ਵਿਚ ਜਿਸ ਨੂੰ ਖਿਡਾਦਿਆਂ ਸੀ ਸਮਝ ਭੋਲੀ ਚਿੜੀ
ਓਸ ਦੀ ਇਕ ਇਕ ਅਦਾ ਵਿਚ ਸੌ ਸੌ ਵਲ ਛਲ ਵੇਖਿਆ।
(ਇਹ ਹਰ ਮੁਟਿਆਰ ਹੁੰਦੀ ਕੁੜੀ ਨਾਲ ਜ਼ਿਆਦਤੀ ਹੈ)
3. ਬਾਗ ਵਿਚ ਆਉਂਦਾ ਰਹਾਂ ਫੁੱਲਾਂ ਬਹਾਨੇ ਜੇ ਤੁਸੀਂ
ਨਾਮ ਮੇਰੇ ਤਿਤਲੀਆਂ ਦੇ ਹੋਰ ਕੁਝ ਪਰ ਲਿਖ ਦਿਉ।
4. ਮੇਲੇ ਚੋਂ ਜਿਸ ਸੀ ਖੁਟਵਾਇਆਂ ਸੱਜੇ ਪਟ ਤੇ ਮੋਰ
ਆਖ ਚਰਿਤਰਹੀਣ ਕਿਸੇ ਕਿਉਂ ਉਸ ਨੂੰ ਦਿੱਤਾ ਮਾਰ ?
ਇਸ ਵਿੱਚੋਂ ਲਿੰਗ ਗਾਇਬ ਹੈ ਤੇ ਸ਼ਿਅਰ ਲਿੰਗ ਬਿਨਾ ਬੇਅਰਥ ਹੋ ਗਿਆ ਹੈ।
5. ਉਹਨਾਂ ਨੂੰ ਵੀ ਖਾ ਗਈ ਕਾਲੀ ਘਟਾ
ਜੋ ਸਿਤਾਰੇ ਸਨ ਚੜ੍ਹੇ ਚਮਕਣ ਲਈ।
ਅਰਜ਼ ਹੈ ਕਿ ਸਿਤਾਰੇ ਚਮਕਣ ਤੋਂ ਬਿਨਾ ਵੀ ਕਿਸੇ ਹੋਰ ਕੰਮ ਲਈ ਚੜ੍ਹਦੇ ਹਨ ?
6. ਉਸਦੀ ਲੰਗੋਟੀ ਤਾਂ ਕਿਤੇ ਵੋਟਾਂ 'ਚ ਵਿਕ ਗਈ
ਗਾਂਧੀ ਦੇ ਤਨ ਤੇ ਕੋਈ ਵੀ ਵਸਤਰ ਨਹੀਂ ਰਿਹਾ।
ਗਾਂਧੀ ਨੂੰ ਅਲਫ ਲੰਗਾ ਕਰ ਦਿੱਤਾ ਗਿਆ ਹੈ। ਵੋਟਾਂ ਵਿਚ ਲੰਗੋਟੀ ਵਿਕਣੀ ਫਜ਼ੂਲ ਗੱਲ ਹੈ।
7. ਮੋਹ ਦੇ ਜੇ ਸਭ ਪਤਰ ਜਲ ਗਏ ਕਿਸ ਤੇ ਫੇਰ ਲਿਖੋਗੇ
ਅਰਥੀ ਚੁੱਕਣ ਖਾਤਰ ਚਾਹ ਭਰਾਵਾਂ ਦੇ ਸਿਰਨਾਵੇਂ ?
ਸਭਿਆਚਾਰ ਦੀ ਬੇ-ਹਿੱਸੀ ਸਿਰਜੀ ਗਈ ਹੈ। ਆਦਮੀ ਨੂੰ ਆਪਣੀ ਅਰਥੀ ਨਾ ਚੁੱਕੀ ਜਾਣਦੇ

ਡਰ ਤੋਂ ਭੈ ਭੀਤ ਨਹੀਂ ਹੋਣਾ ਚਾਹੀਦਾ।

8. ਲੋਹੇ ਦੇ ਵੱਟੇ ਪੁਰਾਣੇ ਤੋਲ ਨਾ ਸਕਦੇ ਗ਼ਜ਼ਲ

ਇਹ ਲਹੂ ਦੇ ਨਾਲ ਤੁਲਦੀ ਇਹ ਹੈ ਇਕ ਵਗਦੀ ਨਦੀ।

ਸ਼ਿਅਰ ਵਿਚ ਵਗਦੀ ਨਦੀ ਲੂ ਲਹੂ ਨਾਲ ਤੋਲਣ ਦੀ ਪ੍ਰਤੀਕਤਾ ਮੂਲੋਂ ਗਲਤ ਹੈ।

ਬਹੁਤ ਥਾਈਂ ਗ਼ਲਤ ਸ਼ਬਦ ਜੜਤ ਕੀਤੀ ਗਈ ਹੈ ਤੇ ਵਜ਼ਨ ਪੂਰਾ ਕੀਤਾ ਗਿਆ ਹੈ। ਜਿਵੇਂ ਹੱਥੋਂ ਭਰਾ, ਕੋਲ ਥੋਡੇ, ਨਾਮ ਮੇਰੇ ਵਿਚ ਜਨਤੰਤਰ, ਵਿਚ ਸਮੁੰਦਰ, ਸਦਾ ਤਰਸੇਮ ਹਰ ਵੇਲੇ, ਆਦਿ। ਇਸ ਤੋਂ ਬਿਨਾ ਜਾਣਾ ਨੂੰ ਜਾਵਣਾ, ਮੁਰਦਾਘਾਟ ਨੂੰ ਮੁਰਦਘਾਟ ਗਈ ਨੂੰ ਗੀ, ਗਈਆਂ ਨੂੰ ਗੀਆਂ, ਜਾਂਦਾ ਨੂੰ ਜਾਂਵਦਾ, ਗਏ ਨੂੰ ਗੇ, ਲਵਾਂਗੇ ਨੂੰ ਲਾਂਗੇ?

ਸ਼ਾਇਰ ਨੇ ਪੁਸਤਕ ਵਿਚ ਐਲਾਨ ਤੋਂ ਉਲਟ ਰਹਿਣ ਸ਼ਬਦ ਨੂੰ ਸਫਾ 27 ਤੇ ਰ·ਹਿਣ ਦੇ ਵਜ਼ਨ ਵਿਚ ਬੰਨਿਆ ਹੈ।

ਪੁਸਤਕ ਵਿੱਚ ਤਿੰਨ ਗ਼ਜ਼ਲਾਂ ਦੇ ਕੇਵਲ 4-4 ਸ਼ਿਅਰ ਹਨ ਜਦ ਕਿ 5 ਸ਼ਿਅਰਾਂ ਬਿਨਾਂ ਗ਼ਜ਼ਲ ਨਹੀਂ ਬਣਦੀ। ਛੰਦਾਂ ਵਿੱਚ (ਪਿੰਗਲ ਤੇ ਛੰਦ) ਅਕਸਰ ਤੁਕਾਂਗ ਭੰਗ ਹੁੰਦਾ ਹੈ ਜੋ ਕਿ ਹੋਣਾ ਨਹੀਂ ਚਾਹੀਦਾ।

ਇਹਨਾਂ ਮਮੂਲੀ ਉਕਾਈਆਂ ਨੂੰ ਛੱਡ ਕੇ ਇਹ ਪੁਸਤਕ ਪੰਜਾਬੀ ਗ਼ਜ਼ਲ ਦਾ ਮੀਲ ਪੱਥਰ ਸਾਬਿਤ ਹੋਵੇਗੀ। *—ਸੁਲੱਖਣ ਸਰਹੱਦੀ*

## "ਕਹਾਣੀ-ਸ਼ਾਸ਼ਤਰ ਵੱਲ ਪੁੱਟਿਆ ਕਦਮ"

### (ਆਧੁਨਿਕ ਪੰਜਾਬੀ ਕਹਾਣੀ : ਦ੍ਰਿਸ਼ਟੀ ਮੂਲਕ ਪਰਿਪੇਖ)

ਡਾ. ਬਲਦੇਵ ਸਿੰਘ ਧਾਲੀਵਾਲ ਪੰਜਾਬ ਸਾਹਿਤ ਵਿਚਲਾ ਅਜਿਹਾ ਸਥਾਪਤ ਨਾਮ ਹੈ ਜੋ ਇੱਕੋ ਵੇਲੇ ਸਾਹਿਤਕ ਸਿਰਜਣਾ ਅਤੇ ਸਾਹਿਤ ਸਮੀਖਿਆ ਨਾਲ ਪੂਰੀ ਸਹਿਰਦਤਾ ਨਾਲ ਜੁੜਿਆ ਹੋਇਆ ਹੈ। ਉਹ ਪਿਛਲੇ ਦਸ ਬਾਰਾਂ ਸਾਲਾਂ ਤੋਂ ਇਨ੍ਹਾਂ ਦੋਹਾਂ ਖੇਤਰਾਂ ਵਿਚ ਨਿੱਠ ਕੇ ਕੰਮ ਰਿਹਾ ਹੈ, ਉਸ ਨਾਲ ਉਹ ਇਕ ਚਰਚਿਤ ਵਿਅਕਤੀ ਬਣ ਗਿਆ ਹੈ। ਉਸਦੀ ਇਹ ਚਰਚਾ ਉਸਦੀਆਂ ਬੇਬਾਕ ਟਿੱਪਣੀਆਂ ਅਤੇ ਵਿਚਾਰਾਂ ਦੀ ਧੁੰਦ ਵਿਚੋਂ ਸਪੱਸ਼ਟ ਵਿਚਾਰਾਂ ਨੂੰ ਨਿਤਾਰ ਕੇ ਪੇਸ਼ ਕਰ ਸਕਣ ਦੀ ਸਮਰੱਥਾ ਕਾਰਨ ਹੋਈ ਹੈ। ਇਸੇ ਲਈ ਉਸ ਦੇ ਸਿਰਜਣਾਤਮਿਕ ਅਤੇ ਸਮੀਖਿਅਤਮਕ ਸਰੋਕਾਰਾਂ ਨੂੰ ਸਮੇਂ-ਸਮੇਂ ਲੋੜੀਂਦੀ ਹੱਲਾ ਸ਼ੇਰੀ ਅਤੇ ਵਿਚਾਰਧਾਰਕ ਮਤਭੇਦਾਂ ਦੇ ਪਨਪਦਿਆਂ ਸੰਵਾਦ ਵਿਚੋਂ ਵੀ ਗੁਜ਼ਰਨਾ ਪਿਆ ਹੈ। ਸੰਤੁਸ਼ਟੀ ਦੀ ਗੱਲ ਇਹ ਹੈ ਕਿ ਇਸ ਨਾਲ ਉਸਦੇ ਕਾਰਜ ਦੀ ਗੰਭੀਰਤਾ ਨਾ ਤਾਂ ਕਿਤੇ ਉਤੇਜਨਾ ਅਤੇ ਨਾਂ ਹੀ ਵਿਚਾਰਧਾਰਕ ਧੁੰਦਲਕੇ ਦੀ ਸ਼ਿਕਾਰ ਬਣੀ ਹੈ। ਆਪਣੇ ਇਸੇ ਯਤਨ ਨੂੰ ਜਾਰੀ ਰੱਖਦਿਆਂ ਧਾਲੀਵਾਲ ਦੀ ਕਹਾਣੀ ਸਮੀਖਿਆ ਸੰਬੰਧੀ ਆਈ ਨਵੀਂ ਪੁਸਤਕ 'ਆਧੁਨਿਕ ਪੰਜਾਬੀ ਕਹਾਣੀ : ਦ੍ਰਿਸ਼ਟੀ ਮੂਲਕ ਪਰਿਪੇਖ' ਆਪਣੇ ਮਹੱਤਵ ਨੂੰ ਦ੍ਰਿੜ ਕਰਦੀ ਹੈ ਅਤੇ ਗੰਭੀਰ ਨੋਟਿਸ ਲਏ ਜਾਣ ਲਈ ਵੀ ਪ੍ਰੇਰਦੀ ਹੈ।

ਡਾ. ਬਲਦੇਵ ਧਾਲੀਵਾਲ ਕਹਾਣੀ ਸਿਰਜਣ ਵਿਚ ਵੀ ਸਫਲਤਾ ਨਾਲ ਹੱਥ ਅਜ਼ਮਾ ਚੁੱਕਾ ਹੈ ਇਸ ਲਈ ਉਹ ਕਹਾਣੀ ਦੀ ਸਿਰਜਣ ਪ੍ਰਕਿਰਿਆ ਬਾਰੇ ਅਨੁਭਵੀ ਵਿਅਕਤੀ ਹੈ। ਵਿਚਾਰ ਅਧੀਨ ਪੁਸਤਕ ਵਿਚ ਉਸਦੀ ਸਮੀਖਿਆ ਹਰ ਪੰਨੇ ਤੇ ਜਿਸ ਪ੍ਰਸ਼ਨ ਨਾਲ ਬਾਰ-ਬਾਰ ਜੂਝਦੀ ਹੈ ਉਹ ਹੈ ਕਹਾਣੀ ਦੀ ਸਿਰਜਣ ਪ੍ਰਕਿਰਿਆ ਵਿਚ ਸ਼ਾਮਿਲ ਮਹੱਤਵਪੂਰਨ ਤੱਤਾਂ ਦੀ ਨਿਸ਼ਾਨ ਦੇਹੀ ਕਰਨ ਅਤੇ



ਇਨ੍ਹਾਂ ਤੱਤਾਂ ਦੇ ਆਪਸੀ ਜੁੜਨ, ਟੁੱਟਣ ਖੱਪੇ ਤੇ ਰਹਿਣ ਜਾਂ ਅਲੋਪ ਹੋ ਕੇ ਕਹਾਣੀ ਦੇ ਉਸਾਰੇ ਸਮੁੱਚੇ ਬਿੰਬ ਨੂੰ ਪਕੜਣ ਦੀ ਚਿੰਤਨ-ਸ਼ਾਸ਼ਤ੍ਰੀ ਚਿੰਤਾ। ਅਜਿਹਾ ਕਰਦਿਆਂ ਉਹ ਸਮੁੱਚੇ ਯਤਨ ਨੂੰ ਲੇਖਕ ਸਿਰਜਕ ਦਾ ਚੇਤੰਨ ਯਤਨ ਮੰਨਦਾ ਹੈ ਅਤੇ ਜੋ ਗੱਲ ਉਸ ਨੂੰ ਉਸ ਮਹੱਤਵਪੂਰਨ ਪ੍ਰੇਰਕ ਦੀ ਨਿਸ਼ਾਨ ਦੇਹੀ ਕਰਨ ਅਤੇ ਆਪਣੇ ਥੀਸਿਸ ਦਾ ਆਧਾਰ ਬਣਾਉਣ ਲਈ ਪ੍ਰੇਰਦੀ ਹੈ ਉਹ ਹੈ ਲੇਖਕੀ ਸਿਰਜਨ ਦੀ 'ਰਚਨਾ-ਦ੍ਰਿਸ਼ਟੀ'। ਇਸ ਤਰਾਂ ਕਰਦਿਆਂ ਉਹ ਰਚਨਾ ਵਸਤੂ, ਰਚਨਾ-ਵਿਧੀ ਅਤੇ ਰਚਨਾ-ਦ੍ਰਿਸ਼ਟੀ ਦੇ ਪੱਖੀ ਸੂਤਰ ਨੂੰ ਆਪਣੀ ਸਮੁੱਚੇ ਅਧਿਐਨ ਦਾ ਆਧਾਰ ਬਣਾਉਂਦਾ ਹੈ ਅਤੇ ਇਸੇ ਦੇ ਸੰਦਰਭ ਵਿਚ ਹੀ ਸਮੁੱਚੇ ਸਮੀਖਿਆ ਕਾਰਜ ਨੂੰ ਨੇਪਰੇ ਚਾੜ੍ਹਦਾ ਹੈ।

ਮੂਲ ਰੂਪ ਵਿਚ ਇਹ ਪੁਸਤਕ ਉੱਨੀ ਅਧਿਆਵਾਂ ਦੇ ਆਰ-ਪਾਰ ਫੈਲੀ ਹੋਈ ਹੈ ਅਤੇ ਇਸ ਵਿਚ ਸਮੁੱਚੀ ਪੰਜਾਬੀ ਕਹਾਣੀ ਮੂਲ ਪੰਜਾਬੀ ਕਹਾਣੀ, ਪਰਵਾਸੀ ਪੰਜਾਬੀ ਕਹਾਣੀ ਅਤੇ ਪਾਕਿਸਤਾਨੀ ਪੰਜਾਬੀ ਕਹਾਣੀ) ਨੂੰ ਆਪਣੇ ਅਧਿਐਨ ਵਿਚ ਲੈਣ ਦਾ ਯਤਨ ਕੀਤਾ ਗਿਆ ਹੈ। ਪੁਸਤਕ ਵਿਚ ਸ਼ਾਮਲ ਸਮੀਖਿਆ ਪਾਠਾਂ ਨੂੰ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ। ਇੱਕ ਪਾਸੇ ਉਹ ਪਾਠ ਹਨ ਜੋ ਪੰਜਾਬ, ਵਿਦੇਸ਼ ਜਾਂ ਪਾਕਿਸਤਾਨ ਵਿਚ ਵੱਸਣ ਵਾਲੇ ਕਹਾਣੀਕਾਰਾਂ ਦੀਆਂ ਕਹਾਣੀ ਪੁਸਤਕਾਂ ਦੀ ਸਮੀਖਿਆ ਨਾਲ ਸੰਬੰਧਿਤ ਹਨ। ਇਸ ਸ਼੍ਰੇਣੀ ਵਿਚ ਨਾਨਕ ਸਿੰਘ, ਗੁਰਬਖਸ਼ ਸਿੰਘ ਪ੍ਰਤੀਲੜੀ, ਸੁਜਾਨ ਸਿੰਘ, ਸੰਤ ਸਿੰਘ ਸੇਖੋਂ, ਵਰਿਆਮ ਸਿੰਘ ਸੰਧੂ, ਬਲਦੇਵ ਸਿੰਘ, ਡਾ. ਸਵਰਨ ਚੰਦਨ, ਨਿਪਇੰਦਰ ਰਤਨ, ਵੀਨਾ ਵਰਮਾ, ਰਘੁਬੀਰ ਢੰਡ ਅਤੇ ਇਲਿਆਸ ਘੁੰਮਣ ਜਿਹੇ ਕਹਾਣੀਕਾਰਾਂ ਦੀਆਂ ਵੱਖ-ਵੱਖ ਕਹਾਣੀ ਪੁਸਤਕਾਂ ਨੂੰ ਅਧਿਐਨ ਪ੍ਰਕਿਰਿਆ ਵਿਚ ਲਿਆ ਗਿਆ ਹੈ।

ਦੂਜੀ ਸ਼੍ਰੇਣੀ ਉਨ੍ਹਾਂ ਸਮੀਖਿਆ-ਪਾਠਾਂ ਨਾਲ ਸੰਬੰਧਿਤ ਹੈ ਜੋ ਬਲਦੇਵ ਧਾਲੀਵਾਲ ਦੀ ਪੰਜਾਬੀ ਕਹਾਣੀ ਸੰਬੰਧੀ ਸਮੁੱਚੀ ਸਮਝ ਉਤੇ ਆਧਾਰਿਤ ਹਨ। ਇਨ੍ਹਾਂ ਸਮੀਖਿਆ ਪਾਠਾਂ ਵਿਚ ਉਹ ਪੰਜਾਬੀ ਕਹਾਣੀ ਨੂੰ ਇਸਦੀ ਵਿਕਾਸ ਪ੍ਰਕਿਰਿਆ ਦੇ ਰੁਖ਼ ਸਮਝਦੇ ਹੋਏ ਇਸਦੇ ਸਿਰਜਣਸ਼ੀਲ ਚਿੰਤਨੀ ਧਰਾਤਲਾਂ ਦੀ ਪਛਾਣ ਕਰਦਾ ਹੈ। ਇਸ ਸੰਬੰਧ ਵਿਚ ਲਿਖੇ ਛੇ ਅਧਿਆਇ ਪਾਠਕ ਦਾ ਉਚੇਚਾ ਧਿਆਨ ਖਿੱਚਦੇ ਹਨ ਅਤੇ ਉਸਦੇ ਗਿਆਨ ਸ਼ਾਸਤ੍ਰੀ ਸਰੋਕਾਰਾਂ ਵਿਚ ਕੁਝ ਨਵਾਂ ਜੋੜਨ ਵਾਲੇ ਹਨ। ਪੁਸਤਕ ਦਾ ਪਹਿਲਾ ਅਧਿਆਇ 'ਪੰਜਾਬੀ ਕਥਾ ਦ੍ਰਿਸ਼ਟੀ' ਵਿਚ ਉਹ ਬਿਰਤਾਂਤ-ਸ਼ਾਸ਼ਤ੍ਰ ਤੇ ਮਾਡਲ ਸੰਬੰਧੀ ਪੰਜਾਬੀ ਵਿਚ ਪ੍ਰਾਪਤ ਸਮੀਖਿਆ ਸਾਮੱਗ੍ਰੀ ਦਾ ਲਾਭ ਉਠਾਉਂਦੇ ਹੋਏ ਇਸ ਤੋਂ ਉਪਜੀ ਸੂਝ ਨੂੰ ਜ਼ਜਬ ਕਰਕੇ ਕਹਾਣੀ ਦੀ ਸੰਰਚਨਾ ਨੂੰ ਸਮਝਣ ਦਾ ਯਤਨ ਕਰਦਾ ਹੈ। ਆਪਣੀ ਇਸੇ ਸੂਝ ਨੂੰ ਉਹ ਪੰਜਾਬੀ ਕਥਾ-ਦ੍ਰਿਸ਼ਟੀ ਨੂੰ ਸਮਝਣ ਹਿੱਤ ਵਰਤਦਾ ਹੈ ਅਤੇ ਆਪਣੀ ਹਰ ਧਾਰਨਾ ਨੂੰ ਸਪੱਸ਼ਟ ਕਰਨ ਲਈ ਕਹਾਣੀਕਾਰਾਂ ਦੀਆਂ ਕਹਾਣੀਆਂ ਦੀਆਂ ਮਿਸਾਲਾਂ ਦੇ ਕੇ ਸਪੱਸ਼ਟ ਕਰਦਾ ਹੈ। ਇਹ ਕਾਰਜ ਉਹ ਚਰਨ ਸਿੰਘ ਸ਼ਹੀਦ ਦੀ ਕਹਾਣੀ 'ਦਿੱਬ-ਦ੍ਰਿਸ਼ਟੀ' ਤੋਂ ਸ਼ੁਰੂ ਕਰਕੇ ਬਿਲਕੁਲ ਨਵੇਂ ਕਹਾਣੀਕਾਰ ਅਜਮੇਰ ਸਿੱਧੂ ਦੀ ਕਹਾਣੀ 'ਥੇਹ' ਤੱਕ ਫੈਲਾਉਂਦਾ ਹੈ। ਇਸ ਨਾਲ ਪਾਠਕ ਨੂੰ ਸਿਰਜਨਾ ਜਿਹਾ ਆਨੰਦ ਅਤੇ ਸਮੀਖਿਆ ਜਿਹੀ ਗੰਭੀਰਤਾ ਅਤੇ ਡੂੰਘਾਈ ਦਾ ਅਹਿਸਾਸ ਨਾਲੋ ਨਾਲ ਹੁੰਦਾ ਜਾਂਦਾ ਹੈ।

ਪੁਸਤਕ ਦਾ ਦੂਜਾ ਅਧਿਆਇ 'ਪੰਜਾਬ ਕਹਾਣੀ ਲੋਕਧਾਰਾਈ ਪਰਿਪੇਖ ਆਪਣੇ ਵਿਸ਼ੇ ਦੀ ਮੌਲਿਕਤਾ ਅਤੇ ਬਲਦੇਵ ਦੀ ਚਿੰਤਨੀ ਪਹੁੰਚ ਕਾਰਣ ਕਾਫ਼ੀ ਮਹੱਤਵਪੂਰਨ ਪਾਠ ਹੈ। ਲੋਕਧਾਰਾ ਨੂੰ ਵਸ਼ਿਸ਼ਟ ਸਾਹਿਤ ਦਾ ਅਹਿਮ ਸੂਤਰ ਮੰਨਦਿਆਂ ਇਸ ਪਾਠ ਵਿਚ ਉਸਦੀ ਦਿਲਚਸਪੀ ਪੰਜਾਬੀ ਕਹਾਣੀ ਵਿਚ ਲੋਕਧਾਰਾ ਅਤੇ ਵਿਸ਼ੇਸ਼ ਕਰਕੇ ਲੋਕ-ਕਥਾ ਦੀ ਪੁਨਰ-ਸਿਰਜਣਾ ਦੀਆਂ ਵਿਧੀਆਂ ਨੂੰ

ਸਮਝਣ ਦੀ ਹੈ। ਇਸ਼ ਪਾਠ ਵਿਚ ਵੀ ਉਹ ਕਿਸੇ ਦੌਰ ਵਿਸ਼ੇਸ਼ ਦੀ ਯੁੱਗ ਦ੍ਰਿਸ਼ਟੀ ਦੇ ਪਰਿਪੇਖ ਵਿਚ ਲੋਕ-ਕਥਾ ਨੂੰ ਵਰਤਣ ਆਉਂਦੀਆਂ ਤਬਦੀਲੀਆਂ ਨੂੰ ਮਿਸਾਲਾਂ ਦੇ ਕੇ ਸਪੱਸ਼ਟ ਕਰਦਾ ਹੈ। ਇਨ੍ਹਾਂ ਤਬਦੀਲੀਆਂ ਨੂੰ ਉਹ ਦ੍ਰਿਸ਼ਟਾਂਤਕ ਰੂਪਾਂਤਰਨ ਅਤੇ ਪ੍ਰਤਿਰੂਪਕ ਰੂਪਾਂਤਰਨ ਦੀਆਂ ਦੋ ਮੁੱਖ ਸ਼੍ਰੇਣੀਆਂ ਵਿਚ ਵੰਡਦੇ ਹੋਏ ਅੱਗੋ ਇਨ੍ਹਾਂ ਦੀਆਂ ਉਪ-ਸ਼੍ਰੇਣੀਆਂ ਦੀ ਸ਼ਨਾਖਤ ਕਰਦਾ ਹੈ। ਅਜਿਹੇ ਪਾਠ ਪੰਜਾਬੀ ਕਹਾਣੀ ਸਮੀਖਿਆ ਵਿਚ ਨਿਵੇਕਲੇ ਮਹੱਤਵ ਦੇ ਧਾਰਨੀ ਹਨ।

ਇਸੇ ਪ੍ਰਕਾਰ ਹੀ ਧਾਲੀਵਾਲ ਆਪਣੇ ਦ੍ਰਿਸ਼ਟੀਕੋਣ ਅਨੁਸਾਰ ਤੀਜੇ ਪੜਾਅ ਦੀ ਕਹਾਣੀ ਪਰਵਾਸੀ ਪੰਜਾਬੀ ਕਹਾਣੀ ਅਤੇ ਪਾਕਿਸਤਾਨੀ ਪੰਜਾਬੀ ਕਹਾਣੀ ਜਿਹੇ ਪਾਠਾਂ ਦੀ ਸਿਰਜਣਾ ਕਰਦਾ ਹੈ। ਇਨ੍ਹਾਂ ਕਹਾਣੀਆਂ ਪਿਛਲੇ ਪ੍ਰੇਰਕਾ ਦੀ ਨਿਸ਼ਾਨ ਦੇਹੀ ਕਰਦਿਆਂ ਉਹ ਜਿਸ ਫ਼ਲਸਫ਼ਾਨਾ ਸੂਝ ਦਾ ਸਬੂਤ ਦਿੰਦਾ ਹੈ ਤੇ ਉਹ ਪਾਠਕ ਦਾ ਉਚੇਚਾ ਧਿਆਨ ਖਿੱਚਦੀ ਹੈ। ਮਿਸਾਲ ਲਈ ਪਾਕਿਸਤਾਨੀ ਪੰਜਾਬੀ ਕਹਾਣੀ ਦੀ ਦ੍ਰਿਸ਼ਟੀ ਪਹਿਚਾਣ ਦਿਆਂ ਉਹ ਲਿਖਦਾ ਹੈ-

> **"ਪਾਕਿਸਤਾਨ ਦਾ ਇਸਲਾਮੀ ਦਰਸ਼ਨ, ਸਨਅਤੀ ਪਛੜੇਵਾਂ, ਰਾਜਨੀਤੀ ਦਾ ਤਾਨਾਸ਼ਾਹੀ ਸਿਸਟਮ (ਮਾਰਸ਼ਲ ਲਾਅ) ਅਤੇ ਵਿਸ਼ਵ ਮੰਡੀ ਉਤੇ ਕਾਬਜ਼ ਅਮਰੀਕੀ ਸਾਮਰਾਜ ਨਾਲ ਭਾਈਵਾਲੀ ਆਦਿ ਅਜਿਹੇ ਲੱਛਣ ਹਨ ਜਿਹੜੇ ਭਾਰਤ ਨਾਲੋਂ ਭਿੰਨਤਾ ਵਾਲੇ ਹਨ। ਉਪਰੋਕਤ ਸਮਾਨਤਾਵਾਂ ਅਤੇ ਵਿਲੱਖਣਤਾਵਾਂ ਦਾ ਦਵੰਦ ਹੀ ਪਾਕਿਸਤਾਨੀ ਵਿਸ਼ਵ-ਦ੍ਰਿਸ਼ਟੀ ਦਾ ਮੂਲ ਆਧਾਰ ਹੈ।**
> (ਪੰਨਾ122)

ਇਸੇ ਤਰਾਂ ਹੀ 'ਪੰਜਾਬੀ ਕਹਾਣੀ-ਨਵੇਂ ਨਕਸ਼' ਅਧਿਆਇ ਵਿਚ ਧਾਲੀਵਾਲ ਨੌਵੇਂ ਦਹਾਕੇ ਦੇ ਉੱਤਰ-ਅੱਧ ਤੋਂ ਪੰਜਾਬੀ ਕਹਾਣੀਕਾਰਾਂ ਦੇ ਉਭਰੇ ਨਵੇਂ ਪੋਚ ਦੇ ਕਹਾਣੀਕਾਰਾਂ ਦੀਆਂ ਕਹਾਣੀਆਂ ਦੇ ਆਧਾਰ ਉੱਪਰ ਤੀਜੇ ਪੜਾਅ ਦੀ ਕਹਾਣੀ ਤੋਂ ਵੱਖਰਤਾਵਾਂ ਦੇ ਸੂਤਰਾਂ ਨੂੰ ਤਲਾਸ਼ਣ ਦਾ ਯਤਨ ਕਰਦਾ ਹੈ। ਇਹ ਪਾਠ ਵੀ ਆਪਣੀ ਅਹਿਮੀਅਤ ਆਪ ਦ੍ਰਿੜਾਉਂਦਾ ਹੈ ਕਿਉਂਕਿ ਕਹਾਣੀ ਸਮੀਖਿਆ ਨਾਲ ਸੰਬੰਧਿਤ ਪੁਸਤਕਾਂ ਵਿਚ ਇਸ ਬਾਰੇ ਜਾਂ ਤਾਂ ਬਿਲਕੁੱਲ ਹੀ ਗੱਲ ਨਹੀਂ ਕੀਤੀ ਹੁੰਦੀ ਜਾਂ ਇਸ਼ਾਰੇ ਮਾਤਰ ਜ਼ਿਕਰ ਕਰਕੇ ਗੱਲ ਸਮੇਟ ਦਿੱਤੀ ਜਾਂਦੀ ਹੈ। ਧਾਲੀਵਾਲ ਜਿਸ ਤਰਾਂ ਇਸ ਪੜਾਅ ਦੀ ਕਹਾਣੀ ਨੂੰ ਸ਼੍ਰੇਣੀ ਬੱਧ ਕਰਕੇ ਕਹਾਣੀ ਦੀ ਵਿਕਾਸ ਪ੍ਰਕਿਰਿਆ ਨਾਲ ਇਸਦੇ ਜੁੜਦੇ, ਟੁੱਟਦੇ ਤੇ ਭਿੰਨ ਹੁੰਦੇ ਮਾਰਗ ਨੂੰ ਸਪੱਸ਼ਟ ਕਰਨ ਦਾ ਕਾਰਜ ਬਣਦਾ ਹੈ, ਉਹ ਉਸਦੀ ਪ੍ਰਾਪਤੀ ਬਣਦਾ ਹੈ।

ਸਮੁੱਚੇ ਰੂਪ ਵਿਚ ਇਹ ਪੁਸਤਕ ਪੰਜਾਬੀ ਕਹਾਣੀ ਸਮੀਖਿਆ ਸੰਬੰਧੀ ਮੁੱਲਵਾਨ ਪੁਸਤਕ ਹੈ। ਬੇਸ਼ੱਕ ਇਹ ਕਾਰਜ ਅਜੇ ਮੁਕੰਮਲ ਨਹੀਂ ਕਿਉਂਕਿ ਅਜੇ ਬਹੁਤ ਹੀ ਮਹੱਤਵਪੂਰਨ ਕਈ ਕਹਾਣੀਕਾਰ ਨਿਕਟ ਅਧਿਐਨ ਦਾ ਹਿੱਸਾ ਨਹੀਂ ਬਣ ਸਕੇ ਭਾਵੇਂ ਕਿ ਉਨ੍ਹਾਂ ਬਾਰੇ ਥੋੜ੍ਹੀ ਬਹੁਤ ਗੱਲਬਾਤ ਹੋਈ ਹੈ। ਸਮੀਖਿਆ ਵਿਚ ਸਿਰਜਣਾ ਦਾ ਸੁਆਦ ਤੇ ਗਹਿਰਾਈ ਦਿੰਦੀ ਇਸ ਪੁਸਤਕ ਨੂੰ ਪਾਠਕਾਂ ਵੱਲੋਂ ਭਰਪੂਰ ਹੁੰਗਾਰਾ ਮਿਲਣ ਦੀ ਆਸ ਕਰਨੀ ਬਣਦੀ ਹੈ। ਚੇਤਨਾ ਪ੍ਰਕਾਸ਼ਨ ਨੇ ਮਿਆਰੀ ਪੁਸਤਕ ਨੂੰ ਵਧੀਆ ਦਿੱਖ ਪ੍ਰਦਾਨ ਕਰਕੇ ਆਪਣੇ ਮਿਆਰ ਨੂੰ ਉੱਚਾ ਚੁੱਕਿਆ ਹੈ।

*—ਡਾ. ਸੁਖਪਾਲ ਸਿੰਘ ਥਿੰਦ*



## *ਖਿਆਲ ਆਪੋ ਆਪਣਾ*

'ਚਿਰਾਗ ਦਾ ਚੀਨੀ ਸਾਹਤ ਵਿਸ਼ੇਸ਼ ਅੰਕ ਹੱਥ ਲੱਗਾ ਸੀ> ਇਸ ਉਦਮ ਤੇ ਤੁਹਾਨੂੰ ਮੁਬਾਰਕ' ਤੁਹਾਡੀ ਲਗਨ, ਮਿਹਨਤ ਤੇ ਸਿਦਕ ਦਿਲੀ ਦੀ ਲਟਕ ਤੁਹਾਡੀ ਸ਼ਖਸੀਅਤ ਦਾ ਉਘਾੜ ਹੈ। ਕੁਚਲੇ ਦੱਬੇ ਵਰਗ ਲਈ ਉਤਸ਼ਾਹ ਤੇ ਮਾਰਗ ਦਰਸ਼ਨ ਤੁਹਾਡੀ ਸਿਹਤ ਤੁਹਾਨੂੰ ਇਸ ਕਰਮ ਲਈ ਸਾਥ ਦੇਵੇ, ਮੇਰੀ ਇਛਾ ਹੈ। 'ਗਰਮੀਆਂ ਦਾ ਤਜਰਬਾ' ਚੰਗੀ ਕਹਾਣੀ ਹੈ। ਇਸ ਦਾ ਵਿਸ਼ਾ ਵੀ ਸਾਰਥਿਕ ਹੈ। ਸੂਫ਼ੀ ਅਮਰਜੀਤ ਜੀ ਦਾ ਵਾਦ ਵਿਵਾਦ ਵੀ ਠੀਕ ਪੈਂਤੜੇ ਤੇ ਹੈ। *-(ਕੁਲਵੰਤ ਸਿੰਘ ਸੂਫ਼ੀ ਅੰਮ੍ਰਿਤਸਰ)*

ਚਿਰਾਗ਼ ਦਾ ਚੀਨ ਅੰਕ ਬਹੁਤ ਹੀ ਵਧੀਆ ਤੇ ਅਲੱਗ (Unique) ਲੱਗਾ ਹੈ। ਖਾਸ ਕਰ ਦੋਵੇਂ ਕਹਾਣੀਆਂ। 'ਇਕ ਆਜੜੀ ਦੀ ਕਹਾਣੀ' ਵਿਚਲੇ ਜੀਵਨ ਬਿਰਤਾਂਤ ਨੇ ਤਾਂ ਪਾਠਕ ਨੂੰ ਵੀ ਆਪਣੇ ਨਾਲ ਜੀਵਾਅਲਿਆ। *-(ਕਸ਼ਮੀਰ ਨੀਰ)*

ਇਸ ਵਾਰ ਰਟ ਤੋਂ ਹਟਵਾਂ ਚਿਰਾਗ਼ ਦਾ ਚੀਨ ਨੰਬਰ ਪਸੰਦ ਆਇਆ। ਟਾਈਟਲ ਵਾਲੀ ਚੀਨੀ ਪ੍ਰਭਾਵ ਵਾਦੀ (impressionistic) ਪੇਂਟਿੰਗ ਵੀ ਪ੍ਰਭਾਵਸ਼ਾਲੀ ਹੈ। ਚਿਰਾਗ 'ਚ ਛਪਦੀਆਂ ਪਾਕਿਸਤਾਨੀ ਲਿਖਤਾਂ ਬੜੇ ਹਲਕੇ ਪੱਧਰ ਦੀਆਂ ਹੁੰਦੀਆਂ। ਉਨ੍ਹਾਂ ਨਾਲੋਂ ਤਾਂ ਆਪਣੇ ਪਾਸੇ ਦੀਆਂ ਨਵੀਆਂ ਕਰੂੰਬਲਾ ਚੰਗਾ ਲਿਖਦੀਆਂ ਹਨ। ਉਨ੍ਹਾਂ ਦਾ ਬਿਆਨ ਵੀ ਬਹੁਤ ਪ੍ਰਪਰਕ ਤੇ ਘਿਸਿਆ ਪਿਟਿਆ ਹੁੰਦਾ। *-(ਅਜਾਇਬ ਕਮਲ)*

ਮੁਬਾਰਕ ਖਾਸ ਕਰਕੇ, ਇਸ ਲਈ ਕਿ ਮੈਂ ਇਕ ਪਾਠਕ ਦੇ ਨਾਤੇ ਦੇ ਰਿਹਾ ਹਾਂ। ਆਪ ਚੀਨੀ ਸਾਹਿਤ ਵਿਸ਼ੇਸ਼ ਅੰਕ ਨੂੰ ਹਰ ਪੱਖੋਂ ਭਰਪੂਰ ਬਣਾ ਦਿੱਤਾ ਹੈ। ਇਹ ਸੋਹਣਾ ਵੀ ਹੈ ਸੋਹਣੇ ਰੰਗਦਾਰ ਟਾਈਟਲ ਦੇ ਨਾਲ ਇਸ ਦੀ ਸੁੰਦਰਤਾ ਵਿਚ ਨਿਖਾਰ ਆ ਗਿਆ ਹੈ। ਇਹ ਵਿਸ਼ੇ ਵਸਤੂ ਦੇ ਪੱਖ ਤੋਂ ਨਿਰਸੰਦਿਹ ਕਿਸੇ ਪਾਸਿਉਂ ਊਣਾ ਨਹੀਂ ਹੈ। (ਬੇਸ਼ਕ ਇਸ ਨੂੰ ਸਿਰਜਣ ਵਿਚ ਤਿੰਨ ਸੰਪਾਦਕੀ ਮੰਡਲ ਦੇ ਮੈਂਬਰਾਂ ਦਾ ਹੀ ਯੋਗਦਾਨ ਹੈ) ਪਰ ਇਹ ਫਿਰ ਵੀ ਵਿਸ਼ੇ ਵੰਨਗੀ ਦੇ ਪੱਖ ਤੋਂ ਬਿਲਕੁਲ ਊਣਾ ਨਹੀਂ ਜਾਪਦਾ। ਸਭ ਤੋਂ ਪਹਿਲਾਂ ਲੰਬੀ ਕਹਾਣੀ, ਕਵਿਤਾਵਾਂ ਅਤੇ ਚੀਨ ਦੀ ਅਜੋਕੀ ਸਥਿਤੀ ਬਾਰੇ ਰਾਜਨੀਤਕ-ਆਰਥਿਕ ਪੱਖ ਤੋਂ (ਭਾਵੇਂ ਰੁੱਖਾ) ਲੇਖ ਵੀ ਪਾਠਕ ਨੂੰ ਚੀਨ ਬਾਰੇ ਜਾਣਨ ਦੀ ਉਤਸੁਕਤਾ ਪੈਦਾ ਕਰਨ ਦੇ ਨਾਲ ਨਾਲ ਸੰਸਾਰ ਦੇ ਬਦਲਦੇ ਸੰਦਰਭ ਵਿਚ ਤੇ ਸੋਵੀਅਤ ਸਮਾਜਵਾਦ ਦੇ ਵਿਗਠਣ ਤੋਂ ਪਿੱਛੋਂ, ਸਮਾਜਵਾਦ ਦੀ ਭਾਵਪੂਰਨਾ ਤੇ ਹੋਂਦ ਦਾ ਅਹਿਸਾਸ ਜਾ ਕਰਵਾਉਂਦਾ ਹੈ। ਮੇਰੇ ਵਿਚਾਰ ਵਿਚ ਪਿਛਲੇ ਦਸਾਂ ਸਾਲਾਂ ਵਿਚ ਪੰਜਾਬੀ ਪਾਠਕਾਂ ਨੂੰ ਸਮਾਜਵਾਦ ਦੀ ਨਿਰਣਾਇਕ ਭੂਮਿਕਾ ਪੇਸ਼ ਕਰਨ ਵਾਲਾ, ਬੇਸ਼ਕ ਸੀਮਤ ਰੂਪ ਵਿਚ ਹੀ, ਇਹ ਪੰਜਾਬੀ ਸਾਹਿਤ ਦਾ ਇਕੋ ਇਕ ਅੰਕ ਆਖਿਆ ਜਾ ਸਕਦਾ ਹੈ। ਬਹੁਤ ਸਾਰੇ ਸਮਾਜਵਾਦ ਦੇ 'ਹਸਤਾਖਰ' ਸਾਹਿਤਕਾਰ ਹੀ ਅਣਮੰਨਵੇਂ ਜਿਹੇ ਘੁਸਮੁਸਾ ਜਿਹਾ ਸਮਾਜਵਾਦੀ ਰਾਗ ਅਲਾਪ ਰਹੇ ਹਨ, ਜ਼ਰੂਰ ਸੋਚਣ ਲਈ ਮਜਬੂਰ ਹੋਣਗੇ। ਉਤਰ ਆਧੁਨਿਕਤਾ ਦੇ ਲਾਈ ਲੱਗ, ਜਿਨ੍ਹਾਂ ਲਈ ਕੈਨੇਡਾ ਦੇ ਇਕ ਅਖਬਾਰ ਨਵੀਸ ਨੇ (modern Mindless Consum erists) ਦਾ ਨਾਂ ਦਿੱਤਾ ਹੈ, ਦੇ ਸ਼ਿਕਾਰ ਚਿਰਾਗ਼ ਦੇ ਇਸ ਅੰਕ ਉਪਰ ਹੱਸ ਵੀ ਸਕਦੇ ਹਨ ਪਰ ਉਹਨਾਂ ਦੀ ਬਾਂਦਰ-ਸਮਝ ਉਪਰ ਸਾਨੂੰ ਤਾਂ ਜ਼ਰੂਰ ਹੱਸਣਾ ਚਾਹੀਦਾ ਹੈ। ਕਿਉਂਕਿ ਉਹਨਾਂ ਦੀ ਉਤਰ ਆਧੁਨਿਕਤਾ ਦੀ 'ਨਵੀਂ ਦ੍ਰਿਸ਼ਟੀ' ਇੰਨੇ ਬਚਪਨ ਵਿਚ ਹੀ ਫੌਤ ਹੋ ਗਈ ਹੈ ਕਿ ਕਿਸੇ ਨੂੰ ਉਹਨਾਂ ਦੀ ਦ੍ਰਿਸ਼ਟੀ ਦੇ ਮੁਹਾਂਦਰੇ ਨੂੰ ਯਾਦ ਰੱਖਣਾ ਵੀ ਔਖਾ ਜਾਪਦਾ ਹੈ। *-(ਆਗਿਆਤ ਪਾਠਕ)*

'ਚਿਰਾਗ਼' ਆਪਣੇ ਕਦਮ ਬੜੀ ਪੁਖ਼ਤਗੀ ਨਾਲ ਵਧਾ ਰਿਹਾ ਹੈ। ਹਰ ਅੰਕ ਵਿਚ ਸੰਪਾਦਕੀ ਮੰਡਲ ਦੀ ਮਿਹਨਤ ਮੂੰਹੋਂ ਬੋਲਦੀ ਹੈ। 'ਚੀਨੀ ਸਾਹਿਤ ਵਿਸ਼ੇਸ਼ ਅੰਕ' ਕੱਢ ਕੇ ਤੁਸਾਂ ਬੜਾ ਵਧੀਆ ਕੰਮ ਕੀਤਾ ਹੈ। ਸਾਰਾ ਮੈਟਰ ਹੀ ਸਲਾਹੁਣ ਯੋਗ ਸੀ ਪਰ ਫਿਰ ਵੀ 'ਇਕ ਆਜੜੀ ਦੀ ਕਹਾਣੀ' ਨੇ ਬਹੁਤ ਪ੍ਰਭਾਵਿਤ ਕੀਤਾ। ਡਾ. ਕਰਨਜੀਤ ਸਿੰਘ ਹੋਰਾਂ ਦਾ ਅਨੁਵਾਦ ਵੀ ਵਧੀਆ ਰਿਹਾ। ਸੂਫ਼ੀ ਅਮਰਜੀਤ ਦੇ ਵਾਦ ਵਿਵਾਦ ਵਾਲੇ ਲੇਖ ਵਿਚੋਂ ਵੀ ਚੀਨੀ ਸਮਾਜ ਬਾਰੇ ਬੜੀ ਮਹੱਤਵਪੂਰਨ ਅਤੇ ਲਾਹੇਵੰਦੀ ਜਾਣਕਾਰੀ ਮਿਲੀ। *-(ਸੁਖਪਾਲ ਸਿੰਘ ਥਿੰਦ (ਜਲੰਧਰ)*

## ਪੁਸਤਕ ਪ੍ਰਾਪਤੀ

1. ਇਕ ਅਜੂਬਾ ਹੋਰ (ਮਿੰਨੀ ਕਹਾਣੀਆਂ) ਸੰਪਾਦਕ, ਕਰਮਜੀਤ ਸਿੰਘ ਆਹਲੂਵਾਲੀਆ, ਅਮਨਦੀਪ ਪ੍ਰਕਾਸ਼ਨ-ਮੁੱਲ 100/- ਪੰਨੇ 128
2. ਨਜ਼ਮ ਕਦੋਂ ਚੁੱਪ ਸੀ (ਕਵਿਤਾ) ਜੈ ਪਾਲ, ਪੰਨਾ-72, ਮੁੱਲ 60/- ਚੇਤਨਾ ਪ੍ਰਕਾਸ਼ਨ ਲੁਧਿਆਣਾ।
3. ਕੈਦੋਂ ਵਜਾਵੇ ਵੰਝਲੀ (ਨਜ਼ਮਾਂ) ਜੋਗੇ ਭੰਗਲ, ਮੁੱਲ 50/- ਪੰਨੇ 72, ਵਿਸ਼ਵ ਭਾਰਤੀ ਪ੍ਰਕਾਸ਼ਨ ਬਰਨਾਲਾ।
4. ਆਪਣੀ ਆਪਣੀ ਲੋਅ (ਨਜ਼ਮਾਂ) ਅਮਰਜੀਤ ਕਸਕ, ਪੰਨੇ 96, ਮੁੱਲ 60/-, ਜੁਝਾਰ ਪਬਲੀਕੇਸ਼ਨ, ਨਾਭਾ।
5. ਸੁਲਗਦਾ ਕਰਜ਼ (ਕਵਿਤਾ) ਸ਼ਿਵਿਕਾ ਸਫੇ 72, ਮੁੱਲ 100/- ਅਨਹਦ ਪਬਲੀਕੇਸ਼ਨ, ਪਟਿਆਲਾ
6. ਧਰਤ-ਗ੍ਰਹਿਣ (ਕਵਿਤਾ) ਹਰਭਜਨ ਸਿੰਘ ਕਮਲ, ਮੁੱਲ 100/-, ਪੰਨੇ 88, ਸੁਮੀਤ ਪ੍ਰਕਾਸ਼ਨ, ਕਰਨਾਲ।
7. ਧਰਮ, ਰੱਬ ਤੇ ਮਨੁੱਖ (ਲਾਲਾ ਹਰਦਿਆਲ ਦੇ ਲੇਖ ਦੇ ਅਨੁਵਾਦ) ਅਮਨਪਾਲ ਸਾਰਾ-ਬਲਰਾਜ ਸਾਹਨੀ ਯਾਦਗੀਰੀ ਪ੍ਰਕਾਸ਼ਨ, ਚੰਡੀਗੜ੍ਹ-ਮੁੱਲ 10/- ਸਫੇ 32।
8. ਆਧੁਨਿਕ ਪੰਜਾਬੀ ਕਹਾਣੀ (ਆਲੋਚਨਾ) ਡਾ. ਬਲਦੇਵ ਸਿੰਘ ਚੀਮਾ ਮੁੱਲ 200/- ਪੰਨੇ 236, ਚੇਤਨਾ ਪ੍ਰਕਾਸ਼ਨ ਲੁਧਿਆਣਾ।
9. ਭੂਰਿਆਂ ਵਾਲੇ (ਦੋ ਨਾਵਲੈਟ) ਬਲਵੀਰ ਪ੍ਰਵਾਨਾ, ਪੰਨੇ-80/- ਮੁੱਲ 20/- ਦਸਤਕ ਪ੍ਰਕਾਸ਼ਨ, ਜਲੰਧਰ।
10. ਨਰ ਬਲੀ (ਕਹਾਣੀਆਂ) ਮਨਮੋਹਨ ਬਾਵਾ, ਪੰਨੇ 156, ਮੁੱਲ 100/- ਚੇਤਨਾ ਪ੍ਰਕਾਸ਼ਨ, ਲੁਧਿਆਣਾ।
11. ਕਿਉੜੇ ਦੀ ਖੁਸ਼ਬੂ (ਕਹਾਣੀਆਂ) ਚੇਤਨ ਸਿੰਘ, ਪੰਨੇ 72, ਮੁੱਲ 50/- ਵਿਸ਼ਵ ਭਾਰਤੀ ਪ੍ਰਕਾਸ਼ਨ, ਬਰਨਾਲਾ।
12. ਅਹਿਸਾਸ ਦੇ ਰੰਗ (ਕਵਿਤਾ) ਜਸਬੀਰ ਕਿਰਨ, ਮੁੱਲ 100/- ਪੰਨੇ-80, ਅਨਹਦ ਪਬਲੀਕੇਸ਼ਨ, ਪਟਿਆਲਾ।
13. ਐਸ. ਤਰਸੇਮ-ਗ਼ਜ਼ਲ ਚੇਤਨਾ (ਆਲੋਚਨਾ) ਨਰਿੰਦਰ ਕੌਰ, ਮੁੱਲ 100/-, ਪੰਨੇ 104 ਪੰਜਾਬੀ ਕਲਾ-ਕੇਂਦਰ, ਮਲੇਰ ਕੋਟਲਾ।
14. ਪੌਣਾ ਦੇ ਰੰਗ (ਗਜ਼ਲਾਂ) ਦਰਸ਼ਨ ਗਿੱਲ, ਮੁੱਲ 80/-, ਪੰਨੇ 80, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ।
15. ਚੀਚੋ ਚੀਚ ਗਨੇਰੀਆਂ (ਲਹਿੰਦੇ ਤੇ ਚੜ੍ਹਦੇ ਪੰਜਾਬ ਦੇ ਕਵੀਆਂ ਦੀਆਂ ਬਾਲਕਾਂ ਲਈ ਕਵਿਤਾਵਾਂ) ਪੰਜਾਬੀ ਸੱਥ, ਲਾਂਬੜਾ (ਜਲੰਧਰ) ਪੰਨੇ 112, ਮੁੱਲ 50/-।
16. ਤੀਸਰਾ ਬਣਬਾਸ (ਕਵਿਤਾਵਾਂ) ਨ.ਸ. ਰਤਨ ਚੇਤਨਾ ਪ੍ਰਕਾਸ਼ਨ, ਲੁਧਿਆਣਾ।
17. ਚੋਣਵੀਆਂ ਕਹਾਣੀਆਂ (ਜੋਗਿੰਦਰ ਸਿੰਘ ਨਿਰਾਲਾ) ਵਿਸ਼ਵ ਭਾਰਤੀ ਪ੍ਰਕਾਸ਼ਨ ਬਰਨਾਲਾ – ਪੰਨੇ 96 ਮੁੱਲ 30/-
18. ਦਖਦੇ ਅਹਿਸਾਸ ਨਿਰੰਜਣ ਸਿੰਘ ਸੈਲਾਨੀ, ਕਵਿਤਾ ਮੁੱਲ 50/- ਪੰਨੇ 60 ਸਿਲਸਿਲਾ ਪਬਲੀਕੇਸ਼ਨ ਸਰਹਿੰਦ।
19. ਕੈਨਵਸ ਲਈ ਭਟਕਦੇ ਰੰਗ (ਕਵਿਤਾ) ਸਾਂਵਲ ਧਾਮੀ ਮੁੱਲ 40/- ਪੰਨੇ 42 ਕੁਕਨੁਸ ਪ੍ਰਕਾਸ਼ਨ ਜਲੰਧਰ




*[illegible], [illegible], [illegible] ਤੇ [illegible] ਸਾਹਿਤ ਦਾ ਪ੍ਰਕਾਸ਼ਨ ਅਦਾਰਾ*

# ਚੇਤਨਾ ਪ੍ਰਕਾਸ਼ਨ

ਪੰਜਾਬੀ ਭਵਨ, ਲੁਧਿਆਣਾ

*Ph : 413613 (O), 459645 (R)*

*ਨਵੀਆਂ ਛਪ ਰਹੀਆਂ ਪੁਸਤਕਾਂ*

- ਸੰਤ ਰਾਮ ਉਦਾਸੀ : ਜੀਵਨ ਤੇ ਰਚਨਾ
- ਬੇਵਸ ਪਰਿੰਦੇ (ਨਾਵਲ) : ਡਾ. ਬਲਬੀਰ ਸਿੰਘ ਸ਼ਾਹ
- ਬੋਲ ਮਿੱਟੀ ਦੇ ਬਾਵਿਆ : ਗੁਰਭਜਨ ਗਿੱਲ
- ਬੋਲ ਧਰਤੀਏ ਬੋਲ : ਗੁਰਭਜਨ ਗਿੱਲ
- ਢਲਦੇ ਪਰਛਾਵੇਂ : ਕਲਾਸੀਕਲ ਰੂਸੀ ਨਾਵਲਿਟ
- ਸੰਪੂਰਨ ਪਾਸ਼ ਕਾਵਿ : ਸੰ. ਸੁਰਿੰਦਰ ਧੰਜਲ
- ਥੀਏਟਰ ਦੇ ਥੰਮ੍ਹ : ਕਮਲੇਸ਼ ਉੱਪਲ
- ਸੁਨਹਿਰਾ ਗੁਲਾਬ : ਅਨੁ : ਸੁਖਬੀਰ
- ਆਨੰਦ ਮੱਠ : ਅਨੁ : ਸ਼ਾਹ ਚਮਨ

ਇਕ ਅਹਿਮ ਇਤਿਹਾਸਕ ਦਸਤਾਵੇਜ਼
**ਸ਼ਹੀਦ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੀਆਂ ਲਿਖਤਾਂ**

ਸੰਘਰਸ਼ ਦੇ ਸੌ ਵਰ੍ਹੇ
ਕੈਨੇਡਾ ਦੀ ਪ੍ਰਗਤੀਸ਼ੀਲ ਲਹਿਰ ਦੇ ਸੌ ਵਰ੍ਹੇ
ਲੇਖਕ : ਸੁਖਵੰਤ ਹੁੰਦਲ, ਸਾਧੂ ਬਿਨਿੰਗ

ਨਵੀਂ ਪੰਜਾਬੀ ਕਵਿਤਾ : ਪਛਾਣ ਚਿੰਨ੍ਹ, ਚਿਰਾਂ ਤੋਂ ਉਡੀਕੀ ਜਾ ਰਹੀ
ਡਾ. ਜਸਵਿੰਦਰ ਸਿੰਘ ਦੀ ਪੁਸਤਕ

ਔਰਤ ਦੀ ਤ੍ਰਾਸਦਿਕ ਸਥਿਤੀ ਨੂੰ ਚਿਤਰਦਾ-ਜਗਦੀਸ਼ ਸਚਦੇਵਾ ਦਾ ਨਾਟਕ
**ਸਾਵੀ**

ਕਥਾ ਕੈਨੇਡਾ
ਕੈਨੇਡਾ ਦੀਆਂ ਪ੍ਰਤਿਨਿਧ ਕਹਾਣੀਆਂ
ਸੰਪ : ਸੁਖਵੰਤ ਹੁੰਦਲ, ਸਾਧੂ ਬਿਨਿੰਗ

ਬੂਟਾ ਸਿੰਘ ਅਸ਼ਾਂਤ ਦੁਆਰਾ ਰਚਿਤ ਗ਼ਜ਼ਲ ਸੰਗ੍ਰਿਹ
**ਚਾਨਣੀ ਦਾ ਬੂਹਾ**

ਪ੍ਰਤਿਨਿਧ ਕਥਾਕਾਰ ਅਤਰਜੀਤ ਦਾ ਨਵਾਂ ਕਥਾ ਸੰਗ੍ਰਿਹ
**ਤੀਜਾ ਯੁੱਧ**

ਪਰਵਾਸੀ ਮਾਨਸਿਕਤਾ ਦਾ ਪੇਸ਼ਕਾਰ ਰਣਧੀਰ ਸਿੰਘ ਨਿਊਯਾਰਕ ਦਾ ਕਾਵਿ ਸੰਗ੍ਰਿਹ
**ਮਾਂ ਮੁਹੱਬਤ**

ਇਤਿਹਾਸ ਮਿਥਿਹਾਸ ਦੀਆਂ ਪਰਤਾਂ ਫਰੋਲਦਾ-ਮਨਮੋਹਨ ਬਾਵਾ ਦਾ ਕਥਾ ਸੰਗ੍ਰਿਹ
**ਨਰ-ਬਲੀ**

ਨਵੀਂ ਪੰਜਾਬੀ ਗ਼ਜ਼ਲ ਦਾ ਨਵਾਂ ਨਕੋਰ ਮੁਹਾਂਦਰਾ-ਸ਼ਾਇਰ ਸ਼ੇਖ਼ਰ ਦੀ ਨਵੀਂ ਗ਼ਜ਼ਲ ਕਿਤਾਬ
**ਮੁੰਦਰਾਂ**

ਪ੍ਰਤੀਨਿਧ ਕਥਾਕਾਰ ਵਰਿਆਮ ਸਿੰਘ ਸੰਧੂ ਦੀ ਨਵੀਂ ਕਥਾ-ਪੁਸਤਕ
**ਚੌਥੀ ਕੂਟ**

ਪੰਜਾਬੀ ਨਾਟ ਸਾਹਿਤ ਵਿੱਚ ਜ਼ਿਕਰਯੋਗ ਵਾਧਾ-ਸ਼ਾਇਰ ਸਵਰਾਜਬੀਰ ਦੀ ਪਲੇਠੀ ਨਾਟ ਰਚਨਾ
**ਧਰਮ ਗੁਰੂ**

ਪ੍ਰਤੀਨਿਧ ਸ਼ਾਇਰ ਮੋਹਨਜੀਤ ਦੀ ਨਵੀਂ ਕਾਵਿ-ਕਿਤਾਬ
**ਉਹਲੇ ਵਿੱਚ ਉਜਿਆਰਾ**

ਪ੍ਰਸਿੱਧ ਸ਼ਾਇਰ ਜੋਗਾ ਸਿੰਘ ਦੀ ਨਵੀਂ ਅਤੇ ਅੰਤਮ ਕਾਵਿ-ਕਿਤਾਬ
**ਸਬੂਤੀ ਅਲਵਿਦਾ**

ਨਵੀਂ ਪੰਜਾਬੀ ਸ਼ਾਇਰੀ ਦੀਆਂ ਕੁਝ ਪੁਸਤਕਾਂ :
- ਮੇਰੀ ਮਾਰਫ਼ਤ-ਪ੍ਰਮਿੰਦਰਜੀਤ
- ਤੀਸਰਾ ਬਨਵਾਸ-ਨ੍ਰਿਪਇੰਦਰ ਰਤਨ
- ਤੇਰੇ ਜਾਣ ਤੋਂ ਬਾਦ-ਪਰਮਿੰਦਰ ਸੋਢੀ

ਡਾ. ਰਵਿੰਦਰ ਸਿੰਘ ਰਵੀ ਦਾ ਚਿੰਤਨ ਸ਼ਾਸਤਰ
ਸੰਪ. ਹਰਿਭਜਨ ਸਿੰਘ ਭਾਟੀਆ

Chiragh Quarterly January-March, 2001

Registered with the Registrar of News-Papers of India

No – PUN-PUN O 2776/AL/TC/94

# ਸਾਡੀਆਂ ਪ੍ਰਕਾਸ਼ਨਾਵਾਂ

## ਕਹਾਣੀ ਸੰਗ੍ਰਹਿ

| | | |
|---|---|---|
| ਚੋਣਵੀਆਂ ਕਹਾਣੀਆਂ | ਪ੍ਰੇਮ ਪ੍ਰਕਾਸ਼ | 30/- |
| ਚੋਣਵੀਆਂ ਕਹਾਣੀਆਂ | ਵਰਿਆਮ ਸਿੰਘ ਸੰਧੂ | 30/- |
| ਚੋਣਵੀਆਂ ਕਹਾਣੀਆਂ | ਜਸਵੰਤ ਸਿੰਘ ਵਿਰਦੀ | 30/- |
| ਮਾਲਵਾ ਤੇ ਹੋਰ ਕਹਾਣੀਆਂ | ਮੈਕਸਿਮ ਗੋਰਕੀ | 30/- |
| ਊਣੇ | ਗੁਰਮੀਤ ਕੜਿਆਲਵੀ | 40/- |
| ਪਾਕਿਸਤਾਨੀ ਪੰਜਾਬੀ ਕਹਾਣੀ | ਲਿਪੀ. ਜਤਿੰਦਰਪਾਲ ਜੌਲੀ | 30/- |
| ਪਾਕਿਸਤਾਨੀ ਉਰਦੂ ਕਹਾਣੀ | ਅਨੁ. ਓ. ਪ੍ਰ. ਪਨਾਹਗੀਰ | 30/- |

## ਨਾਵਲ

| | | |
|---|---|---|
| ਪੰਧ | ਅਫ਼ਜ਼ਲ ਅਹਿਸਨ ਰੰਧਾਵਾ | 30/- |
| ਇਕ ਸਮੁੰਦਰ ਪਾਰ | ਮੀਰ ਤਨਹਾ ਯੂਸਫ਼ੀ | 30/- |
| ਕਮਜ਼ਾਤ | ਫ਼ਖ਼ਰ ਜ਼ਮਾਨ | 30/- |
| ਬੁੱਢਾ ਜੋ ਇਸ਼ਕੀਆ ਕਹਾਣੀਆਂ ਪੜ੍ਹਦਾ | ਲੂਈਸ ਸੈਪਲ ਵੈਦਾ | 30/- |
| ਧੁਖਦਾ ਗੋਹਟਾ | ਹਰਨੇਕ ਹੇਅਰ | 40/- |
| ਪਰਾਈ ਧਰਤੀ | ਇਕਬਾਲ ਅਰਪਨ | 40/- |

## ਕਾਵਿ-ਸੰਗ੍ਰਹਿ

| | | |
|---|---|---|
| ਭੋਇ | ਰਾਮ ਸਿੰਘ ਚਾਹਲ | 40/- |
| ਤ੍ਰਿਪਤੀ | ਜਸਬੀਰ ਕੌਰ ਰਾਏ | 40/- |
| ਕੈਨਵਸ ਲਈ ਭਟਕਦੇ ਰੰਗ | ਸਾਂਵਲ ਧਾਮੀ | 40/- |
| ਨਿਰਵਾਣ | ਹਰਕੇਵਲ ਸਿੰਘ ਕੇਵਲ | 40/- |

*ਪ੍ਰਕਾਸ਼ਕ : ਰਾਜਿੰਦਰ ਬਿਮਲ*
*ਕੁਕਨੁਸ ਪ੍ਰਕਾਸ਼ਨ*
*ਐਨ. ਐਮ. 451, ਮੁਹੱਲਾ ਕਰਾਰ ਖਾਂ,*
*ਨੇੜੇ ਚੌਕ ਬੋਹੜ ਵਾਲਾ, ਜਲੰਧਰ*
*ਫੋਨ : 0181-214028 (ਘਰ)*

ਪ੍ਰਿੰਟਰ, ਮਾਲਕ ਤੇ ਪਬਲਿਸ਼ਰ ਡਾ. ਅਨੂਪ ਸਿੰਘ ਨੇ ਵਾਈਟ ਕ੍ਰਾੱਸ ਪ੍ਰਿੰਟਰਜ਼, ਜਲਧਰ ਤੋਂ ਛਪਵਾ ਕੇ 219, ਭਾਈ ਦਿੱਤ ਸਿੰਘ ਨਗਰ ਜਲੰਧਰ ਤੋਂ ਪ੍ਰਕਾਸ਼ਤ ਕੀਤਾ। ਫੋਨ : 226877